ਸੋਮਵਾਰ, 15 ਮਈ, 2023
1 ਜੇਠ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 344

# ਨਵਾਂ ਜ਼ਮਾਨਾ

DAILY NAWAN ZAMANA • MONDAY, 15 MAY, 2023

ਜਲੰਧਰ

nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਬਹੁਤਾ ਚਾਅ ਹੈ ਤਾਂ ਫੌਜ ਆਪਣੀ ਪਾਰਟੀ ਬਣਾ ਲਵੇ : ਇਮਰਾਨ



**ਲਾਹੌਰ** : ਅਦਾਲਤ ਵੱਲੋਂ ਆਜ਼ਾਦ ਕਰਨ ਤੋਂ ਬਾਅਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਤਾਕਤਵਰ ਫੌਜ 'ਤੇ ਵਰ੍ਹਦਿਆਂ ਕਿਹਾ ਕਿ ਇਸ ਨੂੰ ਸਿਆਸਤ 'ਚ ਕੁੱਦਣ 'ਤੇ ਸ਼ਰਮ ਆਉਣੀ ਚਾਹੀਦੀ ਹੈ। ਬਹੁਤਾ ਚਾਅ ਹੈ ਤਾਂ ਆਪਣੀ ਸਿਆਸੀ ਪਾਰਟੀ ਬਣਾ ਲਵੇ। ਉਨ੍ਹਾ ਆਪਣੇ ਵਿਰੁੱਧ ਇੰਟਰ-ਸਰਵਿਸ ਪਬਲਿਕ ਰਿਲੇਸ਼ਨਜ਼ (ਆਈ ਐੱਸ ਪੀ ਆਰ) ਵੱਲੋਂ ਲਾਏ ਦੋਸ਼ਾਂ ਦਾ ਸਖਤ ਨੋਟਿਸ ਲੈਂਦਿਆਂ ਕਿਹਾ ਕਿ ਫੌਜ ਦਾ ਇਹ ਮਿਲਟਰੀ ਵਿੰਗ ਉਦੋਂ ਪੈਦਾ ਵੀ ਨਹੀਂ ਹੋਇਆ ਸੀ, ਜਦੋਂ ਉਨ੍ਹਾ ਦੁਨੀਆ ਵਿਚ ਪਾਕਿਸਤਾਨ ਦੀ ਨੁਮਾਇੰਦਗੀ ਕੀਤੀ। ਉਨ੍ਹਾ ਕੌਮ ਨੂੰ ਖਿਤਾਬ ਕਰਦਿਆਂ ਕਿਹਾ—ਮੈਂ ਪਾਕਿਸਤਾਨ ਦਾ ਦੁਨੀਆ ਵਿਚ ਝੰਡਾ ਬੁਲੰਦ ਕੀਤਾ। ਆਈ ਐੱਸ ਪੀ ਆਰ ਨੇ ਕਦੇ ਇਸ ਤਰ੍ਹਾਂ ਦਾ ਬਿਆਨ ਨਹੀਂ ਦਿੱਤਾ। ਤੁਹਾਨੂੰ ਖੁਦ 'ਤੇ ਸ਼ਰਮਸ਼ਾਰ ਹੋਣਾ ਚਾਹੀਦਾ ਹੈ। ਤੁਸੀਂ ਸਿਆਸਤ 'ਚ ਕੁੱਦੇ ਹੋ। ਤੁਸੀਂ ਸਿਆਸੀ ਪਾਰਟੀ ਕਿਉਂ ਨਹੀਂ ਬਣਾ ਲੈਂਦੇ? ਆਈ ਐੱਸ ਪੀ ਆਰ ਦੇ ਡਾਇਰੈਕਟਰ ਜਨਰਲ ਮੇਜਰ ਜਨਰਲ ਅਹਿਮਦ ਸ਼ਰੀਫ ਚੌਧਰੀ ਨੇ ਇਮਰਾਨ ਨੂੰ ਦੰਭੀ ਦੱਸਿਆ ਸੀ। ਇਮਰਾਨ ਨੇ ਕਿਹਾ—ਮਿਸਟਰ ਡੀ ਜੀ ਆਈ ਐੱਸ ਪੀ ਆਰ...ਮੇਰੀ ਸੁਣੋ ..ਤੁਸੀਂ ਉਦੋਂ ਪੈਦਾ ਨਹੀਂ ਹੋਏ ਹੋਣੇ, ਜਦੋਂ ਮੈਂ ਦੁਨੀਆ ਵਿਚ ਦੇਸ਼ ਦੀ ਨੁਮਾਇੰਦਗੀ ਕਰਕੇ ਦੇਸ਼ ਲਈ ਚੰਗਾ ਨਾਂਅ ਕਮਾਇਆ। ਤੁਹਾਨੂੰ ਮੈਨੂੰ ਦੰਭੀ ਤੇ ਫੌਜ ਵਿਰੋਧੀ ਕਰਾਰ ਦੇ ਕੇ ਖੁਦ 'ਤੇ ਸ਼ਰਮਸ਼ਾਰ ਹੋਣਾ ਚਾਹੀਦਾ ਹੈ। 70 ਸਾਲਾ ਇਮਰਾਨ ਨੇ ਅਦਾਲਤ ਵੱਲੋਂ ਜ਼ਮਾਨਤ ਮਿਲਣ 'ਤੇ ਇਸਲਾਮਾਬਾਦ ਤੋਂ ਲਾਹੌਰ ਲਈ ਰਵਾਨਾ ਹੋਣ ਵੇਲੇ ਆਰਮੀ ਚੀਫ ਜਨਰਲ ਅਸੀਮ ਮੁਨੀਰ 'ਤੇ ਉਨ੍ਹਾ ਨੂੰ ਅਗਵਾ ਕਰਨ ਦਾ ਦੋਸ਼ ਲਾਇਆ ਸੀ।

## ਕਰਾਚੀ 'ਚ ਗੋਲੀਬਾਰੀ : ਦੋ ਔਰਤਾਂ ਸਣੇ ਪੰਜ ਲੋਕਾਂ ਦੀ ਮੌਤ

**ਕਰਾਚੀ** : ਐਤਵਾਰ ਗੋਲੀਬਾਰੀ ਦੀਆਂ ਘਟਨਾਵਾਂ 'ਚ ਦੋ ਔਰਤਾਂ ਸਮੇਤ ਪੰਜ ਲੋਕਾਂ ਦੀ ਮੌਤ ਹੋ ਗਈ। ਗੁਲਸ਼ਨ-ਏ-ਸੁਰਜਾਨੀ 'ਚ ਪੈਟਰੋਲ ਪੰਪ ਨੇੜੇ ਕਾਰ 'ਤੇ ਅਣਪਛਾਤੇ ਵਿਅਕਤੀਆਂ ਨੇ ਗੋਲੀਬਾਰੀ ਕੀਤੀ ਤਾਂ ਦੋ ਲੋਕਾਂ ਦੀ ਮੌਤ ਹੋ ਗਈ।

ਮਲੀਰ ਸਾਊਦਾਬਾਦ 'ਚ ਵਿਆਹ 'ਚ ਇਕ ਵਿਅਕਤੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਕਰਾਚੀ 'ਚ ਅਚਾਨਕ ਚੱਲੀ ਗੋਲੀ ਨਾਲ ਔਰਤ ਦੀ ਮੌਤ ਹੋ ਗਈ। ਇਹ ਘਟਨਾ ਡਿਫੈਂਸ ਫੇਜ਼ 6, ਖਯਾਬਨ-ਏ-ਹਲਾਲ 'ਚ ਹੋਈ। ਬਲਦੀਆ ਦੇ ਗੁਲਸ਼ਨ-ਏ-ਗਾਜੀ ਨੇੜੇ ਬਿਸਮਿਲਾ ਚੌਕ ਨੇੜੇ ਗੋਲੀਬਾਰੀ 'ਚ ਇਕ ਹੋਰ ਔਰਤ ਦੀ ਮੌਤ ਹੋ ਗਈ।

## 4-5 ਕਰੋੜ ਦੀ ਸ਼ਰਾਬ ਤਬਾਹ

**ਗੁਰੂਗਰਾਮ** : ਇਥੋਂ ਦੇ ਸੈਕਟਰ-55 'ਚ ਗੋਲਫ ਕੋਰਸ ਰੋਡ ਨੇੜੇ ਐਤਵਾਰ ਸਵੇਰੇ ਸ਼ਰਾਬ ਦੀ ਦੁਕਾਨ ਨੂੰ ਅੱਗ ਲੱਗਣ ਕਾਰਨ 4-5 ਕਰੋੜ ਰੁਪਏ ਦੀ ਵਿਦੇਸ਼ੀ ਸ਼ਰਾਬ ਤਬਾਹ ਹੋ ਗਈ। ਹਾਲਾਂਕਿ, ਇਸ ਘਟਨਾ ਕਾਰਨ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

## ਆਦਿੱਤਿਆ ਠਾਕਰੇ ਦੀ ਕੇਜਰੀਵਾਲ ਨਾਲ ਮੁਲਾਕਾਤ

**ਨਵੀਂ ਦਿੱਲੀ** : ਸ਼ਿਵ ਸੈਨਾ (ਯੂ ਬੀ ਟੀ) ਦੇ ਆਗੂ ਆਦਿੱਤਿਆ ਠਾਕਰੇ ਨੇ ਐਤਵਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਉਨ੍ਹਾ ਦੇ ਸਿਵਲ ਲਾਈਨ ਸਥਿਤ ਘਰ 'ਚ ਮੁਲਾਕਾਤ ਕੀਤੀ। ਕੇਜਰੀਵਾਲ ਨੇ ਟਵੀਟ ਕਰਦਿਆਂ ਕਿਹਾ—ਆਦਿੱਤਿਆ ਠਾਕਰੇ ਦੀ ਮਹਿਮਾਨ ਨਿਵਾਜ਼ੀ ਦਾ ਮੌਕਾ ਮਿਲਿਆ। ਦੇਸ਼ ਦੇ ਮੌਜੂਦਾ ਸਿਆਸੀ ਘਟਨਾਕ੍ਰਮ ਬਾਰੇ ਵਿਸਥਾਰਪੂਰਵਕ ਗੱਲਬਾਤ ਹੋਈ।

## ਕੀਨੀਆ 'ਚ 6 ਸ਼ੇਰ ਮਾਰ'ਤੇ

**ਨੈਰੋਬੀ** : ਦੱਖਣੀ ਕੀਨੀਆ ਦੇ ਕੌਮੀ ਪਾਰਕ 'ਚ 6 ਸ਼ੇਰਾਂ ਦੀ ਮੌਤ ਨਾਲ ਸੈਰ-ਸਪਾਟਾ ਖੇਤਰ ਨੂੰ ਵੱਡਾ ਝਟਕਾ ਲੱਗਾ ਹੈ। ਅੰਬੋਸੇਲੀ ਨੈਸ਼ਨਲ ਪਾਰਕ ਨੇੜੇ ਪਿੰਡ ਵਾਸੀਆਂ ਨੇ ਬੱਕਰੀਆਂ ਅਤੇ ਕੁੱਤਿਆਂ 'ਤੇ ਹਮਲਾ ਕਰਨ ਤੋਂ ਬਾਅਦ ਸ਼ੇਰਾਂ ਨੂੰ ਮਾਰ ਦਿੱਤਾ। ਅਧਿਕਾਰੀਆਂ ਅਨੁਸਾਰ ਪਿਛਲੇ ਹਫਤੇ ਵੀ ਸ਼ੇਰ ਮਾਰੇ ਗਏ ਸਨ। ਉਨ੍ਹਾਂ ਵਲੋਂ ਇਸ ਦਾ ਹੱਲ ਲੱਭਣ ਦੇ ਯਤਨ ਕੀਤੇ ਜਾ ਰਹੇ ਹਨ।

## 67 ਲੱਖ ਦਾ ਸੋਨਾ ਫੜਿਆ

**ਹੈਦਰਾਬਾਦ** : ਹਵਾਈ ਅੱਡੇ 'ਤੇ ਰਿਆਦ ਤੋਂ ਆਏ ਇਕ ਯਾਤਰੀ ਕੋਲੋਂ 67 ਲੱਖ ਰੁਪਏ ਤੋਂ ਵੱਧ ਦਾ ਸੋਨਾ ਜ਼ਬਤ ਕੀਤਾ ਗਿਆ।

ਉਸ ਨੇ 14 ਸੋਨੇ ਦੀਆਂ ਤਾਰਾਂ ਐਮਰਜੈਂਸੀ ਲਾਈਟ ਦੀ ਬੈਟਰੀ ਅੰਦਰ ਲੁਕਾਈਆਂ ਹੋਈਆਂ ਸਨ।

## ਭੁਚਾਲ ਦੇ ਝਟਕੇ

**ਕਾਬੁਲ** : ਅਗਾਨਿਸਤਾਨ ਦੇ ਦੱਖਣ-ਪੂਰਬ ਇਲਾਕੇ ਵਿਚ ਐਤਵਾਰ ਸਵੇਰੇ 4.3 ਦੀ ਸ਼ਿੱਦਤ ਵਾਲੇ ਭੁਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਭੁਚਾਲ ਦੀ ਡੂੰਘਾਈ 60 ਕਿਲੋਮੀਟਰ ਸੀ ਤੇ ਇਸ ਦਾ ਕੇਂਦਰ ਬਿੰਦੂ ਅਫਗਾਨਿਸਤਾਨ ਦੇ ਦੱਖਣ-ਪੂਰਬ ਵਿਚ 150 ਕਿਲੋਮੀਟਰ ਦੂਰ ਸੀ।

## ਵਿਸ਼ਾਲ ਏਕਾ ਉਸਾਰ ਕੇ ਮੋਦੀ ਸਰਕਾਰ ਨੂੰ ਚਲਦਾ ਕਰਨ ਦਾ ਸੱਦਾ

### ਕਰਨਾਟਕ ਚੋਣਾਂ ਦੇ ਨਤੀਜਿਆਂ ਨੂੰ ਅੱਗੇ ਵਧਾਉਣ ਦੀ ਲੋੜ





**ਲੁਧਿਆਣਾ (ਐੱਮ ਐੱਸ ਭਾਟੀਆ, ਗੁਰਮੇਲ ਸਿੰਘ ਮੈਲਡੇ, ਹਰਮਿੰਦਰ ਸੇਠ, ਜਗਦੀਸ਼ ਬੌਬੀ)**

ਵਿਗੜ ਰਹੀ ਕਾਨੂੰਨ ਦੀ ਵਿਵਸਥਾ, ਵਧ ਰਹੀ ਮਹਿੰਗਾਈ, ਗ਼ਰੀਬਾਂ ਉੱਪਰ ਅੱਤਿਆਚਾਰ ਅਤੇ ਇਸਤਰੀਆਂ ਦੀ ਅਸੁਰੱਖਿਆ ਦੇ ਕਾਰਨ ਅੱਜ ਦੇਸ਼ ਵਿੱਚ ਹਾਹਾਕਾਰ ਮਚੀ ਹੋਈ ਹੈ ਤੇ ਲੋਕ ਆਪਣਾ ਪੇਟ ਕੱਟ ਕੇ ਗੁਜ਼ਾਰਾ ਕਰਨ ਲਈ ਮਜਬੂਰ ਹਨ। ਇਸ ਕਾਰਨ ਕੁਪੋਸ਼ਣ ਲਗਾਤਾਰ ਵਧ ਰਿਹਾ ਹੈ ਅਤੇ ਭੁੱਖਮਰੀ ਦੇ ਸੂਚਕ ਅੰਕ ਵਿਚ ਭਾਰਤ 120 ਦੇਸ਼ਾਂ ਵਿਚ 107 ਨੰਬਰ 'ਤੇ ਹੋ ਕੇ ਪਾਕਿਸਤਾਨ, ਬੰਗਲਾਦੇਸ਼ ਤੇ ਨੇਪਾਲ ਨਾਲੋਂ ਵੀ ਪਿੱਛੇ ਹੈ। ਸਰਕਾਰੀ ਨੌਕਰੀਆਂ ਖ਼ਤਮ ਕਰਕੇ ਠੇਕੇ 'ਤੇ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ, ਜਿਸ ਕਰ ਕੇ ਨੌਕਰੀਆਂ ਵੀ ਅਸੁਰੱਖਿਅਤ ਹੋ ਗਈਆਂ ਹਨ । ਇਹ ਗੱਲ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾਈ ਆਗੂ ਤੇ ਪਾਰਟੀ ਦੀ ਕੌਮੀ ਕੌਂਸਲ ਦੇ ਮੈਂਬਰ ਸਾਬਕਾ ਐੱਮ ਐੱਲ ਏ ਹਰਦੇਵ ਅਰਸ਼ੀ ਨੇ ਐਤਵਾਰ ਪਿੰਡ ਪੰਧੇਰ ਖੇੜੀ ਵਿਖੇ ਕਾਮਰੇਡ ਗੁਰਮੇਲ ਸਿੰਘ ਹੂੰਝਣ ਅਤੇ ਜੋਗਿੰਦਰ ਸਿੰਘ ਦੇ ਸ਼ਹੀਦੀ ਸਮਾਗਮ ਮੌਕੇ ਬੋਲਦਿਆਂ ਕਹੀ । ਦੋਵਾਂ ਕਾਮਰੇਡਾਂ ਨੂੰ ਅੱਤਵਾਦੀਆਂ ਨੇ 14 ਮਈ 1989 ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ, ਕਿਉਂਕਿ ਕਾਮਰੇਡ ਹੂੰਝਣ ਦੇਸ਼ ਦੀ ਏਕਤਾ, ਅਖੰਡਤਾ, ਸਮਾਜਕ ਭਾਈਚਾਰੇ ਦੀ ਰਾਖੀ ਲਈ ਅਤੇ ਅੱਤਵਾਦੀਆਂ ਅਤੇ ਖਾਲਿਸਤਾਨ ਦੀ ਲਹਿਰ ਖ਼ਿਲਾਫ਼ ਲਗਾਤਾਰ ਲੋਕਾਂ ਨੂੰ ਲਾਮਬੰਦ ਕਰ ਰਹੇ ਸਨ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸਾਰੇ ਜ਼ਿਲ੍ਹੇ ਤੋਂ ਲੋਕ ਸ਼ਾਮਲ ਹੋਏ। ਉਹਨਾ ਕਿਹਾ ਕਿ ਕਿਰਤੀ ਲੋਕਾਂ ਦੇ ਕਿਸੇ ਵੀ ਅਸਲ ਮੁੱਦੇ ਨੂੰ ਸੰਬੋਧਤ ਨਹੀਂ ਕੀਤਾ ਗਿਆ, ਜਿਵੇਂ ਕਿ ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਕਰਨਾ, ਸਭ ਨੂੰ ਸਮਾਜਕ ਸੁਰੱਖਿਆ, ਸਾਰਿਆਂ ਨੂੰ ਪੈਨਸ਼ਨ, ਸਕੀਮ ਵਰਕਰਾਂ ਨੂੰ ਰੈਗੂਲਰ ਕਰਨਾ, ਅਸੰਗਠਿਤ/ ਗੈਰ-ਰਸਮੀ, ਸਨਅਤੀ ਅਤੇ ਖੇਤ ਮਜ਼ਦੂਰਾਂ ਲਈ ਘੱਟੋ-ਘੱਟ ਉਜਰਤਾਂ ਵਿੱਚ ਵਾਧਾ, ਕੇਂਦਰ ਅਤੇ ਰਾਜਾਂ ਵਿੱਚ ਮਨਜ਼ੂਰਸ਼ੁਦਾ ਅਸਾਮੀਆਂ ਨੂੰ ਭਰਨਾ ਆਦਿ। ਦੇਸ਼ ਦੀ 94 ਫੀਸਦੀ ਗੈਰ-ਰਸਮੀ ਆਰਥਿਕਤਾ ਦੀ ਕਾਰਜ ਸ਼ਕਤੀ, ਜੋ ਜੀ ਡੀ ਪੀ ਵਿੱਚ 60 ਫੀਸਦੀ ਯੋਗਦਾਨ ਪਾਉਂਦੀ ਹੈ, ਨੂੰ ਪੂਰੀ ਤਰਾਂ ਅਣਗੌਲਿਆ ਗਿਆ ਹੈ। ਸਾਰੀਆਂ ਨੌਕਰੀਆਂ ਨੂੰ ਸੀਮਤ ਸਮੇਂ ਲਈ ਠੇਕੇ 'ਤੇ ਦਿੱਤਾ ਜਾ ਰਿਹਾ ਹੈ, ਇਥੋਂ ਤੱਕ ਕਿ ਫੌਜ ਵਿਚ ਵੀ ਅਗਨੀਵੀਰਾਂ ● ਬਾਕੀ ਸਫ਼ਾ 2 'ਤੇ

## ਰਿੰਕੂ ਨੇ ਕੇਜਰੀਵਾਲ ਤੋਂ ਲਿਆ ਆਸ਼ੀਰਵਾਦ



**ਨਵੀਂ ਦਿੱਲੀ** : ਜਲੰਧਰ ਲੋਕ ਸਭਾ ਸੀਟ ਦੀ ਜ਼ਿਮਨੀ ਚੋਣ 'ਚ ਇਤਿਹਾਸਕ ਜਿੱਤ ਦਰਜ ਕਰਨ ਤੋਂ ਬਾਅਦ ਨਵੇਂ ਚੁਣੇ ਗਏ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਐਤਵਾਰ ਸਵੇਰੇ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਉਨ੍ਹਾ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ ਅਤੇ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਲਈ ਉਨ੍ਹਾ ਦਾ ਆਸ਼ੀਰਵਾਦ ਮੰਗਿਆ। 'ਆਪ' ਦੇ ਕਨਵੀਨਰ ਕੇਜਰੀਵਾਲ ਨੇ ਮੀਟਿੰਗ ਦੌਰਾਨ ਰਿੰਕੂ ਨੂੰ ਪੰਜਾਬ ਅਤੇ ਲੋਕਾਂ ਦੇ ਵਿਕਾਸ ਦੇ ਮੁੱਦੇ ਸੰਸਦ ਵਿੱਚ ਜ਼ੋਰਦਾਰ ਢੰਗ ਨਾਲ ਉਠਾਉਣ ਦੇ ਨਿਰਦੇਸ਼ ਦਿੱਤੇ। ਮੀਟਿੰਗ ਤੋਂ ਬਾਅਦ ਰਿੰਕੂ ਨੇ ਕਿਹਾ ਕਿ ਜਲੰਧਰ ਵਿੱਚ ਕਈ ਫਲਾਈਓਵਰ ਅਤੇ ਸੜਕੀ ਪ੍ਰਾਜੈਕਟ ਠੱਪ ਪਏ ਹਨ। ਆਦਮਪੁਰ ਹਵਾਈ ਅੱਡਾ ਬੰਦ ਹੋਣ ਕਾਰਨ ਇੰਡਸਟਰੀ ਨੂੰ ਵੀ ਕਈ ਸਮੱਸਿਆਵਾਂ ਹਨ। ਮੈਂ ਸੰਸਦ ਵਿੱਚ ਸਾਰੇ ਮੁੱਦੇ ਜ਼ੋਰਦਾਰ ਢੰਗ ਨਾਲ ਉਠਾਵਾਂਗਾ। ਸਾਡਾ ਰੋਡਮੈਪ ਕਾਰਜਕਾਲ ਦੇ ਬਾਕੀ ਬਚੇ 11 ਮਹੀਨਿਆਂ ਦਾ ਹੀ ਨਹੀਂ, ਸਗੋਂ ਅਗਲੇ 5 ਸਾਲਾਂ ਦਾ ਹੈ।

## ਡੱਬਵਾਲੀ ਨੂੰ ਪੁਲਸ ਜ਼ਿਲ੍ਹਾ ਬਣਾਉਣ ਦਾ ਐਲਾਨ

**ਡੱਬਵਾਲੀ** : ਨਸ਼ਿਆਂ ਦੀ ਬੰਦਰਗਾਹ ਵਜੋਂ ਬਦਨਾਮ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਸਰਹੱਦੀ ਇਲਾਕੇ ਡੱਬਵਾਲੀ 'ਚ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਹਰਿਆਣਾ ਸਰਕਾਰ ਨੇ ਪੁਲਸ ਜ਼ਿਲ੍ਹਾ ਬਣਾ ਦਿੱਤਾ ਹੈ। ਇਸ ਦਾ ਐਲਾਨ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਐਤਵਾਰ ਪਿੰਡ ਡੱਬਵਾਲੀ ਵਿਖੇ ਜਨਸੰਵਾਦ ਸਮਾਰੋਹ ਮੌਕੇ ਕੀਤਾ।

ਜਨਸੰਵਾਦ ਵਿਚ ਭੀੜ ਵਿਚ ਬੈਠੇ ਸੀਨੀਅਰ 'ਆਪ' ਆਗੂ ਕੁਲਦੀਪ ਗਦਰਾਣਾ ਆਪਣੀ ਗੱਲ ਰੱਖਣ ਲਈ ਖੜ੍ਹੇ ਹੋਏ ਤਾਂ ਪਹਿਲਾਂ ਤੋਂ ਘੇਰਾ ਪਾ ਕੇ ਬੈਠੇ ਮੁੱਖ ਮੰਤਰੀ ਦਸਤੇ ਦੇ ਮੁਲਾਜ਼ਮ ਅਤੇ ਪੁਲਸ ਅਮਲਾ ਉਨ੍ਹਾ ਨੂੰ ਜਬਰੀ ਬਾਹਰ ਲੈ ਗਏ। ਮੁੱਖ ਮੰਤਰੀ ਨੇ ਵੀ ਸਟੇਜ ਤੋਂ ਕਿਹਾ ਕਿ 'ਆਪ' ਆਗੂ ਜਨਸੰਵਾਦ ਵਿਚ ਸਿਆਸੀ ਲਾਹੇ ਲਈ ਵਿਘਨ ਪਾਉਣ ਲਈ ਪੁੱਜਿਆ ਹੈ, ਇਸ ਨੂੰ ਬਾਹਰ ਲੈ ਕੇ ਜਾਓ। ਮੁੱਖ ਮੰਤਰੀ ਦੇ ਦੌਰੇ ਤੋਂ ਪਹਿਲਾਂ ਬੱਸ ਅੱਡੇ 'ਤੇ ਮੁੱਖ ਮੰਤਰੀ ਦੇ ਦੌਰੇ ਦਾ ਵਿਰੋਧ ਕਰਦੇ ਡੇਢ-ਦੋ ਸੌ ਕਿਸਾਨਾਂ ਅਤੇ ਆਸ਼ਾ ਵਰਕਰਾਂ ਔਰਤਾਂ ਅਤੇ ਮਰਦਾਂ 'ਤੇ ਪੁਲਸ ਨੇ ਲਾਠੀਚਾਰਜ ਕੀਤਾ।

## ਗੋਲਡਨ ਟੈਂਪਲ ਮੇਲ 'ਤੇ ਬਿਆਸ ਨੇੜੇ ਪਥਰਾਅ

**ਅੰਮ੍ਰਿਤਸਰ** : ਅੰਮ੍ਰਿਤਸਰ ਆ ਰਹੀ ਗੋਲਡਨ ਟੈਂਪਲ ਮੇਲ 'ਤੇ ਬਿਆਸ ਨੇੜੇ ਪਥਰਾਅ ਹੋਇਆ। ਯਾਤਰੀਆਂ ਨੇ ਰੇਲਵੇ ਪੁਲਸ ਕੋਲ ਮੋਬਾਇਲ ਜ਼ਰੀਏ ਸ਼ਿਕਾਇਤਾਂ ਦਰਜ ਕਰਵਾਈਆਂ। ਇਹ ਘਟਨਾ ਸ਼ਨਿੱਚਰਵਾਰ ਦੇਰ ਰਾਤ ਵਾਪਰੀ, ਜਦੋਂ ਗੱਡੀ 12903 ਨੰਬਰ ਮੁੰਬਈ ਤੋਂ ਅੰਮ੍ਰਿਤਸਰ ਆ ਰਹੀ ਸੀ। ਹਾਲਾਂਕਿ ਜਾਨੀ ਨੁਕਸਾਨ ਤੋਂ ਬਚਾਅ ਰਿਹਾ, ਪਰ ਯਾਤਰੀਆਂ 'ਚ ਦਹਿਸ਼ਤ ਫੈਲ ਗਈ। ਜਦੋਂ ਗੱਡੀ ਬਿਆਸ ਰੇਲਵੇ ਸਟੇਸ਼ਨ ਤੋਂ ਰਵਾਨਾ ਹੋਈ ਤਾਂ ਕੁਝ ਸਮੇਂ ਬਾਅਦ ਹੀ ਗੱਡੀ 'ਤੇ ਪਥਰਾਅ ਕੀਤਾ ਗਿਆ, ਜਿਸ ਕਾਰਨ ਗੱਡੀ ਦੇ ਕਈ ਸ਼ੀਸ਼ੇ ਟੁੱਟ ਗਏ। ਗੱਡੀ ਅੰਮ੍ਰਿਤਸਰ ਰੇਲਵੇ ਸਟੇਸ਼ਨ 'ਤੇ ਰਾਤ ਪੌਣੇ ਬਾਰਾਂ ਵਜੇ ਦੇ ਕਰੀਬ ਪੁੱਜੀ, ਜਿਸ ਤੋਂ ਬਾਅਦ ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਸੀ।

## ਮੌਸਮ ਦੇਖ ਕੇ ਆਉਣ ਦੀ ਸਲਾਹ



**ਰੁਦਰਪ੍ਰਯਾਗ** : ਉੱਤਰਾਖੰਡ ਦੇ ਕੇਦਾਰਨਾਥ 'ਚ ਐਤਵਾਰ ਬਰਫਬਾਰੀ ਹੋਈ, ਜਿਸ ਤੋਂ ਬਾਅਦ ਪੁਲਸ ਨੇ ਮੰਦਰ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਨੂੰ ਮੌਸਮ ਦੇਖ ਕੇ ਹੀ ਆਪਣੀ ਯਾਤਰਾ ਦੀ ਯੋਜਨਾ ਬਣਾਉਣ ਦੀ ਅਪੀਲ ਕੀਤੀ ਹੈ।

## ਐਵਰੈੱਸਟ 'ਤੇ ਚੜ੍ਹਨ ਦਾ ਰਿਕਾਰਡ ਬਰਾਬਰ



**ਕਠਮੰਡੂ** : ਨੇਪਾਲ ਦੇ 46 ਸਾਲਾ ਸ਼ੇਰਪਾ ਗਾਈਡ ਪਾਸੰਗ ਦਾਵਾ ਨੇ ਐਤਵਾਰ 26ਵੀਂ ਵਾਰ ਮਾਊਂਟ ਐਵਰੈੱਸਟ ਨੂੰ ਸਰ ਕਰਕੇ ਦੁਨੀਆ ਦੀ ਸਭ ਤੋਂ ਉੱਚੀ ਚੋਟੀ 'ਤੇ ਚੜ੍ਹਨ ਦੇ ਇਕ ਹੋਰ ਨੇਪਾਲੀ ਗਾਈਡ ਕੀਮਾ ਰਾਤੀ ਵੱਲੋਂ ਪਿਛਲੇ ਸਾਲ ਕਾਇਮ ਕੀਤੇ ਰਿਕਾਰਡ ਦੀ ਬਰਾਬਰੀ ਕਰ ਲਈ। ਇਮੇਜਿਨ ਨੇਪਾਲ ਟਰੈਕਸ ਅਨੁਸਾਰ ਪਾਸੰਗ ਦਾਵਾ ਸ਼ੇਰਪਾ ਸਵੇਰੇ ਹੰਗਰੀ ਦੇ ਪਰਬਤਾਰੋਹੀ ਨਾਲ ਚੋਟੀ ਦੇ ਸਿਖਰ 'ਤੇ ਪੁੱਜਿਆ। ਉਹ ਪਹਿਲੀ ਵਾਰ 1998 'ਚ ਪਹਿਲੀ ਵਾਰ 8849 ਮੀਟਰ ਉੱਚੇ ਐਵਰੈੱਸਟ 'ਤੇ ਚੜ੍ਹਿਆ ਸੀ। ਪਾਸੰਗ ਇਸ ਸਾਲ ਇਕ ਵਾਰ ਫਿਰ ਚੜ੍ਹਨ ਦੀ ਕੋਸ਼ਿਸ਼ ਕਰੇਗਾ। ਸਫਲ ਹੋਣ 'ਤੇ ਰਿਕਾਰਡ ਉਸ ਦੇ ਨਾਂਅ ਹੋ ਜਾਵੇਗਾ। ਸ਼ੇਰਪਿਆਂ ਨੂੰ ਪਹਾੜਾਂ 'ਤੇ ਚੜ੍ਹਨ ਦੀ ਮੁਹਾਰਤ ਲਈ ਜਾਣਿਆ ਜਾਂਦਾ ਹੈ। ਉਹ ਵਿਦੇਸ਼ੀ ਪਰਬਤਾਰੋਹੀਆਂ ਦੀ ਐਵਰੈੱਸਟ 'ਤੇ ਚੜ੍ਹਨ ਵਿਚ ਮਦਦ ਕਰਦੇ ਹਨ ਤੇ ਇਸ ਨਾਲ ਉਨ੍ਹਾਂ ਨੂੰ ਕਮਾਈ ਹੁੰਦੀ ਹੈ। ਹਰ ਪਰਬਤਾਰੋਹੀ ਨਾਲ ਇਕ ਸ਼ੇਰਪਾ ਜ਼ਰੂਰ ਜਾਂਦਾ ਹੈ।

## ਅੱਜ-ਨਾਮਾ

ਹੋ ਗਈ ਚੋਣ ਜਲੰਧਰ ਵਿੱਚ ਠੀਕ ਭਾਈ,
ਅੰਦਰਲੀ ਕੌੜ ਪਰ ਹੋਊ ਨਾ ਛੋੜ ਭਾਈ।
ਜਿਹੜੀਆਂ ਧਿਰਾਂ ਨੂੰ ਪਈ ਹੈ ਮਾਰ ਭਾਈ,
ਵਿਚਾਰਾਂ ਕਰਨ ਦੀ ਉਨ੍ਹਾਂ ਨੂੰ ਲੋੜ ਭਾਈ।
ਅਗਲੇ ਸਾਲ ਨਹੀਂ ਇਹੋ ਦੁਹਰਾਈ ਜਾਵੇ,
ਲੱਭਣਾ ਉਸ ਲਈ ਪਊ ਕੁਝ ਤੋੜ ਭਾਈ।
ਜੇਤੂ ਧਿਰ ਵਿੱਚ ਰੜਕ ਰਹੇ ਜਿੰਨ ਕਾਫੀ,
ਪੈਰਾਂ ਹੇਠਾਂ ਕਈ ਰੜਕ ਰਹੇ ਰੋੜ ਭਾਈ।
ਰਹਿ ਗਏ ਸਿਰਫ ਮਹੀਨੇ ਤਾਂ ਅੱਠ ਭਾਈ,
ਅਗਲੀਆਂ ਚੋਣਾਂ ਦੀ ਹੋਊਗੀ ਚੱਠ ਭਾਈ।
ਚੋਣ ਪ੍ਰਚਾਰ ਲਈ ਲੱਗੂਗੀ ਵਾਹ ਮੁੜ ਕੇ,
ਰੈਲੀਆਂ, ਜਲਸੇ ਤੇ ਹੋਣਗੇ 'ਕੱਠ ਭਾਈ।

-ਤੀਸ ਮਾਰ ਖਾਂ

## ਪ੍ਰਵੀਨ ਸੂਦ ਸੀ ਬੀ ਆਈ ਦੇ ਨਵੇਂ ਡਾਇਰੈਕਟਰ



**ਨਵੀਂ ਦਿੱਲੀ** : ਕਰਨਾਟਕ ਦੇ ਡੀ ਜੀ ਪੀ ਪ੍ਰਵੀਨ ਸੂਦ ਨੂੰ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਦਾ ਅਗਲਾ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ। ਮੌਜੂਦਾ ਡਾਇਰੈਕਟਰ ਸੁਬੋਧ ਕੁਮਾਰ ਜੈਸਵਾਲ ਦਾ 25 ਮਈ ਨੂੰ ਕਾਰਜਕਾਲ ਸਮਾਪਤ ਹੋ ਰਿਹਾ ਹੈ। ਸੂਦ ਦੀ ਨਿਯੁਕਤੀ ਦੋ ਸਾਲਾਂ ਲਈ ਕੀਤੀ ਗਈ ਹੈ। ਕਰਨਾਟਕ ਅਸੰਬਲੀ ਚੋਣਾਂ ਤੋਂ ਪਹਿਲਾਂ ਸੂਬਾਈ ਕਾਂਗਰਸ ਪ੍ਰਧਾਨ ਡੀ ਕੇ ਸ਼ਿਵ ਕੁਮਾਰ ਨੇ ਸੂਦ ਨੂੰ ਨਾਲਾਇਕ ਡੀ ਜੀ ਕਿਹਾ ਸੀ। ਸੂਦ 'ਤੇ ਭਾਜਪਾ ਵਰਕਰ ਵਜੋਂ ਕੰਮ ਕਰਨ ਦਾ ਦੋਸ਼ ਲਾਉਂਦਿਆਂ ਸ਼ਿਵ ਕੁਮਾਰ ਨੇ ਕਿਹਾ ਸੀ ਕਿ ਕਾਂਗਰਸ ਸਰਕਾਰ ਆਉਣ 'ਤੇ ਉਨ੍ਹਾ ਖਿਲਾਫ ਸਖਤ ਕਾਰਵਾਈ ● ਬਾਕੀ ਸਫ਼ਾ 2 'ਤੇ



15-MAY-PAGE-1.qxd 5/14/2023 10:06 PM Page 2



## ਮਜ਼ਦੂਰ ਪਰਵਾਰ ਨੂੰ ਮੁਆਵਜ਼ਾ ਤੇ ਨੌਕਰੀ ਦੀ ਮੰਗ




**ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਦਿਹਾਤੀ ਮਜ਼ਦੂਰ ਸਭਾ ਵੱਲੋਂ ਪਿੰਡ ਮਰਾੜ ਕਲਾਂ ਵਿੱਚ ਮਜ਼ਦੂਰ ਦੇ ਘਰ ਨੂੰ ਅੱਗ ਲੱਗਣ 'ਤੇ ਬੱਚੇ ਦੀ ਤੇ ਸੱਜਰ ਮੱਝ ਦੀ ਸੜ ਕੇ ਮੌਤ ਹੋ ਜਾਣ 'ਤੇ ਦਿਹਾਤੀ ਮਜ਼ਦੂਰ ਸਭਾ ਜ਼ਿਲ੍ਹਾ ਕਮੇਟੀ ਨੇ ਭਾਰੀ ਦੁੱਖ ਦਾ ਇਜ਼ਹਾਰ ਕੀਤਾ ਹੈ ਅਤੇ ਪਿੰਡ-ਪਿੰਡ ਨਰੇਗਾ ਮਜ਼ਦੂਰਾਂ ਦੀਆਂ ਨੁੱਕੜ ਮੀਟਿੰਗਾਂ ਕਰਕੇ ਪ੍ਰਸ਼ਾਸਨ ਨੂੰ ਭਾਰੀ ਲਾਹਨਤਾਂ ਪਾਈਆਂ ਹਨ। ਪਿੰਡ ਕੋਟਲੀ ਦੇਵਨ 'ਚ ਮਜ਼ਦੂਰਾਂ ਦੀ ਨੁੱਕੜ ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਮਦਰੱਸਾ ਤੇ ਜਨਰਲ ਸਕੱਤਰ ਜਗਜੀਤ ਸਿੰਘ ਜੱਸੇਆਣਾ ਤੇ ਇਕਾਈ ਪ੍ਰਧਾਨ ਸੁਖਜਿੰਦਰ ਸਿੰਘ ਨੇ ਕਿਹਾ ਕਿ ਕਣਕ ਦੇ ਨਾੜ ਨੂੰ ਅੱਗ ਲਾਉਣ ਕਾਰਨ ਮਜ਼ਦੂਰ ਪਰਵਾਰ ਤਹਿਸ ਨਹਿਸ ਹੋ ਕੇ ਰਹਿ ਗਿਆ ਹੈ ਅਤੇ ਪੁਲਿਸ ਪ੍ਰਸ਼ਾਸਨ ਨੇ ਅੱਗ ਲਾਉਣ ਵਾਲੇ ਕਥਿਤ ਦੋਸ਼ੀਆਂ 'ਤੇ ਮਾਮੂਲੀ ਧਾਰਾ ਲਾ ਕੇ ਮਾਮਲਾ ਦਰਜ ਕੀਤਾ ਹੈ, ਜਦੋਂ ਕਿ ਧਾਰਾ 302 ਬਣਦੀ ਸੀ, ਨਹੀਂ ਲਾਈ ਗਈ ਅਤੇ ਪ੍ਰਸ਼ਾਸਨ ਨੇ ਝੂਠੀਆਂ ਤਸੱਲੀਆਂ ਦੇ ਕੇ ਕੰਮ ਸਾਰ ਲਿਆ। ਆਗੂਆਂ ਨੇ ਕਿਹਾ ਕਿ ਮਜ਼ਦੂਰ ਪਰਵਾਰ ਨੂੰ ਪੰਜ ਲੱਖ ਰੁਪਏ ਦਾ ਮੁਆਵਜ਼ਾ ਅਤੇ ਇੱਕ ਜੀਅ ਨੂੰ ਨੌਕਰੀ ਦਿੱਤੀ ਜਾਵੇ ਅਤੇ ਚਿਤਾਵਨੀ ਦਿੰਦਿਆਂ ਕਿਹਾ ਕਿ ਪਿੰਡ ਪ੍ਰਸ਼ਾਸਨ ਦੇ ਖਿਲਾਫ਼ ਰੋਸ ਜ਼ਾਹਰ ਕੀਤਾ ਜਾਵੇਗਾ ਅਤੇ ਦੂਜੀਆਂ ਮਜ਼ਦੂਰ ਜਥੇਬੰਦੀਆਂ ਨੂੰ ਨਾਲ ਲੈ ਕੇ ਪ੍ਰਦਰਸ਼ਨ ਖਿਲਾਫ਼ ਸੰਘਰਸ਼ ਵਿੱਢਿਆ ਜਾਵੇਗਾ।

# ਪਾਵਰਕਾਮ ਮੈਨੇਜਮੈਂਟ ਨੇ ਮੰਨੀਆਂ ਮੰਗਾਂ ਲਾਗੂ ਨਾ ਕੀਤੀਆਂ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ : ਸ਼ੇਰਗਿੱਲ



**ਧੂਰੀ (ਸੁਖਦੇਵ ਧੂਰੀ)**
ਪਾਵਰਕੌਮ ਦੀ ਪ੍ਰਮੁੱਖ ਜਥੇਬੰਦੀ ਆਈ ਟੀ ਆਈ ਇੰਪਲਾਈਜ ਐਸੋਸੀਏਸ਼ਨ ਸਰਕਲ ਬਰਨਾਲਾ ਦੀ ਮੀਟਿੰਗ ਮੰਦਰ ਦੇ ਹਾਲ ਵਿੱਚ ਸਰਕਲ ਪ੍ਰਧਾਨ ਇੰਜ. ਰਣਜੀਤ ਕੁਮਾਰ ਚੀਮਾ ਦੀ ਪ੍ਰਧਾਨਗੀ ਹੇਠ ਹੋਈ। ਸੂਬਾ ਪ੍ਰਧਾਨ ਇੰਜ. ਅਵਤਾਰ ਸਿੰਘ ਸ਼ੇਰਗਿੱਲ ਨੇ ਦੱਸਿਆ ਕਿ 295/19 ਸੀ ਆਰ ਏ ਵਾਲੇ ਸਾਥੀ ਜਿਨ੍ਹਾਂ ਦਾ ਪਰਖਕਾਲ ਪੂਰਾ ਵੀ ਹੋ ਚੁੱਕਿਆ ਹੈ, ਪਰ ਪਾਵਰਕੌਮ ਮੈਨੇਜਮੈਂਟ ਵੱਲੋਂ ਉਨ੍ਹਾਂ ਨੂੰ ਪੂਰੀਆਂ ਤਨਖਾਹਾਂ ਦੇਣ ਲਈ ਟਾਲਮਟੋਲ ਕੀਤਾ ਜਾ ਰਿਹਾ ਹੈ ਤੇ ਬਹਾਨਾ ਬਣਾਇਆ ਜਾ ਰਿਹਾ ਹੈ ਕਿ ਇਨ੍ਹਾਂ 'ਤੇ ਕੋਰਟ ਕੇਸ ਚੱਲ ਰਿਹਾ ਹੈ। ਜੇਕਰ ਬਿਜਲੀ ਮੁਲਾਜ਼ਮ ਏਕਤਾ ਮੰਚ ਦੀ 18 ਮਈ ਦੀ ਮੀਟਿੰਗ ਵਿੱਚ ਮਸਲਿਆਂ ਦਾ ਹੱਲ ਨਾ ਹੋਇਆ ਤਾਂ ਉਨ੍ਹਾਂ ਸਰਕਾਰ ਤੇ ਮੈਨੇਜਮੈਂਟ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਸਾਡੇ ਇਨ੍ਹਾਂ ਸਾਥੀਆਂ ਨਾਲ ਧੱਕਾ ਹੋਇਆ ਤਾਂ ਸਮੁੱਚੇ ਬਿਜਲੀ ਕਾਮੇ ਸਰਕਾਰ ਤੇ ਮੈਨੇਜਮੈਂਟ ਖਿਲਾਫ ਸੜਕਾਂ 'ਤੇ ਆ ਕੇ ਤਿੱਖਾ ਸੰਘਰਸ਼ ਕਰਨਗੇ। ਇਸ ਸਮੇਂ ਸੂਬਾ ਜਨਰਲ ਸਕੱਤਰ ਇੰਜ. ਦਵਿੰਦਰ ਸਿੰਘ ਪਿਸ਼ੌਰ, ਸੂਬਾ ਵਿੱਤ ਸਕੱਤਰ ਇੰਜ. ਗਰੀਸ ਮਹਾਜਨ, ਸੂਬਾ ਪ੍ਰੈੱਸ ਸਕੱਤਰ ਇੰਜ. ਚਰਨਜੀਤ ਸਿੰਘ ਬਾਵਾ, ਸੂਬਾ ਜਥੇਬੰਦਕ ਸਕੱਤਰ ਸ੍ਰੀ ਗੁਰਜੰਟ ਸਿੰਘ ਰਾਜਗੜ੍ਹ ਅਤੇ ਸਰਕਲ ਸੰਗਰੂਰ ਦੇ ਪ੍ਰਧਾਨ ਜਸਵਿੰਦਰ ਸਿੰਘ ਪੀਸ਼ੋਰ ਨੇ ਦੱਸਿਆ ਸਰਟੀਫਿਕੇਟ ਜੋ ਮੈਨੇਜਮੈਂਟ ਵੱਲੋਂ ਕਈ ਵਾਰ ਚੈੱਕ ਕੀਤੇ ਗਏ ਸਨ, ਹੁਣ ਉਨ੍ਹਾਂ ਵਿੱਚ ਤਰੁੱਟੀਆਂ ਦੱਸੀਆਂ ਜਾ ਰਹੀਆਂ ਹਨ, ਜੋ ਬਿਲਕੁਲ ਧੱਕਾ ਹੈ, ਜਿਸ ਦਾ ਜਥੇਬੰਦੀ ਵਿਰੋਧ ਕਰਦੀ ਹੈ।

ਆਗੂਆਂ ਨੇ ਮੈਨੇਜਮੈਂਟ ਨੂੰ ਚੇਤਾਵਨੀ ਦਿੱਤੀ ਕਿ ਸਾਡੀਆਂ ਲੰਮੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਜਿਵੇਂ ਸੀ ਆਰ ਏ 267/11 ਤੇ 281/13 ਵਾਲੇ ਸਾਥੀਆਂ ਦਾ ਕੰਟਰੈਕਟ ਸਮਾਂ ਸਰਵਿਸ ਵਿੱਚ ਜੋੜਨਾ, ਮੁਲਾਜ਼ਮਾਂ ਦਾ ਧੱਕੇ ਨਾਲ ਬੰਦ ਕੀਤਾ ਮੋਬਾਇਲ ਭੱਤਾ ਦੁਆਰਾ ਬਹਾਲ ਕਰਨਾ, ਏਲਮ ਤੋਂ ਲਾਇਨਮੈਨ ਬਣਾਉਣਾ, ਲਾਇਨਮੈਨ ਤੋਂ ਜੇ ਈ ਬਣਾਉਣਾ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨਾ, ਜੇ ਈ ਤੋਂ ਜੇ ਈ 1 ਦੀਆਂ ਤਰੱਕੀਆਂ ਆਦਿ ਮੰਗਾਂ ਤੁਰੰਤ ਲਾਗੂ ਕਰੇ ਨਹੀਂ ਤਾਂ ਜਥੇਬੰਦੀ ਵੱਲੋਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਸਮੇਂ ਇੰਜ. ਭਾਨ ਸਿੰਘ ਜੱਸੀ, ਇੰਜ. ਪਰਗਟ ਸਿੰਘ ਤਪਾ, ਮਨਜੀਤ ਸਿੰਘ ਲਡਾ, ਗੁਰਪਿੰਦਰ ਸਿੰਘ ਕਹੇਰੂ, ਨਰਪਿੰਦਰ ਸਿੰਘ ਕਾਝਲਾ, ਦਵਿੰਦਰ ਸਿੰਘ ਅਤੇ ਜਸਵੀਰ ਸ਼ਰਮਾ ਨੇ ਜਥੇਬੰਦੀ ਵਿੱਚ ਆਏ ਨਵੇਂ 25 ਸਾਥੀਆਂ ਦਾ ਮੈਡਲ ਪਾ ਕੇ ਹਾਰਦਿਕ ਸਵਾਗਤ ਕੀਤਾ। ਇਸ ਮੌਕੇ ਬਹੁਤ ਸਾਰੇ ਸਾਥੀ ਸੰਦੀਪ ਸਿੰਘ, ਮਿੱਠੂ ਸਿੰਘ, ਕੁਲਦੀਪ ਸਿੰਘ, ਜਰਨੈਲ ਸਿੰਘ, ਜੱਗਾ ਸਿੰਘ ਤੇ ਬਲਦੇਵ ਸਿੰਘ ਵੀ ਹਾਜ਼ਰ ਸਨ। ਸਟੇਜ ਦੀ ਕਾਰਵਾਈ ਸਰਕਲ ਬਰਨਾਲਾ ਦੇ ਸਕੱਤਰ ਇੰਜ ਗੁਰਲਾਭ ਸਿੰਘ ਨੇ ਬਾਖੂਬੀ ਨਿਭਾਈ।

## 9 ਸਾਲ ਬਾਅਦ ਵੀ ਨਹੀਂ ਮਿਲਿਆ ਬਕਾਇਆ, ਮਰਨ ਵਰਤ ਸ਼ੁਰੂ




**ਗੁਰੂਹਰਸਹਾਏ (ਦੀਪਕ ਵਧਾਵਨ)**-ਹਲਕਾ ਗੁਰੂਹਰਸਹਾਏ ਦੇ ਏ ਆਰ ਦਫਤਰ ਦੇ ਬਾਹਰ ਇੱਕ ਵਿਅਕਤੀ ਨੇ ਬਕਾਇਆ ਨਾ ਮਿਲਣ ਕਾਰਨ ਦਫਤਰ ਦੇ ਬਾਹਰ ਮਰਨ ਵਰਤ ਸ਼ੁਰੂ ਕਰ ਦਿੱਤਾ ਹੈ ਅਤੇ ਇਨਸਾਫ ਨਾ ਮਿਲਣ ਤੱਕ ਮਰਨ ਵਰਤ ਜਾਰੀ ਰੱਖਣ ਦੀ ਜ਼ਿਦ ਫੜ ਲਈ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੀੜਤ ਸਤਪਾਲ ਸਿੰਘ ਬੇਦੀ ਵਾਸੀ ਪਿੰਡ ਗਹਿਰੀ ਨੇ ਦੱਸਿਆ ਕਿ ਉਸ ਨੇ 38 ਸਾਲ ਦੀ ਬਸਤੀ ਝੰਡੂ ਵਾਲਾ ਖੇਤੀਬਾੜੀ ਬਹੁਮੰਤਵੀ ਸਭਾ ਵਿੱਚ ਸੈਕਟਰੀ ਦੇ ਆਹੁਦੇ ਵਜੋਂ ਸੇਵਾ ਨਿਭਾਈ ਹੈ ਅਤੇ 30/11/14 ਨੂੰ ਉਹ ਰਿਟਾਇਰ ਹੋ ਚੁੱਕਿਆ ਹੈ। ਉਦੋਂ ਤੋਂ ਹੀ ਉਹ ਆਪਣੇ ਬਕਾਏ ਨੂੰ ਲੈ ਕੇ ਮਹਿਕਮੇ ਦੇ ਅਫਸਰਾਂ ਕੋਲ ਚੱਕਰ ਕੱਢ ਰਿਹਾ ਹੈ, ਪਰ ਹਾਲੇ ਤੱਕ ਉਸ ਨੂੰ ਇਨਸਾਫ਼ ਨਹੀਂ ਮਿਲਿਆ।

ਤਪਾਲ ਨੇ ਦੱਸਿਆ ਕਿ ਜੁਆਇੰਟ ਰਜਿਸਟਰਾਰ ਨੇ 10/1/23 ਨੂੰ ਫੈਸਲਾ ਕਰਕੇ ਕਾਰਵਾਈ ਕਰਨ ਲਈ ਕਿਹਾ ਸੀ ਪਰ ਮੌਜੂਦਾ ਸੈਕਟਰੀ ਤੇ ਪ੍ਰਧਾਨ ਅਤੇ ਇੰਸਪੈਕਟਰ ਇਨ੍ਹਾਂ ਸਾਰਿਆਂ ਦੀ ਮਿਲੀਭੁਗਤ ਕਾਰਨ ਕੋਈ ਵੀ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ ਅਤੇ ਨਾ ਹੀ ਬਕਾਇਆ ਦਿੱਤਾ ਗਿਆ। ਉਨ੍ਹਾ ਦੱਸਿਆ ਕਿ ਉਨਾ ਦਾ ਕੁੱਲ ਬਕਾਇਆ ਕਰੀਬ 15 ਲੱਖ 59 ਹਜ਼ਾਰ 750 ਰੁਪਏ ਹਨ। ਬੇਦੀ ਨੇ ਇਹ ਵੀ ਦੱਸਿਆ ਕਿ ਸੇਵਾ ਮੁਕਤ ਸਮੇਂ ਚਾਰ ਲੱਖ 88 ਹਜ਼ਾਰ ਰੁਪਏ ਦਾ ਸਟਾਕ ਨਵੇਂ ਸੈਕਟਰੀ ਨੂੰ ਸੌਂਪਿਆ ਸੀ ਜੋ ਵੀ ਖੁਰਦ ਬੁਰਦ ਕਰ ਦਿੱਤਾ ਗਿਆ ਹੈ। ਜਿਸ ਬਾਰੇ ਮਹਿਕਮੇ ਨੂੰ ਵੀ ਜਾਣੂ ਕਰਵਾਇਆ ਜਾ ਚੁੱਕਿਆ ਪਰ ਕੋਈ ਕਾਰਵਾਈ ਨਹੀਂ ਹੋਈ। ਉਸ ਨੇ ਕਿਹਾ ਜਦ ਤੱਕ ਉਸ ਨੂੰ ਉਸ ਦਾ ਬਕਾਇਆ ਅਤੇ ਇਨਸਾਫ਼ ਨਹੀਂ ਮਿਲਦਾ ਉਦੋਂ ਤੱਕ ਉਹ ਮਰਨ ਵਰਤ 'ਤੇ ਬੈਠਾ ਰਹੇਗਾ। ਇਸ ਸੰਬੰਧੀ ਏ ਆਰ ਗੁਰਸੰਤਬੀਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾ ਕਿਹਾ ਕਿ ਮਾਮਲਾ ਉਨ੍ਹਾ ਦੇ ਧਿਆਨ 'ਚ ਆ ਗਿਆ ਹੈ। ਜਲਦ ਕਮੇਟੀ ਦੇ ਖਿਲਾਫ਼ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ ਅਤੇ ਰਿਕਾਰਡ ਦੇ ਹਿਸਾਬ ਨਾਲ ਜੋ ਬਕਾਇਆ ਹੋਵੇਗਾ ਉਸ 'ਤੇ ਵੀ ਅਮਲ ਕੀਤਾ ਜਾਵੇਗਾ।

## ਕਿੰਡਰ ਗਾਰਟਨ ਐਂਡ ਸੀ ਸੈ ਸਕੂਲ 'ਚ ਮਾਂ ਦਿਵਸ ਮਨਾਇਆ




**ਸਮਰਾਲਾ (ਸੁਰਜੀਤ ਸਿੰਘ)**-ਕਿੰਡਰ ਗਾਰਟਨ ਐਂਡ ਸੀ ਸੈ ਸਕੂਲ ਵਿੱਚ ਸਕੂਲ ਦੀ ਸਵੇਰ ਦੀ ਸਭਾ ਵਿੱਚ ਮਾਂ ਦਿਵਸ ਮਨਾਇਆ ਗਿਆ। ਸਕੂਲ ਦੇ ਡਾਇਰੈਕਟਰ ਮੈਡਮ ਸ਼੍ਰੀਮਤੀ ਸਰਬਜੀਤ ਕੌਰ ਨੇ ਮਾਂ ਦੀ ਵਿਸ਼ੇਸ਼ਤਾ ਬਾਰੇ ਬੱਚਿਆਂ ਨੂੰ ਦੱਸਿਆ ਕਿ ਹਰੇਕ ਬੱਚੇ ਦੀ ਜ਼ਿੰਦਗੀ ਵਿੱਚ ਮਾਂ ਦੀ ਸਭ ਤੋਂ ਵੱਧ ਮਹੱਤਤਾ ਹੁੰਦੀ ਹੈ। ਉਨ੍ਹਾਂ ਬੱਚਿਆਂ ਨੂੰ ਦੱਸਿਆ ਕਿ ਮਾਂ ਦਿਵਸ ਹਰ ਸਾਲ ਮਈ ਮਹੀਨੇ ਵਿੱਚ ਦੁਨੀਆ ਭਰ ਦੀਆਂ ਮਾਂਵਾਂ ਦਾ ਸਨਮਾਨ ਕਰਨ ਲਈ, ਉਨ੍ਹਾਂ ਨੂੰ ਇਹ ਦਿਖਾਉਣ ਲਈ ਕਿ ਉਹ ਕਿੰਨੀਆਂ ਖਾਸ ਹਨ, ਇਹ ਅਹਿਸਾਸ ਕਰਾਉਣ ਲਈ ਮਨਾਇਆ ਜਾਂਦਾ ਹੈ। ਜਿਸ ਦਿਨ ਤੋਂ ਔਰਤ ਮਾਂ ਬਣਦੀ ਹੈ, ਉਸ ਦਿਨ ਤੋਂ ਉਹ ਆਪਣੇ ਬੱਚੇ ਦੀ ਦੇਖਭਾਲ ਕਰਦੀ ਹੈ। ਉਹ ਆਪਣੀ ਸਿਹਤ ਦਾ ਖਿਆਲ ਰੱਖਦੀ ਹੈ, ਉਸਦੀ ਦੇਖਭਾਲ ਕਰਦੀ ਹੈ ਤੇ ਜਦੋਂ ਬੱਚਾ ਬੋਲਣਾ ਸ਼ੁਰੂ ਕਰਦਾ ਹੈ ਤਾਂ ਸਭ ਤੋਂ ਪਹਿਲਾ ਮਾਂ ਸ਼ਬਦ ਹੀ ਬੋਲਦਾ ਹੈ। ਇਸ ਤਰ੍ਹਾਂ ਉਸਦੀ ਉਮਰ ਲੰਘ ਜਾਂਦੀ ਹੈ। ਸਕੂਲ ਦੇ ਵਿਦਿਆਰਥੀਆਂ ਨੇ ਮਾਂ ਦਿਵਸ 'ਤੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ। ਵਿਦਿਆਰਥੀਆਂ ਵੱਲੋਂ ਮਾਂ ਦਿਵਸ ਨਾਲ ਸੰਬੰਧਤ ਭਾਸ਼ਣ, ਕਵਿਤਾਵਾਂ ਪੇਸ਼ ਕੀਤੀਆਂ ਤੇ ਆਧਿਆਪਕਾਂ ਵੱਲੋਂ ਚਾਰਟ ਮੁਕਾਬਲੇ ਕਰਾਏ ਗਏ। ਇਸ ਉਪਰੰਤ ਸੈਸ਼ਨ 2022-2023 ਦੀ ਸਾਲਾਨਾ ਪ੍ਰੀਖਿਆ 'ਚੋਂ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।

## ਮਦਰ ਇੰਡੀਆ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ



**ਪਾਤੜਾਂ (ਨਿਸਾਨ ਸਿੰਘ ਬਣਵਾਲਾ)**-ਦਸਵੀਂ ਤੇ ਬਾਰਵੀਂ ਕਲਾਸ ਦੇ ਸੀ ਬੀ ਐੱਸ ਈ ਵੱਲੋਂ ਐਲਾਨੇ ਗਏ ਨਤੀਜਿਆਂ ਦੌਰਾਨ ਨਾਮਵਰ ਵਿੱਦਿਅਕ ਸੰਸਥਾ ਮਦਰ ਇੰਡੀਆ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਉਪਲੱਬਧੀਆਂ ਹਾਸਲ ਕੀਤੀਆਂ। ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਜਾਣਕਾਰੀ ਦਿੰਦਿਆਂ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਰਾਕੇ। ਗਰਗ ਤੇ ਡਾਇਰੈਕਟਰ ਸ੍ਰੀਮਤੀ ਵੀਨਾ ਗਰਗ ਨੇ ਦੱਸਿਆ ਕਿ ਬਾਰਵੀਂ ਜਮਾਤ ਵਿੱਚ ਜਸ਼ਨਪ੍ਰੀਤ ਕੌਰ (ਕਾਮਰਸ) ਨੇ 92.4 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਟਾਪ ਕੀਤਾ ਹੈ। ਸ਼ੁਭਦੀਪ ਕੌਰ (ਹਿਊਮੈਨਟੀਜ਼) ਨੇ 88.4 ਫੀਸਦੀ ਅੰਕ ਪ੍ਰਾਪਤ ਕਰਕੇ ਟਾਪ ਕੀਤਾ ਹੈ। ਆਰਜੂ (ਸਾਇੰਸ) ਨੇ 88.2 ਫੀਸਦੀ ਅੰਕ ਪ੍ਰਾਪਤ ਕਰਕੇ ਟਾਪ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪ੍ਰੀਖਿਆ ਦੇਣ ਵਾਲੇ ਪੰਦਰਾਂ ਵਿਦਿਆਰਥੀਆਂ ਨੇ 80 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ ਤੇ ਪੰਦਰਾਂ ਵਿਦਿਆਰਥੀਆਂ ਨੇ 70-80 ਪ੍ਰਤੀਸ਼ਤ ਦੇ ਵਿਚਕਾਰ ਅੰਕ ਪ੍ਰਾਪਤ ਕੀਤੇ। ਦਸਵੀਂ ਜਮਾਤ ਵਿੱਚੋਂ ਸਾਕਸੀ ਨੇ 96.2 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ 'ਚੋਂ ਟਾਪ ਕੀਤਾ, ਯੁਕਤੀ ਨੇ 94.4 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਤੇ ਸਹਿਨਾਜਪ੍ਰੀਤ ਕੌਰ ਨੇ 93.8 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਹਾਸਲ ਕੀਤਾ। ਸਕੂਲ ਦੇ ਦਸਵੀਂ ਤੇ ਬਾਰਵੀਂ ਜਮਾਤ ਦੇ ਨਤੀਜੇ 100 ਪ੍ਰਤੀਸ਼ਤ ਰਹੇ। ਇਸ ਦੌਰਾਨ ਸ੍ਰੀ ਜਤਿੰਦਰ ਗਰਗ ਤੇ ਸ੍ਰੀਮਤੀ ਨੀਤਿਕਾ ਗੁਪਤਾ, ਪ੍ਰਿੰਸੀਪਲ ਜੋਸ਼ ਪੀ ਥਾਮਸ ਤੇ ਸਮੂਹ ਸਟਾਫ ਨੇ ਪਾਸ ਆਊਟ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਮਾਪਿਆਂ ਸਮੇਤ ਵਧਾਈ ਦਿੱਤੀ।

## ਪਾਣੀ ਬਚਾਓ ਮੁਹਿੰਮ ਨੂੰ ਮਿਲ ਰਿਹੈ ਭਰਵਾਂ ਹੁੰਗਾਰਾ : ਅਵਤਾਰ ਸਿੰਘ



**ਦਿੜ੍ਹਬਾ (ਜਸਵੀਰ ਲਾਡੀ)**-ਜਲ ਸਰੋਤ ਵਿਭਾਗ, ਪੰਜਾਬ ਦੇ ਲਹਿਲ ਕਲਾਂ ਮੰਡਲ ਦੇ ਜ਼ਿਲ੍ਹੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਪਿਛਲੇ 6 ਦਹਾਕਿਆਂ ਤੋਂ ਨਹਿਰੀ ਪਾਣੀ ਨਾਲ ਖੇਤੀ ਸਿੰਜਾਈ ਵਾਲਾ ਰਕਬਾ 58.41 ਫੀਸਦੀ ਤੋਂ ਘਟ ਕੇ 28 ਫੀਸਦੀ ਰਹਿ ਗਿਆ ਹੈ, ਜਦੋਂਕਿ ਟਿਊਬਵੈੱਲ ਰਾਹੀਂ ਭੂ-ਜਲ 'ਤੇ ਨਿਰਭਰਤਾ 54 ਫੀਸਦੀ ਤੋਂ 92 ਫੀਸਦੀ ਤੱਕ ਵਧ ਗਈ ਹੈ। ਪੰਜਾਬ ਦੇ ਬਹੁਤ ਖੇਤਰਾਂ ਵਿੱਚ ਭੂ-ਜਲ ਦਾ ਪੱਧਰ 10 ਤੋਂ 20 ਮੀਟਰ ਤੱਕ ਡੂੰਘਾ ਹੋ ਗਿਆ ਹੈ। ਉਨ੍ਹਾ ਕਿਹਾ ਕਿ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਅੰਕੜਿਆਂ ਅਨੁਸਾਰ 2039 ਤੱਕ ਪੰਜਾਬ ਦਾ ਪਾਣੀ 1000 ਫੁੱਟ ਡੂੰਘਾ ਚਲਾ ਜਾਵੇਗਾ। ਪੰਜਾਬ ਦੂਜੇ ਸੂਬਿਆਂ ਦੇ ਮੁਕਾਬਲੇ ਸਭ ਤੋਂ ਵੱਧ ਜ਼ਮੀਨੀ ਪਾਣੀ ਦੀ ਵਰਤੋਂ ਕਰਦਾ ਹੈ। 2019-20 ਦੇ ਅੰਕੜਿਆਂ ਅਨੁਸਾਰ ਪੰਜਾਬ ਵਿੱਚ 14.76 ਲੱਖ ਟਿਊਬਵੈੱਲ ਹਨ। ਜਿਸ ਕਰਕੇ ਪੰਜਾਬ ਦੇ 109 ਬਲਾਕ ਡਾਰਕ ਜ਼ੋਨ 'ਚ ਚਲੇ ਗਏ ਹਨ। ਪੰਜਾਬ ਪੰਜ ਦਰਿਆਵਾਂ ਦੀ ਧਰਤੀ ਤੋਂ ਬਣਿਆ ਹੈ। ਪਰ ਜੇਕਰ ਅਸੀਂ ਸਮੇਂ ਸਿਰ ਲੋੜੀਂਦੇ ਕਦਮ ਨਾ ਚੁੱਕੇ ਤਾਂ ਸਾਡਾ ਇਹ ਖੁਸ਼ਹਾਲ ਸੂਬਾ ਬੰਜਰ ਬਣ ਕੇ ਰਹਿ ਜਾਵੇਗਾ। ਇਸ ਕਰਕੇ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਵਰਤੋਂ ਕਰਦਿਆਂ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੇ ਯਤਨ ਕਰਨੇ ਚਾਹੀਦੇ ਹਨ। ਉਹਨਾਂ ਕਿਹਾ ਕਿ ਜਲ ਸਰੋਤ ਵਿਭਾਗ, ਪੰਜਾਬ ਵੱਲੋਂ ਨਹਿਰੀ ਖ਼ਾਲਾਂ ਨੂੰ ਬਹਾਲ ਕਰਵਾਉਣ ਲਈ ਵਿੱਢੀ ਮੁਹਿੰਮ ਨੂੰ ਕਿਸਾਨਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

## ਜਲੰਧਰ 'ਚ 'ਆਪ' ਦੀ ਜਿੱਤ 'ਤੇ ਵਿਧਾਇਕ ਕਾਕਾ ਬਰਾੜ ਨੇ ਸਮਰਥਕਾਂ ਨਾਲ ਵੰਡੇ ਲੱਡੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜਲੰਧਰ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਦੀ ਹੋਈ ਸ਼ਾਨਦਾਰ ਜਿੱਤ 'ਤੇ ਹਲਕਾ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਨੇ ਸਮਰਥਕਾਂ ਨਾਲ ਲੱਡੂ ਵੰਡ ਕੇ ਖੁਸ਼ੀ ਮਨਾਈ। ਇਸ ਮੌਕੇ ਹਲਕਾ ਵਿਧਾਇਕ 'ਕਾਕਾ ਬਰਾੜ' ਨੇ ਆਖਿਆ ਕਿ ਇਹ ਆਮ ਆਦਮੀ ਪਾਰਟੀ ਵੱਲੋਂ ਇੱਕ ਸਾਲ 'ਚ ਕੀਤੇ ਕੰਮਾਂ ਦਾ ਨਤੀਜਾ ਹੈ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਨੇ ਕਾਂਗਰਸ ਦੇ ਗੜ੍ਹ 'ਚ ਸੰਨ੍ਹ ਲਗਾ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਲੋਕ ਕੰਮਾਂ ਨੂੰ ਪਹਿਲ ਦਿੰਦੇ ਹਨ ਨਾ ਕਿ ਜੁਮਲੇਬਾਜ਼ਾਂ ਨੂੰ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੀ ਮਿਹਨਤ ਰੰਗ ਲਿਆਈ ਹੈ। ਜਲੰਧਰ ਵਾਸੀਆਂ ਨੇ ਜੋ ਭਰੋਸਾ ਜਤਾਇਆ ਹੈ ਉਸ ਨੂੰ ਟੁੱਟਣ ਨਹੀਂ ਦਿੱਤਾ ਜਾਵੇਗਾ। ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਵੱਲੋਂ ਵੱਡੀ ਜਿੱਤ ਪ੍ਰਾਪਤ ਕਰਕੇ ਪਾਰਲੀਮੈਂਟ ਵਿੱਚ ਆਪਣੀ ਜਗ੍ਹਾਂ ਬਣਾਈ ਹੈ ਅਤੇ ਹੁਣ ਪੂਰੇ ਪੰਜਾਬ ਦੀ ਅਵਾਜ਼ ਪਾਰਲੀਮੈਂਟ 'ਚ ਗੂੰਜੇਗੀ। ਇਸ ਮੌਕੇ ਵੱਡੀ ਗਿਣਤੀ 'ਚ ਸਮਰਥਕ ਹਲਕਾ ਵਿਧਾਇਕ 'ਕਾਕਾ ਬਰਾੜ' ਨੂੰ ਵਧਾਈ ਦੇ ਰਹੇ ਹਨ।

## ਨਰਜੀਤ ਨੇ ਕਿੱਕ ਬਾਕਸਿੰਗ 'ਚ ਦੋ ਸੋਨ ਤਮਗੇ ਜਿੱਤੇ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹਾ ਕਿੱਕ ਬਾਕਸਿੰਗ ਐਸੋਸੀਏਸ਼ਨ ਤੇ ਜ਼ਿਲ੍ਹਾ ਉਲੰਪਿਕ ਐਸੋਸੀਏਸ਼ਨ ਵੱਲੋਂ 'ਮਨਿਸਟਰੀ ਆਫ਼ ਯੂਥ ਅਫੇਅਰਜ਼ ਐਂਡ ਸਪੋਰਟਸ ਇੰਡੀਆ' ਦੇ ਸਹਿਯੋਗ ਨਾਲ ਕਰਾਏ ਗਏ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਦੌਰਾਨ ਨਰਜੀਤ ਸਿੰਘ ਖਿੜਕੀਆਂ ਵਾਲਾ ਜ਼ਿਲ੍ਹੇ 'ਚੋਂ ਦੋ ਤਮਗੇ ਹਾਸਲ ਕਰਕੇ ਜੇਤੂ ਰਿਹਾ ਹੈ। ਪੰਜਾਬ ਸਟੇਟ ਤਕਨੀਕੀ ਨਿਰਦੇਸ਼ਕ ਸੋਮ ਦੱਤ ਸ਼ਰਮਾ ਤੇ ਕਿੱਕ ਬਾਕਸਿੰਗ ਕੋਚ ਨਵਜੋਤ ਸਿੰਘ ਨੇ ਦੱਸਿਆ ਕਿ ਨਰਜੀਤ ਸਿੰਘ ਖਿੜਕੀਆਂ ਵਾਲਾ ਨੇ ਇਹ ਮੁਕਾਬਲੇ 'ਪੁਆਇੰਟ ਫਾਈਟ ਐਂਡ ਲਾਈਟ ਕੰਟੈਕਟ' ਨੇ ਸਖਤ ਮੁਕਾਬਲੇ ਹਾਸਲ ਕੀਤੇ ਹਨ। ਇਹ ਮੁਕਾਬਲੇ ਐਸ. ਡੀ. ਸੀਨੀਅਰ ਸੈਕੰਡਰੀ ਸਕੂਲ ਰਥੜੀਆਂ ਵਿਖੇ ਕਰਾਏ ਗਏ। ਇਸੇ ਤਰ੍ਹਾਂ ਅਮਨਦੀਪ ਕੌਰ, ਜਸ਼ਨਦੀਪ ਕੌਰ, ਇਕਬਾਲ ਸਿੰਘ ਦੋ ਸੋਨ ਤਮਗੇ, ਸ਼ਗਨਦੀਪ ਸਿੰਘ, ਆਰਜੂ, ਜੋਤੀ ਸ਼ਰਮਾ, ਰਾਜੂ ਰਾਣੀ, ਅਜੈ, ਪ੍ਰਭਜੋਤ ਸਿੰਘ, ਅਭੈ, ਕਰਮਪਾਲ ਕੌਰ, ਕੁਲਵੰਤ ਕੁਮਾਰ ਹੋਰਾਂ ਨੇ ਵੀ ਸੋਨ ਤਮਗੇ ਹਾਸਲ ਕੀਤੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਜੇਤੂ ਨਰਜੀਤ ਸਿੰਘ ਖਿੜਕੀਆਂ ਵਾਲਾ ਸਣੇ ਜ਼ਿਲ੍ਹਾ ਜੇਤੂ ਖਿਡਾਰੀ ਹੁਣ ਸੂਬਾ ਪੱਧਰ ਦੇ ਮੁਕਾਬਲੇ ਵਿੱਚ ਹਿੱਸਾ ਲੈਣ ਦੇ ਕਾਬਲ ਹੋ ਗਏ ਹਨ।

## ਭ੍ਰਿਸ਼ਟਾਚਾਰੀਆਂ ਨੂੰ ਨਿਯੁਕਤ ਕਰਨ ਲਈ ਨਗਰ ਕੌਂਸਲ ਜੈਤੋ ਹੋਈ ਪੱਬਾਂ ਭਾਰ

**■ ਸ਼ਹਿਰੀ ਵਿਕਾਸ ਕਾਰਜਾਂ ਤੇ ਕਮਿਸ਼ਨਖੋਰੀ ਹੋ ਰਹੀ ਭਾਰੀ : ਗਰਗ**

**ਜੈਤੋ (ਸਤੀਸ਼ ਕੁਮਾਰ ਭੀਰੀ)**-ਪਿਛਲੇ ਲੰਮੇ ਸਮੇਂ ਤੋਂ ਨਗਰ ਕੌਂਸਲ ਜੈਤੋ ਵੱਲੋਂ ਭ੍ਰਿਸ਼ਟਾਚਾਰ ਨਾਲ ਮਿੱਤਰਤਾ ਤੇ ਰਿਸ਼ਤੇਦਾਰੀ ਨਿਭਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ। ਕਰੋੜਾਂ ਰੁਪਏ ਦੇ ਹੇਰ-ਫੇਰ ਨੂੰ ਅਮਲੀ ਜਾਮਾ ਪਹਿਨਾਉਣ ਲਈ ਰਿਕਾਰਡ ਨੂੰ ਖੁਰਦ-ਬੁਰਦ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾ ਰਿਹਾ। ਇਥੇ ਇਹ ਗੱਲ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ ਕਿ ਨਗਰ ਕੌਂਸਲ ਦਾ ਰਿਕਾਰਡ ਗੁੰਮ ਕਰਨ ਲਈ ਵਿਜੀਲੈਂਸ ਵਿਭਾਗ ਵੱਲੋਂ ਪੰਜ ਕਰਮਚਾਰੀਆਂ ਨੂੰ ਕਾਬੂ ਕਰਕੇ ਜੇਲ੍ਹ ਭੇਜਿਆ ਗਿਆ ਸੀ, ਪ੍ਰੰਤੂ ਨਗਰ ਕੌਂਸਲ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਸਿਹਤ 'ਤੇ ਕੋਈ ਅਸਰ ਨਹੀਂ ਹੋਇਆ, ਕਿਉਂਕਿ ਨਗਰ ਕੌਂਸਲ ਜੈਤੋ ਵਿੱਚ ਭ੍ਰਿਸ਼ਟਾਚਾਰ ਤੇ ਬੇਨਿਯਮੀਆਂ ਦਾ ਘੇਰਾ ਹੋਰ ਵਿਸ਼ਾਲ ਹੋ ਰਿਹਾ ਹੈ ਤੇ ਨਗਰ ਕੌਂਸਲ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਭ੍ਰਿਸ਼ਟਾਚਾਰ ਵਿੱਚ ਲਿਬੜੇ ਹੋਣ 'ਤੇ ਵੀ ਈਮਾਨਦਾਰੀ ਦੀ ਦਿਖਾਵਟੀ ਡਫਲੀ ਵਜਾ ਕੇ ਜਿੱਤਣ ਵਾਲੇ ਨੁਮਾਇੰਦਿਆਂ ਦੀ ਚੁੱਪ ਭ੍ਰਿਸ਼ਟਾਚਾਰੀਆਂ ਨੂੰ ਆਕਸੀਜਨ ਪ੍ਰਦਾਨ ਕਰ ਰਹੀ ਹੈ। ਜੇਕਰ ਗੱਲ ਕਰੀਏ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਜੇਲ੍ਹ ਜਾਣ ਵਾਲੇ ਕਰਮਚਾਰੀਆਂ ਦੀ ਤਾਂ ਇਹ ਹੈ ਕਿ ਇਨ੍ਹਾਂ ਨੂੰ ਨੌਕਰੀ 'ਤੇ ਬਹਾਲ ਕਰਵਾਉਣ ਲਈ ਸਰਾਫਤ ਦਾ ਨਕਾਬ ਪਹਿਨ ਕੇ ਬੈਠੇ ਭ੍ਰਿਸ਼ਟਾਚਾਰੀ ਭੇੜੀਏ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਹਨ। ਨਗਰ ਕੌਂਸਲ ਵਿੱਚ ਵੱਡੇ ਪੱਧਰ 'ਤੇ ਫੈਲੇ ਭ੍ਰਿਸ਼ਟਾਚਾਰ 'ਤੇ ਚਾਦਰ ਪਾਉਣ ਲਈ ਕਮੀਸ਼ਨਖੋਰ ਮੱਗਰਮੱਛਾਂ ਨੂੰ ਭ੍ਰਿਸ਼ਟਾਚਾਰ ਕਾਰਨ ਸਸਪੈਂਡ ਮੁਲਾਜ਼ਮਾਂ ਦੀ ਲੋੜ ਮਹਿਸੂਸ ਹੋ ਰਹੀ ਹੈ। ਇਸ ਮੌਕੇ ਨਵਾਂ ਜ਼ਮਾਨਾ ਦੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਆਰ ਟੀ ਆਈ ਕਾਰਕੁਨ ਲਾਜਪਤ ਰਾਏ ਗਰਗ ਨੇ ਦੱਸਿਆ ਕਿ ਨਗਰ ਕੌਂਸਲ ਜੈਤੋ ਵਿਖੇ ਈਮਾਨਦਾਰੀ ਦੀ ਗਠੜੀ ਬਣਾ ਕੇ ਕਬਾੜ ਵਾਲੇ ਕਮਰੇ ਵਿੱਚ ਸੁੱਟ ਦਿੱਤੀ ਗਈ ਤੇ ਭ੍ਰਿਸ਼ਟ ਟੋਲਾ ਉਸ ਕਮਰੇ ਦੀ ਚਾਬੀ ਲੱਭਣ ਦਾ ਨਾਟਕ ਕਰ ਰਿਹਾ ਹੈ।

ਗਰਗ ਨੇ ਦੱਸਿਆ ਕਿ ਨਗਰ ਕੌਂਸਲ ਜੈਤੋ ਦੇ ਭ੍ਰਿਸ਼ਟਾਚਾਰ ਦੇ ਗੰਦੇ ਨਾਲੇ ਵਿੱਚ ਮੂੰਹ ਮਾਰਨ ਵਾਲੇ ਦੋ ਮੂੰਹੇ ਸੱਪਾਂ ਵੱਲੋਂ ਸ਼ਹਿਰ ਵਿੱਚ ਹੁੰਦੇ ਵਿਕਾਸ ਕਾਰਜਾਂ ਨੂੰ ਕਮੀਸ਼ਨਖੋਰੀ ਦੀ ਗੰਦਗੀ ਖਾਂਦੇ ਹੋਏ ਵਿਨਾਸ਼ ਕਾਰਜਾਂ ਵਿੱਚ ਬਦਲ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਹਰ ਗਲੀ ਮੁਹੱਲੇ 'ਚ ਓਵਰਫਲੋ ਹੋ ਰਿਹਾ ਸੀਵਰੇਜ ਦਾ ਗੰਦਾ ਪਾਣੀ, ਟੁੱਟੀਆਂ ਪੁਲੀਆਂ ਤੇ ਨਵੀਆਂ ਬਣਾ ਕੇ ਤੋੜੀਆਂ ਗਈਆਂ ਗਲੀਆਂ ਨਗਰ ਕੌਂਸਲ ਦੀਆਂ ਕਮੀਸ਼ਨ ਖਾਣੀਆਂ ਜੋਕਾਂ ਕਾਰਨ ਨਰਕ ਦਾ ਰੂਪ ਧਾਰਨ ਕਰ ਚੁੱਕਾ ਹੈ।

## ਵਿਧਾਇਕਾ ਵੱਲੋਂ ਭਜਨ ਸੰਧਿਆ ਸੰਬੰਧੀ ਪ੍ਰਚਾਰ ਗੱਡੀ ਰਵਾਨਾ



**ਰਾਜਪੁਰਾ (ਰਮੇਸ਼ ਕਟਾਰੀਆ)**-ਇੱਥੋਂ ਦੀ ਨਵੀਂ ਅਨਾਜ ਮੰਡੀ ਵਿਖੇ 15 ਮਈ ਸੋਮਵਾਰ ਨੂੰ ਬਾਲਾ ਜੀ ਧਾਮ ਸਮਿਤੀ ਰਾਜਪੁਰਾ ਦੀ ਤਰਫੋਂ ਭਜਨ ਸੰਧਿਆ ਦਾ ਆਯੋਜਨ ਕੀਤਾ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਸਮਿਤੀ ਦੇ ਸੀਨੀਅਰ ਮੈਂਬਰ ਕੰਵਲ ਨਾਗਪਾਲ ਨੇ ਕਿਹਾ ਕਿ ਇਸ ਸੰਧਿਆ ਵਿਖੇ ਭਜਨ ਸਮਰਾਟ ਕਨਿਹਾ ਮਿੱਤਲ ਚੰਡੀਗੜ੍ਹ ਵਾਲੇ ਭਗਤਾਂ ਨੂੰ ਨਿਹਾਲ ਕਰਨਗੇ। ਇਹ ਸੰਧਿਆ ਸੋਮਵਾਰ ਨੂੰ ਰਾਤ 7 ਵਜੇ ਤੋਂ ਹਰੀ ਇੱਛਾ ਤੱਕ ਚੱਲੇਗੀ। ਇਸ ਸਬੰਧੀ ਇੱਕ ਪ੍ਰਚਾਰ ਗੱਡੀ ਨੂੰ ਵਿਧਾਇਕ ਰਾਜਪੁਰਾ ਨੀਨਾ ਮਿੱਤਲ ਨੇ ਰਵਾਨਾ ਕੀਤਾ।

## ਅਕਾਲ ਅਕੈਡਮੀ ਦੌਲਾ ਦੀ ਦਸਵੀਂ ਜਮਾਤ ਦਾ ਨਤੀਜਾ ਸ਼ਾਨਦਾਰ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਸੀ.ਬੀ.ਐੱਸ.ਈ. ਬੋਰਡ ਵੱਲੋਂ ਦਸਵੀਂ ਦੇ ਐਲਾਨੇ ਗਏ ਨਤੀਜੇ ਵਿੱਚ ਕਲਗੀਧਰ ਟਰੱਸਟ ਬੜੂ ਸਾਹਿਬ ਅਧੀਨ ਚੱਲ ਰਹੇ ਵਿੱਦਿਅਕ ਅਦਾਰੇ ਅਕਾਲ ਅਕੈਡਮੀ ਦੌਲਾ ਦੀ ਦਸਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਸੁਖਵਿੰਦਰ ਕੌਰ ਨੇ ਦੱਸਿਆ ਕਿ ਹਰਪ੍ਰਕਾਸ਼ ਸਿੰਘ ਨੇ 97.2% ਅੰਕ ਲੈ ਕੇ ਪਹਿਲਾ, ਹਰਮਨਦੀਪ ਕੌਰ ਨੇ 96.8% ਅੰਕ ਲੈ ਕੇ ਦੂਜਾ ਤੇ ਐਸਬੀਨ ਕੌਰ ਨੇ 96.2% ਅੰਕ ਲੈ ਕੇ ਤੀਜਾ ਅਤੇ ਸੰਗਮਜੋਤ ਨੇ 96% ਅੰਕ ਲੈ ਕੇ ਚੌਥਾ ਸਥਾਨ ਹਾਸਲ ਕੀਤਾ ਹੈ। ਇਸ ਮੌਕੇ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ ਤੇ ਵਿਦਿਆਰਥਣਾਂ ਦਾ ਮੂੰਹ ਮਿੱਠਾ ਕਰਵਾ ਕੇ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਪ੍ਰਿੰਸੀਪਲ ਸੁਖਵਿੰਦਰ ਕੌਰ ਨੇ ਵਿਦਿਆਰਥਣਾਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦੇ ਹੋਏ ਵਿਦਿਆਰਥਣਾਂ ਤੇ ਉਨ੍ਹਾਂ ਦੇ ਮਾਪਿਆਂ ਸਮੇਤ ਅਧਿਆਪਕਾਂ ਨੂੰ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

ਇਸ ਮੌਕੇ ਮਨਦੀਪ ਕੌਰ, ਅਮਨਦੀਪ ਕੌਰ, ਇੰਦਰਜੀਤ ਕੌਰ, ਬਬੀਤਾ ਰਾਣੀ, ਅਨਿਲ ਕੁਮਾਰ, ਗੌਤਮ ਕੁਮਾਰ ਤੇ ਹਰਜਿੰਦਰ ਸਿੰਘ ਤੋਂ ਇਲਾਵਾ ਸਮੂਹ ਸਟਾਫ ਹਾਜ਼ਰ ਸੀ।

## ਸਪਰਿੰਗ ਡਿਊ ਸਕੂਲ 'ਚ ਸਰਹਿੰਦ ਫ਼ਤਿਹ ਦਿਵਸ ਮਨਾਇਆ



**ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)**-ਸਪਰਿੰਗ ਡਿਊ ਸਕੂਲ ਨਾਨਕਸਰ ਵਿਖੇ ਪ੍ਰਿੰਸੀਪਲ ਸ਼੍ਰੀ ਨਵਨੀਤ ਚੌਹਾਨ ਦੀ ਅਗਵਾਈ ਹੇਠ ਸਿੱਖ ਕੌਮ ਦੇ ਮਹਾਨ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੁਆਰਾ ਸਰਹਿੰਦ ਉੱਪਰ ਫ਼ਤਿਹ ਪਾਉਣ ਅਤੇ ਖਾਲਸੇ ਰਾਜ ਦੀ ਸਥਾਪਨਾ ਕਰਨ ਦੇ ਦਿਨ ਵਜੋਂ ਸਰਹਿੰਦ ਫ਼ਤਿਹ ਦਿਵਸ ਮਨਾਇਆ ਗਿਆ। ਸਕੂਲ ਅਧਿਆਪਕ ਕਰਮਜੀਤ ਸੰਗਰਾਉ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜੀਵਨ 'ਤੇ ਝਾਤ ਅਤੇ ਸਰਹਿੰਦ ਫ਼ਤਿਹ ਦਿਵਸ ਉੱਪਰ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ 12 ਮਈ 1710 ਈਸਵੀ ਨੂੰ ਬਾਬਾ ਜੀ ਨੇ ਸਰਹਿੰਦ ਫ਼ਤਿਹ ਕਰਕੇ ਸਿੱਖ ਰਾਜ ਦੀ ਸਥਾਪਨਾ ਦੀ ਨੀਂਹ ਰੱਖ ਦਿੱਤੀ ਸੀ। ਸਕੂਲ ਵਿਦਿਆਰਥਣ ਸੁਖਰਾਜੀਪ ਕੌਰ ਨੇ ਭਾਵ ਪੂਰਤ ਰਚਨਾ 'ਬੰਦੀ ਵੀਰ' ਪੇਸ਼ ਕੀਤੀ। ਵਿਦਿਆਰਥੀ ਜਸਮਨਜੋਤ ਕੌਰ ਸਾਹਿਬ ਸਿੰਘ ਨੇ ਬਾਬਾ ਜੀ ਉਪਰ ਵਾਰਾਂ ਪੇਸ਼ ਕੀਤੀਆਂ। ਇਸ ਦੌਰਾਨ ਸਕੂਲ ਮੈਨੇਜਮੈਂਟ ਵੱਲੋਂ ਵਾਇਸ ਪ੍ਰਿੰਸੀਪਲ ਬੇਅੰਤ ਕੁਮਾਰ, ਚੇਅਰਮੈਨ ਬਲਦੇਵ ਬਾਵਾ, ਪ੍ਰਧਾਨ ਮਨਜੋਤ ਕੁਮਾਰ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ, ਮੈਨੇਜਰ ਮਨਦੀਪ ਚੌਹਾਨ ਤੇ ਸਮੂਹ ਅਧਿਆਪਕ ਸਾਹਿਬਾਨ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

## ਹਾਰਵਰਡ ਕਾਨਵੈਂਟ ਸਕੂਲ ਦਾ ਦਸਵੀਂ ਕਲਾਸ ਦਾ ਨਤੀਜਾ ਸੌ ਫੀਸਦੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੇ ਦਸਵੀਂ ਕਲਾਸ ਦਾ ਸੀ ਬੀ ਐੱਸ ਈ ਵੱਲੋਂ ਐਲਾਨਿਆ ਨਤੀਜਾ ਸੌ ਫੀਸਦੀ ਰਿਹਾ। ਸਕੂਲ ਦੇ ਚੇਅਰਮੈਨ ਨਵਦੀਪ ਸਿੰਘ ਬਰਾੜ ਨੇ ਖੁਸ਼ੀ ਜ਼ਾਹਰ ਕਰਦੇ ਦੱਸਿਆ ਕਿ ਸਕੂਲ ਵਿਦਿਆਰਥੀਆਂ ਵਿੱਚ ਅਰਸ਼ਦੀਪ ਸਿੰਘ ਨੇ 93% ਅੰਕ ਹਾਸਲ ਕਰਕੇ ਪਹਿਲਾ ਸਥਾਨ, ਏਕਮਦੀਪ ਕੌਰ ਨੇ 92% ਅੰਕ ਹਾਸਲ ਕਰਕੇ ਦੂਜਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਖੁਸ਼ਪ੍ਰੀਤ ਕੌਰ ਨੇ 85.2%, ਸੁਨੈਨਾ 84.8%, ਮਨਪ੍ਰੀਤ ਕੌਰ 84.6%, ਲਵੀਤਾ 83.8%, ਸੁਕੀਰਤੀ ਸ਼ਰਮਾ 82.4%, ਜਸਨੂਰ ਬਰਾੜ 82.2%, ਨਵਨੀਤ ਕੌਰ 81.2%, ਜਸਕੀਰਤ ਕੌਰ 82%, ਸੁਮਨਪ੍ਰੀਤ ਕੌਰ ਗਿੱਲ 77.6 %, ਅਮਨੀਸ਼ ਸ਼ਰਮਾ 76.6%, ਮਹਿਕ ਸ਼ਰਮਾ 72.6%, ਪਰੀਅਮ ਕੌਰ ਬਰਾੜ 70.6%, ਪਾਇਲ 70.4%, ਮਨਵੀਰ ਕੌਰ 70.2%, ਮਹਿਕਦੀਪ ਕੌਰ 70.2% ਅਤੇ ਗੁਰਸਰਨ ਸਿੰਘ ਨੇ 70% ਅੰਕ ਹਾਸਿਲ ਕਰਕੇ ਆਪਣੇ ਸਕੂਲ, ਅਧਿਆਪਕਾ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਇਸ ਸਮੇਂ ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ ਅਤੇ ਪ੍ਰਿੰਸੀਪਲ ਮੈਡਮ ਨਿਧੀ ਬਰਾੜ ਨੇ ਬੱਚਿਆ ਦੀ ਇਸ ਮਾਣਮੱਤੀ ਪ੍ਰਾਪਤੀ ਉੱਤੇ ਬੱਚਿਆ, ਅਧਿਆਪਕਾਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

## ਡੀ ਏ ਵੀ ਕਕਰਾਲਾ ਦੇ ਬੱਚਿਆਂ ਨੇ ਕਾਇਮ ਕੀਤਾ ਸ਼ਾਨਦਾਰ ਰਿਕਾਰਡ



**ਸਮਾਣਾ (ਇਕਬਾਲ ਸਿੰਘ ਬਲ)**-ਡੀ.ਏ.ਵੀ. ਪਬਲਿਕ ਸਕੂਲ ਕਕਰਾਲਾ ਦਾ ਸੈਸ਼ਨ 2022-23 ਦੀ 12ਵੀਂ ਸੀ.ਬੀ.ਐੱਸ.ਈ. ਬੋਰਡ ਦੀ ਪ੍ਰੀਖਿਆ ਦਾ ਨਤੀਜਾ 100% ਰਿਹਾ ਹੈ। ਸਕੂਲ ਦਾ ਨਤੀਜਾ 83.56 ਦੇ ਨਾਲ ਸੀ.ਬੀ.ਐੱਸ.ਇ. ਦੀ ਆਊਟ ਸਟੈਂਡਿੰਗ ਸ਼੍ਰੇਣੀ ਵਿੱਚ ਰਿਹਾ। ਸਕੂਲ ਦੇ ਹੋਣਹਾਰ ਵਿਦਿਆਰਥੀਆਂ ਵਿੱਚੋਂ ਹੁਸਨਪ੍ਰੀਤ ਕੌਰ ਤੇ ਇਸ਼ਿਕਾ ਨੇ 94.20 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਤਰਮਨਦੀਪ ਕੌਰ ਨੇ 93.20 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਤੇ ਕਸ਼ਿਸ਼ ਮਿੱਤਲ ਨੇ 93 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਇਨ੍ਹਾਂ ਤੋਂ ਇਲਾਵਾ ਅਮਨਦੀਪ ਕੌਰ ਨੇ 92%, ਭਵਨਜੋਤ ਕੌਰ ਨੇ 90.80%, ਮਹਿਕਪ੍ਰੀਤ ਕੌਰ ਨੇ 90.40% ਅੰਕ ਪ੍ਰਾਪਤ ਕਰਕੇ ਬੋਰਡ ਦੀ ਪ੍ਰੀਖਿਆ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮਨੋਜ ਕੁਮਾਰ ਸ਼ਰਮਾ ਨੇ ਸਾਰੇ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਦੀ ਸਖਤ ਮਿਹਨਤ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦਾ ਉਤਸ਼ਾਹ ਵਧਾਇਆ ਤੇ ਹਾਜ਼ਰ ਬੱਚਿਆਂ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰੀਖਿਆ ਨਤੀਜੇ ਲਈ ਵਧਾਈ ਦਿੱਤੀ। ਉਨ੍ਹਾ ਕਿਹਾ ਕਿ ਸਕੂਲ ਦੇ ਬੱਚਿਆਂ ਦੀ ਲਗਨ ਤੇ ਮਿਹਨਤ ਦੇ ਨਤੀਜੇ ਵਜੋਂ ਇਲਾਕੇ ਭਰ ਵਿੱਚ ਸਕੂਲ ਦੀ ਇੱਕ ਵੱਖਰੀ ਪਛਾਣ ਬਣੀ ਹੈ ਤੇ ਅਸੀਂ ਆਉਣ ਵਾਲੇ ਸਮੇਂ ਵਿੱਚ ਵੀ ਸ਼ਾਨਦਾਰ ਨਤੀਜੇ ਦੇਣ ਲਈ ਵਚਨਬੱਧ ਹਾਂ।

## ...ਸ.ਫ਼ਾ 1 ਦੇ ਬਾਕੀ

### ਵਿਸ਼ਾਲ ਏਕਾ ਉਸਾਰ...

ਦੀ 4 ਸਾਲ ਲਈ ਭਰਤੀ ਕੀਤੀ ਜਾ ਰਹੀ ਹੈ ਤੇ ਇਹ ਕਹਿ ਕੇ ਕੇ ਇਹਨਾਂ ਨੂੰ ਬਾਅਦ ਵਿੱਚ ਭਾਜਪਾ ਦੇ ਦਫਤਰਾਂ ਤੇ ਗਾਰਡ ਦੀ ਡਿਊਟੀ ਮਿਲ ਜਾਏਗੀ, ਉਹਨਾਂ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ।

ਜਿਸ ਢੰਗ ਦੇ ਨਾਲ ਕਿਸਾਨਾਂ ਬਾਬਤ 3 ਕਾਨੂੰਨ ਬਣਾਏ ਗਏ, ਉਹ ਇਸ ਸਰਕਾਰ ਦੀ ਖੇਤੀਬਾੜੀ ਪ੍ਰਤੀ ਨਕਾਰਾਤਮਕ ਸੋਚ ਦੀ ਮਿਸਾਲ ਹੈ। ਅਸਲ ਵਿੱਚ ਉਹ ਸਾਰੀ ਖੇਤੀਬਾੜੀ ਦੀ ਧਰਤੀ ਨੂੰ ਕਿਸਾਨਾਂ ਤੋਂ ਖੋਹ ਕੇ ਕਾਰਪੋਰੇਟ ਖੇਤਰ ਨੂੰ ਸੌਂਪ ਦੇਣਾ ਚਾਹੁੰਦੇ ਹਨ, ਪਰ ਇਹ ਤਾਂ ਕਿਸਾਨਾਂ ਨੇ ਲਾਮਿਸਾਲ ਅੰਦੋਲਨ ਕਰਕੇ ਮੋਦੀ ਨੂੰ ਕਾਨੂੰਨ ਵਾਪਸ ਲੈਣ ਲਈ ਮਜਬੂਰ ਕੀਤਾ, ਪਰ ਸਰਕਾਰ ਐੱਮ ਐੱਸ ਪੀ ਦੀ ਮੰਗ 'ਤੇ ਮੁਕਰ ਗਈ।

ਲੇਬਰ ਕਾਨੂੰਨਾਂ ਨੂੰ ਚਾਰ ਲੇਬਰ ਕੋਡਾਂ ਵਿੱਚ ਬਦਲ ਕੇ ਕਾਮਿਆਂ ਦੇ ਹੱਕਾਂ 'ਤੇ ਸੱਟ ਮਾਰੀ ਹੈ। ਸਾਰੇ ਦੇਸ਼ ਦੇ ਕਾਮੇ ਇਸ ਦੇ ਵਿਰੋਧ ਵਿੱਚ ਅੰਦੋਲਨ ਕਰ ਰਹੇ ਹਨ। ਫਲੋਰ ਲੈਵਲ ਵੇਜ ਨੂੰ ਕੇਵਲ 4628 ਰੁਪਏ ਪ੍ਰਤੀ ਮਹੀਨਾ ਕਰ ਦਿੱਤਾ ਗਿਆ ਹੈ। ਏਨੀ ਥੋੜ੍ਹੀ ਉਜਰਤ ਮਜ਼ਦੂਰਾਂ ਨਾਲ ਇੱਕ ਮਜ਼ਾਕ ਹੈ। ਕੰਮ ਦੇ ਘੰਟੇ ਦਾ ਕਨੂੰਨ ਵੀ ਬਦਲ ਕੇ ਅੱਠ ਘੰਟੇ ਤੋਂ ਇਨਕਾਰ ਕਰ ਦਿੱਤਾ ਗਿਆ ਹੈ।

ਸਾਥੀ ਅਰਸ਼ੀ ਨੇ ਕਿਹਾ ਕਿ ਸਰਕਾਰ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ ਹੈ ਅਤੇ ਹੁਣ ਆਪਣੀਆਂ ਕਮਜ਼ੋਰੀਆਂ ਨੂੰ ਛੁਪਾਉਣ ਲਈ ਉਹ ਹੋਛੀਆਂ ਹਰਕਤਾਂ 'ਤੇ ਉਤਰ ਆਈ ਹੈ। ਕਰਨਾਟਕ ਦੀਆਂ ਚੋਣਾਂ ਵਿਚ ਜਿਸ ਢੰਗ ਨਾਲ ਨਰਿੰਦਰ ਮੋਦੀ ਨੇ ਅੱਤ ਦੇ ਫਿਰਕੂ ਲੀਹਾਂ 'ਤੇ ਵੰਡ ਭਾਊ ਭਾਸ਼ਣ ਦਿੱਤੇ, ਉਸ ਨਾਲ ਉਨ੍ਹਾਂ ਦਾ ਜ਼ਹਿਰੀਲਾ ਚਿਹਰਾ ਸਾਹਮਣੇ ਆ ਗਿਆ ਹੈ, ਪਰ ਕਰਨਾਟਕ ਦੇ ਲੋਕਾਂ ਨੇ ਇਨ੍ਹਾਂ ਗੱਲਾਂ ਵਿਚ ਨਾ ਆ ਕੇ ਮੋਦੀ ਦੇ ਜ਼ਹਿਰ ਉਗਲਣ ਤੇ ਚੋਣ ਕਮਿਸ਼ਨ ਦੇ ਬਾਵਜੂਦ ਅਤੇ ਈ ਵੀ ਐੱਮ ਦੀ ਨਾਜਾਇਜ਼ ਵਰਤੋਂ ਦੇ ਬਾਵਜੂਦ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ।

ਪਾਰਟੀ ਦੇ ਜ਼ਿਲ੍ਹਾ ਸਕੱਤਰ ਡੀ ਪੀ ਮੌੜ ਨੇ ਕਿਹਾ ਕਿ ਪੰਜਾਬ ਸਰਕਾਰ ਕੀਤੇ ਵਾਅਦਿਆਂ ਨੂੰ ਨਿਭਾਏ ਅਤੇ ਖਾਸ ਤੌਰ 'ਤੇ ਬੇਰੁਜ਼ਗਾਰ ਨੌਜਵਾਨਾਂ ਲਈ ਨੌਕਰੀਆਂ ਦਾ ਪ੍ਰਬੰਧ ਕਰੇ। ਪੰਜਾਬ ਦੇ ਵਿਕਾਸ ਲਈ ਸਿੱਖਿਆ ਅਤੇ ਸਿਹਤ ਉੱਪਰ ਜ਼ਿਆਦਾ ਧਿਆਨ ਦਿੱਤਾ ਜਾਏ। ਖੇਤੀਬਾੜੀ ਦੇ ਵਿਕਾਸ ਲਈ ਕਿਸਾਨ ਜਥੇਬੰਦੀਆਂ ਨਾਲ ਬੈਠ ਕੇ ਗੱਲਬਾਤ ਕੀਤੀ ਜਾਏ ਅਤੇ ਇਸੇ ਢੰਗ ਨਾਲ ਹੀ ਉਦਯੋਗਪਤੀਆਂ ਨਾਲ ਗੱਲਬਾਤ ਕਰਕੇ ਉਦਯੋਗਾਂ ਬਾਰੇ ਮਸਲੇ ਹੱਲ ਕੀਤੇ ਜਾਣ।

ਸੰਗਠਿਤ ਤੇ ਗੈਰ-ਸੰਗਠਿਤ ਕਾਮਿਆਂ ਬਾਰੇ ਟਰੇਡ ਯੂਨੀਅਨਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੇ ਮਸਲਿਆਂ ਦੀ ਸੁਣਵਾਈ ਕੀਤੀ ਜਾਏ ਅਤੇ ਹੱਲ ਕੀਤੇ ਜਾਣ। ਪਾਰਟੀ ਦੀ ਕੌਮੀ ਕੌਂਸਲ ਦੇ ਮੈਂਬਰ ਡਾਕਟਰ ਅਰੁਣ ਮਿੱਤਰਾ ਨੇ ਜੰਤਰ ਮੰਤਰ 'ਤੇ ਬੈਠੀਆਂ ਇਸਤਰੀ ਭਲਵਾਨਾਂ ਦੇ ਸਮਰਥਨ ਵਿੱਚ ਇੱਕ ਮਤਾ ਪੇਸ਼ ਕੀਤਾ, ਜਿਸ ਨੂੰ ਕੇ ਸਮਾਗਮ ਵਿਚ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਹੋਰਨਾਂ ਤੋਂ ਇਲਾਵਾ ਸਮਾਗਮ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਸ਼ਾਮਲ ਸਨ ਪਾਰਟੀ ਦੇ ਲੁਧਿਆਣਾ ਦੇ ਸ਼ਹਿਰੀ ਸਕੱਤਰ ਐੱਮ ਐੱਸ ਭਾਟੀਆ, ਦੇਵੀ ਕੁਮਾਰੀ ਸੂਬਾਈ ਜਨਰਲ ਸਕੱਤਰ ਖੇਤ ਮਜ਼ਦੂਰ ਸਭਾ, ਰਮੇਸ਼ ਰਤਨ, ਚਮਕੌਰ ਸਿੰਘ ਸਹਾਇਕ ਸਕੱਤਰ ਜ਼ਿਲ੍ਹਾ ਪਾਰਟੀ, ਵਿਜੇ ਕੁਮਾਰ, ਪ੍ਰਿੰਸੀਪਲ ਜਗਜੀਤ ਸਿੰਘ ਰਾਮਗੜ੍ਹ ਸਰਦਾਰਾਂ, ਨਵਲ ਛਿੱਬੜ, ਗੁਰਮੇਲ ਸਿੰਘ ਮੇਹਲੀ, ਕਾਮੇਸ਼ਵਰ ਯਾਦਵ ਤੇ ਜਸਬੀਰ ਸਿੰਘ ਝੱਜ ਸ਼ਾਮਲ ਸਨ।

ਸਟੇਜ ਦੀ ਕਾਰਵਾਈ ਡਾਕਟਰ ਗੁਲਜ਼ਾਰ ਪੰਧੇਰ ਨੇ ਬਾਖੂਬੀ ਨਿਭਾਈ। ਆਏ ਹੋਏ ਸਾਥੀਆਂ ਦਾ ਸੁਆਗਤ ਡੇਹਲੋਂ ਅਤੇ ਮਲੌਦ ਦੇ ਬਲਾਕ ਸਕੱਤਰ ਭਗਵਾਨ ਸਿੰਘ ਸੋਮਲਖੇੜੀ ਨੇ ਕੀਤਾ।

ਕਾਮਰੇਡ ਗੁਰਮੇਲ ਦੇ ਭਰਾ ਕੁਲਵੰਤ ਸਿੰਘ ਨੇ ਸਭ ਸਾਥੀਆਂ ਦਾ ਧੰਨਵਾਦ ਕੀਤਾ। ਸ਼ਹੀਦੀ ਸਮਾਗਮ ਦੀ ਪ੍ਰਧਾਨਗੀ ਬੀਬੀ ਹਰਬੰਸ ਕੌਰ ਅਤੇ ਕੁਲਵੰਤ ਸਿੰਘ ਨੇ ਸਾਂਝੇ ਤੌਰ 'ਤੇ ਕੀਤੀ। ਪਾਰਟੀ ਦੀ ਜ਼ਿਲ੍ਹਾ ਕਮੇਟੀ ਦੇ ਮੈਂਬਰ ਕੇਵਲ ਸਿੰਘ ਬਨਵੈਤ, ਗੁਰਨਾਮ ਸਿੰਘ ਸਿਧਵਾਂ ਬੇਟ, ਕੁਲਵੰਤ ਕੌਰ ਸਿੱਧੂ, ਦੀਪਕ ਕੁਮਾਰ, ਪਰਮਜੀਤ ਐਡਵੋਕੇਟ, ਅਵਤਾਰ ਚਿੱਬੜ, ਨਿਰੰਜਨ ਸਿੰਘ ਤੇ ਕਰਤਾਰ ਰਾਮ ਹਾਜ਼ਰ ਸਨ। ਬਲਾਕ ਕਮੇਟੀ ਮੈਂਬਰ ਨਛੱਤਰ ਸਿੰਘ ਪੰਧੇਰ ਖੇੜੀ, ਰਣਜੀਤ ਸਿੰਘ ਪੰਧੇਰ ਖੇੜੀ, ਸਾਧੂ ਸਿੰਘ ਸਰਪੰਚ ਸਿਆੜ, ਸੁਦਾਗਰ ਸਿੰਘ ਸਿਆੜ, ਮਲਕੀਤ ਸਿੰਘ ਰਾਮਗੜ੍ਹ ਸਰਦਾਰਾਂ, ਦਰਬਾਰਾ ਸਿੰਘ ਰਾਮਗੜ੍ਹ ਸਰਦਾਰਾਂ, ਹਰਚੰਦ ਸਿੰਘ ਰਾਮਗੜ੍ਹ ਸਰਦਾਰਾਂ, ਹਰਬੰਸ ਸਿੰਘ ਗੋਰਾ, ਜੰਗ ਸਿੰਘ ਸਿਰਥਲਾ ਨੇ ਕਾਰਜ ਨੂੰ ਨੇਪਰੇ ਚਾੜ੍ਹਨ ਵਿੱਚ ਭਰਪੂਰ ਯੋਗਦਾਨ ਪਾਇਆ। ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਸਾਰਿਆਂ ਨੇ ਕਾਮਰੇਡ ਗੁਰਮੇਲ ਸਿੰਘ ਹੂੰਝਣ ਅਤੇ ਜੋਗਿੰਦਰ ਸਿੰਘ ਦੀ ਯਾਦ ਵਿੱਚ ਬਣੀ ਲਾਟ 'ਤੇ ਸ਼ਰਧਾ ਦੇ ਫੁੱਲ ਅਰਪਣ ਕੀਤੇ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਪ੍ਰਣ ਨੂੰ ਦੁਹਰਾਇਆ।

ਭਜਨ ਸਿੰਘ ਅਤੇ ਮਲਕੀਤ ਸਿੰਘ ਮਾਲੜਾ ਨੇ ਕਵਿਤਾ ਪਾਠ ਕੀਤੇ। ਇਪਟਾ ਮੋਗਾ ਦੀ ਟੀਮ ਵੱਲੋਂ ਸ਼ਹੀਦ ਭਗਤ ਸਿੰਘ ਦੀ ਜੀਵਨੀ 'ਤੇ ਅਧਾਰਤ ਨਾਟਕ 'ਛਿਪਣ ਤੋਂ ਪਹਿਲਾਂ' ਬਹੁਤ ਵਧੀਆ ਢੰਗ ਨਾਲ ਪੇਸ਼ ਕੀਤਾ ਗਿਆ।

### ਪ੍ਰਵੀਨ ਸੂਦ ਸੀ ਬੀ ਆਈ...

ਕੀਤੀ ਜਾਵੇਗੀ। ਹਿਮਾਚਲ ਦੇ ਕਾਂਗੜਾ ਦੇ ਸੂਦ ਦੇ ਪਿਤਾ ਓਮ ਪ੍ਰਕਾਸ਼ ਸੂਦ ਦਿੱਲੀ ਸਰਕਾਰ ਵਿਚ ਕਲਰਕ ਤੇ ਮਾਤਾ ਕਮਲੇਸ਼ ਸੂਦ ਦਿੱਲੀ 'ਚ ਸਰਕਾਰੀ ਟੀਚਰ ਸਨ। ਆਈ ਆਈ ਟੀ ਦਿੱਲੀ ਤੋਂ ਇਲੈਕਟ੍ਰੀਕਲ ਇੰਜੀਨੀਅਰਿੰਗ ਵਿਚ ਬੀ ਟੈਕ ਕਰਨ ਵਾਲੇ ਸੂਦ 1986 ਵਿਚ 22 ਸਾਲ ਦੀ ਉਮਰ 'ਚ ਆਈ ਪੀ ਐੱਸ ਬਣੇ ਤੇ ਉਨ੍ਹਾ ਨੂੰ ਕਰਨਾਟਕ ਕੇਡਰ ਮਿਲਿਆ ਸੀ। ਸਰਵਿਸ ਦੌਰਾਨ ਉਨ੍ਹਾ ਆਈ ਆਈ ਐੱਮ ਬੇਂਗਲੁਰੂ ਤੋਂ ਪਬਲਿਕ ਪੁਲਸ ਮੈਨੇਜਮੈਂਟ 'ਚ ਐੱਮ ਬੀ ਏ ਕੀਤੀ। ਸੂਦ ਦੀਆਂ ਦੋ ਬੇਟੀਆਂ ਹਨ। ਆਸ਼ਿਤਾ ਸੂਦ ਦਾ ਵਿਆਹ ਕ੍ਰਿਕਟਰ ਮਯੰਕ ਅਗਰਵਾਲ ਨਾਲ 2022 ਵਿਚ ਹੋਇਆ ਸੀ।

## ਡੀ ਏ ਵੀ ਪਬਲਿਕ ਸਕੂਲ ਦਾ 10ਵੀਂ ਤੇ 12ਵੀਂ ਦਾ ਨਤੀਜਾ ਸ਼ਾਨਦਾਰ



**ਰਾਜਪੁਰਾ (ਰਮੇਸ਼ ਕਟਾਰੀਆ)**-ਸੀ ਬੀ ਐਸ ਈ ਵੱਲੋਂ ਐਲਾਨੇ ਗਏ ਡੀਏਵੀ ਪਬਲਿਕ ਸਕੂਲ ਦਾ 10ਵੀਂ ਤੇ 12ਵੀਂ ਦਾ ਨਤੀਜਾ ਸ਼ਾਨਦਾਰ ਰਿਹਾ। ਸਕੂਲ ਦੇ ਵਿਦਿਆਰਥੀਆਂ ਨੇ ਆਪਣੀ ਰਵਾਇਤ 'ਤੇ ਚੱਲਦਿਆਂ ਇੱਕ ਵਾਰ ਫਿਰ ਦਸਵੀਂ ਤੇ ਬਾਰ੍ਹਵੀਂ ਜਮਾਤ ਦੀਆਂ ਪ੍ਰੀਖਿਆਵਾਂ 'ਚ ਸਕੂਲ ਦਾ ਨਾਂਅ ਰੌਸਨ ਕੀਤਾ।

ਦਸਵੀਂ ਜਮਾਤ ਦੀ ਵਿਦਿਆਰਥਣ ਅਮਨਪ੍ਰੀਤ ਨੇ 95.4 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਦਸਵੀਂ ਜਮਾਤ ਦਾ ਵਿਦਿਆਰਥੀ ਪ੍ਰਿੰਸ 94.6 ਫੀਸਦੀ ਅੰਕ ਲੈ ਕੇ ਦੂਜੇ ਤੇ ਅਮਨਪ੍ਰੀਤ ਕੌਰ 92.2 ਫੀਸਦੀ ਅੰਕ ਲੈ ਕੇ ਤੀਜੇ ਸਥਾਨ 'ਤੇ ਰਿਹਾ।

ਬਾਰ੍ਹਵੀਂ ਜਮਾਤ ਦੀ ਆਰਟਸ ਦੀ ਵਿਦਿਆਰਥਣ ਵੰਸ਼ਿਕਾ ਸਰਮਾ 92.8 ਫ਼ੀਸਦੀ ਅੰਕ ਲੈ ਕੇ ਪਹਿਲੇ, ਕਾਮਰਸ ਦੀ ਵਿਦਿਆਰਥਣ ਡਿੰਪਲ 91.8 ਫ਼ੀਸਦੀ ਅੰਕ ਲੈ ਕੇ ਪਹਿਲੇ ਅਤੇ ਸਾਇੰਸ ਦੀ ਵਿਦਿਆਰਥਣ ਤਮਸਾ 85 ਫ਼ੀਸਦੀ ਅੰਕ ਲੈ ਕੇ ਰਹੀ। ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਨੇ ਇਸ ਪ੍ਰਾਪਤੀ 'ਤੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਅਧਿਆਪਕਾਂ ਦੀ ਸਖਤ ਮਿਹਨਤ, ਲਗਨ, ਉਤਸ਼ਾਹ ਤੇ ਸਖਤ ਅਨੁਸ਼ਾਸਨ ਦਾ ਨਤੀਜਾ ਹੈ।

## ਅਨੰਦ ਈਸ਼ਵਰ ਠਾਠ ਜੌਹਲਾਂ 'ਚ ਧਾਰਮਿਕ ਦੀਵਾਨ 29 ਨੂੰ

**ਰਾਏਕੋਟ (ਇਕਬਾਲ ਸਿੰਘ ਵੇਰੂਰਾਈ)**-ਪਿੰਡ ਜੌਹਲਾਂ ਵਿਖੇ ਨਗਰ ਨਿਵਾਸੀ ਸੰਗਤਾਂ ਵੱਲੋਂ ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਅਨੰਦ ਈਸ਼ਵਰ ਦਰਬਾਰ ਬੱਧਨੀ ਕਲਾਂ ਵਾਲੇ ਸੰਤ ਬਾਬਾ ਜ਼ੋਰਾ ਸਿੰਘ ਜੀ ਅਤੇ ਬਾਬਾ ਗੁਰਬਖਸ਼ ਸਿੰਘ ਜੀ ਦੇ ਧਾਰਮਿਕ ਦੀਵਾਨ ਅਨੰਦ ਈਸ਼ਵਰ ਠਾਠ ਪਿੰਡ ਜੌਹਲਾਂ ਵਿਖੇ 29 ਮਈ ਤੋਂ 1 ਜੂਨ ਤੱਕ ਸਜਾਏ ਜਾਣਗੇ। ਸੇਵਾਦਾਰ ਸ਼ਿੰਗਾਰਾ ਸਿੰਘ ਨੇ ਦੱਸਿਆ ਕਿ ਇਹ ਧਾਰਮਿਕ ਦੀਵਾਨ 29 ਮਈ ਤੋਂ ਸ਼ੁਰੂ ਹੋ ਕੇ 1 ਜੂਨ ਤੱਕ ਚੱਲਣਗੇ। ਧਾਰਮਿਕ ਦੀਵਾਨਾਂ ਵਿੱਚ ਅੰਮ੍ਰਿਤ ਵੇਲੇ 2.30 ਵਜੇ ਤੋਂ 4.30 ਵਜੇ ਤੱਕ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਅਤੇ 4.30 ਵਜੇ ਤੋਂ ਲੈ ਕੇ 7 ਵਜੇ ਤੱਕ ਆਸਾ ਜੀ ਦੀ ਵਾਰ ਦਾ ਕੀਰਤਨ ਹੋਵੇਗਾ। ਸ਼ਾਮ 4.30 ਵਜੇ ਤੋਂ 8.30 ਵਜੇ ਤੱਕ ਕਥਾ ਕੀਰਤਨ ਹੋਵੇਗਾ ਤੇ ਰਾਤ 8.30 ਵਜੇ ਤੋਂ ਲੈ ਕੇ 10.30 ਵਜੇ ਤੱਕ ਸੰਤ ਮਹਾਂਪੁਰਖ ਆਪਣੇ ਪ੍ਰਵਚਨਾਂ ਰਾਂਹੀ ਸੰਗਤਾਂ ਨੂੰ ਨਿਹਾਲ ਕਰਨਗੇ। ਸਮਾਗਮ ਦੇ ਆਖਰੀ ਦਿਨ 1 ਜੂਨ ਨੂੰ ਅੰਮ੍ਰਿਤ ਸੰਚਾਰ ਸਵੇਰੇ 9 ਵਜੇ ਹੋਵੇਗਾ। ਸਮਾਗਮ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਉਨ੍ਹਾਂ ਇਲਾਕਾ ਨਿਵਾਸੀ ਸੰਗਤਾਂ ਨੂੰ ਵੱਡੀ ਗਿਣਤੀ 'ਚ ਸਮਾਗਮਾਂ 'ਚ ਪੁੱਜ ਕੇ ਸੰਤ ਮਹਾਂਪੁਰਖਾਂ ਦੇ ਪ੍ਰਵਚਨ ਸੁਣਨ ਦੀ ਅਪੀਲ ਕੀਤੀ।

## ਆਪ ਦੀ ਜਿੱਤ 'ਤੇ ਵਰਕਰਾਂ ਵੰਡੇ ਲੱਡੂ



**ਬਾਘਾ ਪੁਰਾਣਾ (ਮਨੀ ਸਿਗਲਾ)**-ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਰਿੰਕੂ ਦੀ ਹੋਈ ਸ਼ਾਨਦਾਰ ਜਿੱਤ 'ਤੇ ਬਾਘਾ ਪੁਰਾਣਾ ਦੇ ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੇ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੀ ਅਗਵਾਈ ਵਿਚ ਖੁਸ਼ੀ ਦਾ ਇਜ਼ਹਾਰ ਕਰਦਿਆਂ ਸ਼ਹਿਰ ਵਿਚ ਲੱਡੂ ਵੰਡ ਕੇ ਖੁਸ਼ੀ ਮਨਾਈ ਤੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਵੱਲੋਂ ਕੀਤੇ ਕੰਮਾਂ ਕਰ ਕੇ ਹੀ ਜਲੰਧਰ ਵਾਸੀਆਂ ਨੇ ਆਪ ਉਮੀਦਵਾਰ ਸੁਸ਼ੀਲ ਰਿੰਕੂ ਦੇ ਹੱਕ ਵਿਚ ਫਤਵਾ ਦਿੱਤਾ ਹੈ ਅਤੇ ਕਾਂਗਰਸੀਆਂ ਦਾ ਗੜ੍ਹ ਤੋੜਿਆ ਹੈ। ਖੁਸ਼ੀ ਦਾ ਇਜ਼ਹਾਰ ਕਰਦਿਆਂ ਆਪ ਆਗੂ ਬਿਕਰਮਜੀਤ ਸਿੰਘ ਸੁਖਾਨੰਦ, ਸੋਨੀ ਧਾਲੀਵਾਲ ਮਾੜੀ, ਰਵੀ ਮੌੜ, ਗੁਰਪ੍ਰੀਤ ਥਰਾਜ ਬਲਾਕ ਪ੍ਰਧਾਨ, ਕੁਲਜੀਤ ਸਿੰਘ ਲੱਖਾ ਸਰਕਲ ਪ੍ਰਧਾਨ ਤੇ ਹੋਰ ਆਗੂਆਂ ਨੇ ਕਿਹਾ ਕਿ ਸਿਰਫ਼ ਆਮ ਆਦਮੀ ਪਾਰਟੀ ਹੀ ਸਿੱਖਿਆ ਅਤੇ ਬਰਾਬਰ ਮੌਕੇ ਦੇ ਕੇ ਸਮਾਜ ਦੇ ਹਰ ਵਰਗ ਦਾ ਵਿਕਾਸ ਕਰਨਾ ਚਾਹੁੰਦੀ ਹੈ। ਹੁਣ ਸੁਸ਼ੀਲ ਕੁਮਾਰ ਰਿੰਕੂ ਸਮਾਜ ਦੇ ਹਰ ਵਰਗ ਦੇ ਸਮਰਥਨ ਦੇ ਨਾਲ ਇਹ ਸੀਟ ਜਿੱਤੀ ਹੈ ਤੇ ਸੰਸਦ ਵਿਚ ਵੀ ਹਰ ਵਰਗ ਦੀ ਨੁਮਾਇੰਦਗੀ ਕਰਨਗੇ।

ਇਸ ਮੌਕੇ ਵੱਡੀ ਗਿਣਤੀ ਵਿਚ ਆਪ ਆਗੂ ਤੇ ਵਰਕਰ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਅਗਾਂਹਵਧੂ ਕਿਸਾਨ ਗੁਰਮੁੱਖ ਸਿੰਘ ਨੇ ਕੁਦਰਤੀ ਤਰੀਕਿਆਂ ਨਾਲ ਖੇਤੀ ਕਰਕੇ ਮਿਸਾਲ ਪੈਦਾ ਕੀਤੀ



**ਧਾਰੀਵਾਲ (ਗੁਰਦਾਸਪੁਰ), (ਮਨਦੀਪ ਸਿੰਘ ਵਿੱਕੀ)**-ਕੁਦਰਤੀ ਤਰੀਕਿਆਂ ਨਾਲ ਖੇਤੀ ਕਰਕੇ ਅਗਾਂਹਵਧੂ ਕਿਸਾਨ ਗੁਰਮੁੱਖ ਸਿੰਘ ਪੁੱਤਰ ਭੋਲਾ ਸਿੰਘ ਵਾਸੀ ਪਿੰਡ ਰੰਗੀਲਪੁਰ, ਬਲਾਕ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਨੇ ਹੋਰਨਾਂ ਕਿਸਾਨਾਂ ਲਈ ਮਿਸਾਲ ਪੈਦਾ ਕੀਤੀ ਹੈ ਅਤੇ ਅਜੋਕੇ ਸਮੇਂ ਨੂੰ ਧਿਆਨ ਵਿੱਚ ਰੱਖਦਿਆਂ ਪਾਣੀ ਬਚਾਉਣ ਤੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਆਪਣਾ ਵਿਸ਼ਾਲ ਯੋਗਦਾਨ ਪਾ ਰਿਹਾ ਹੈ। ਅਗਾਂਹਵਧੂ ਕਿਸਾਨ ਗੁਰਮੁੱਖ ਸਿੰਘ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਸਦੀ ਪਤਨੀ ਅਤੇ ਦੋ ਬੱਚੇ ਅਤੇ ਇਕ ਭਰਾ ਦਾ ਪਰਿਵਾਰ ਕੁਦਰਤੀ ਖੇਤੀ ਕਰ ਰਿਹਾ ਹੈ ਅਤੇ ਛੋਟੀ ਉਮਰ ਵਿੱਚ ਮਾਤਾ ਪਿਤਾ ਦਾ ਸਾਇਆ ਉੱਠ ਜਾਣ ਕਰਕੇ ਬਚਪਨ ਵਿੱਚ ਹੀ ਘਰ ਦੀ ਜ਼ਿੰਮੇਵਾਰੀ ਆਪਣੇ ਉੱਪਰ ਲੈਣੀ ਪਈ। ਉਨਾਂ ਦੱਸਿਆ ਕਿ ਬਾਰ੍ਹਵੀਂ ਤੱਕ ਦੀ ਪੜ੍ਹਾਈ ਪੂਰੀ ਕਰਨ ਤੋ ਬਾਅਦ ਖੇਤੀਬਾੜੀ ਦਾ ਕੰਮ ਪੂਰੀ ਤਨਦੇਹੀ ਅਤੇ ਮਿਹਨਤ ਨਾਲ ਨਿਭਾਇਆ। ਆਪਣੇ ਪਿਤਾ ਪੁਰਖੀ ਅਣਥੱਕ ਮਿਹਨਤ ਨਾਲ ਵਾਹੀ ਕਰਕੇ ਰਕਬੇ ਵਿੱਚ ਵਾਧਾ ਕੀਤਾ। ਉਨਾਂ ਦੇ ਪਰਿਵਾਰਿਕ ਮੈਂਬਰ ਵੀ ਖੇਤੀ ਵਿੱਚ ਹੱਥ ਵਟਾਉਦੇ ਹਨ। ਜਿੱਥੇ ਕਿਸਾਨ ਅੱਜਕੱਲ ਕਿਸਾਨ ਰਸਾਇਣਿਕ ਖਾਦਾਂ ਅਤੇ ਦਵਾਈਆਂ ਦੀ ਵਰਤੋ ਕਰਦੇ ਹਨ ਜਿਸ ਨਾਲ ਮਿੱਟੀ ਪਾਣੀ ਦੂਸ਼ਿਤ ਹੁੰਦਾ ਹੈ ਅਤੇ ਨਾਲ ਹੀ ਮਨੁੱਖੀ ਜੀਵਨ ਤੇ ਮਾੜਾ ਅਸਰ ਪੈ ਰਿਹਾ ਹੈ। ਇਹਨਾ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਉਸਨੇ ਰਸਾਇਣਿਕ ਖਾਦਾਂ ਅਤੇ ਦਵਾਈਆਂ ਦੀ ਵਰਤੋਂ ਦੀ ਬਿਜਾਏ ਕੁਦਰਤੀ ਤਰੀਕਿਆ ਨਾਲ ਖੇਤੀ ਕਰਨ ਨੂੰ ਤਰਜੀਹ ਦਿੱਤੀ ਹੈ। ਇਹ ਕਿਸਾਨ ਖੇਤੀ ਵਿੱਚ ਆਪਣੇ ਪੱਧਰ ਤੇ ਹੀ ਸੀਮਿਤ ਨਹੀ ਬਲਕਿ ਇਸ ਨੇ ਕੁਦਰਤੀ ਖੇਤੀ ਵਿਰਾਸਤ ਮਿਸ਼ਨ ਨਾਲ ਮੋਢੇ ਨਾਲ ਮੋਢਾ ਜੋੜ ਕੇ ਜੈਵਿਕ ਅਤੇ ਕੁਦਰਤੀ ਖੇਤੀ ਸੁਚਾਰੂ ਢੰਗਾਂ ਨਾਲ ਵੱਧ ਤੋ ਵੱਧ ਕਰਨ ਲਈ ਪੰਜਾਬ ਅਤੇ ਬਾਹਰਲੇ ਰਾਜਾਂ ਤੋ ਕੁਦਰਤੀ ਖੇਤੀ ਮਹਿਰਾ ਦੇ ਸਹਿਯੋਗ ਨਾਲ ਕੈਂਪ ਲਗਵਾ ਕੇ ਕੁਦਰਤੀ ਖੇਤੀ ਗਿਆਨ ਨੂੰ ਹੋਰਨਾਂ ਲੋਕਾ ਤੱਕ ਪਹੁੰਚਾ ਰਹੇ ਹਨ। ਇਸ ਕਿਸਾਨ ਦੀ ਅਗਾਂਹ ਵਧੂ ਸੋਚ ਨੂੰ ਮੁੱਖ ਰੱਖਦੇ ਹੋਏ ਆਤਮਾ ਸਕੀਮ ਬਟਾਲਾ ਵੱਲੋ ਬਲਾਕ ਫਾਰਮਰ ਐਡਵਾਈਜ਼ਰੀ ਕਮੇਟੀ ਦਾ ਮੈਂਬਰ ਅਤੇ ਕਿਸਾਨ ਮਿੱਤਰ ਵਜੋਂ ਸ਼ਾਮਿਲ ਹੈ। ਉਨਾਂ ਦੱਸਿਆ ਕਿ ਪੰਜਾਬ ਸਰਕਾਰ ਦੇ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਸ੍ਰੀ ਹਰਗੋਬਿੰਦਪੁਰ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਤੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵਲੋਂ ਉਸਦੇ ਖੇਤੀ ਫਾਰਮ ਦਾ ਦੋਰਾ ਕੀਤਾ ਗਿਆ ਸੀ ਤੇ ਉਸ ਵਲੋਂ ਵਲੋਂ ਕੀਤੇ ਜਾ ਰਹੇ ਕੰਮ ਦੀ ਭਰਵੀਂ ਸ਼ਲਾਘਾ ਕੀਤੀ ਸੀ।

# ਡੀ ਏ ਵੀ ਪਬਲਿਕ ਸਕੂਲ ਝਬਾਲ ਵਿਖੇ ਮਾਂ ਦਿਵਸ ਬੜੀ ਧੂਮਧਾਮ ਨਾਲ ਮਨਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**- ਜੇ. ਆਰ. ਐੱਸ. ਡੀਏਵੀ ਪਬਲਿਕ ਸਕੂਲ ਝਬਾਲ ਵਿਖੇ ਪੂਨਮ ਸੂਰੀ ਪ੍ਰਧਾਨ ਡੀ ਏ ਵੀ ਕਾਲਜ ਪ੍ਰਬੰਧਕ ਕਮੇਟੀ, ਆਰਿਆ ਪ੍ਰਾਦੇਸ਼ਕ ਪ੍ਰਤੀਨਿਧੀ ਸਭਾ ਨਵੀਂ ਦਿੱਲੀ ਅਤੇ ਆਰਿਆ ਪ੍ਰਦੇਸ਼ਕ ਉਪ-ਸਭਾ ਪੰਜਾਬ ਦੇ ਪ੍ਰਧਾਨ ਡਾਕਟਰ ਜੇ ਪੀ ਸ਼ੂਰ ਦੇ ਦਿਸ਼ਾ ਨਿਰਦੇਸ਼ਨ, ਚੇਅਰਮੈਨ ਮਹੇਸ਼ ਚੋਪੜਾ ,ਪੰਜਾਬ ਜੋਨ- ਏ ਦੇ ਖੇਤਰੀ ਅਧਿਕਾਰੀ ਡਾਕਟਰ ਨੀਲਮ ਕਾਮਰਾ , ਸਕੂਲ ਦੇ ਮੈਨੇਜਰ ਨੀਰਾ ਸਰਮਾ ਅਤੇ ਜੇ ਆਰ ਐਸ ਡੀ ਏ ਵੀ ਪਬਲਿਕ ਸਕੂਲ ਝਬਾਲ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਦੀ ਯੋਗ ਅਗਵਾਈ ਵਿੱਚ ਜੇ ਆਰ ਐਸ ਡੀ ਏ ਵੀ ਪਬਲਿਕ ਸਕੂਲ ਝਬਾਲ ਵਿਖੇ 'ਮਾਂ ਦਿਵਸ (ਮਦਰ ਡੇਅ) ਬੜੀ ਧੂਮਧਾਮ ਨਾਲ ਮਨਾਇਆ ਗਿਆ।ਜਿਸ ਵਿੱਚ ਬੱਚਿਆਂ ਨੇ ਆਪਣੀ ਮਾਂ ਪ੍ਰਤੀ ਆਪਣੇ ਪਿਆਰ ਅਤੇ ਸਤਿਕਾਰ ਨੂੰ ਪ੍ਰਗਟ ਕਰਨ ਲਈ ਕਵਿਤਾਵਾਂ, ਗੀਤ, ਨਾਚ ਅਤੇ ਸਕਿਟ ਪੇਸ਼ ਕੀਤੇ। ਇਸ ਮੌਕੇ ਬੱਚਿਆਂ ਦੇ ਕਾਰਡ ਬਣਾਉਣ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਨੇ ਵੀ ਆਪਣੇ ਮਾਤਾ ਦੇ ਸਤਿਕਾਰ ਵਿੱਚ ਸਵੈ-ਰਚਿਤ ਕਵਿਤਾ ਬੋਲੀ ਅਤੇ ਬੱਚਿਆਂ ਨੂੰ ਆਪਣੇ ਮਾਤਾ-ਪਿਤਾ ਦਾ ਸਤਿਕਾਰ ਕਰਨ ਲਈ ਪ੍ਰੇਰਿਤ ਕੀਤਾ। ਮੈਡਮ ਰੰਜੂ ਸਚਦੇਵਾ ਨੇ ਬੱਚਿਆਂ ਨੂੰ ਆਪਣੇ ਮਾਤਾ ਪਿਤਾ ਦਾ ਸਤਿਕਾਰ ਕਰਨ ਅਤੇ ਆਪਣੀ ਮਾਤਾ ਦੀ ਮਦਦ ਕਰਨ ਲਈ ਪ੍ਰੇਰਿਤ ਕੀਤਾ।

# ਡਾ. ਸਿਮਰਨਜੀਤ ਕੌਰ ਵੱਲੋਂ ਲਿਖੀ ਕਿਤਾਬ ਡਾ. ਇੰਦਰਜੀਤ ਕੌਰ ਵੱਲੋਂ ਰਿਲੀਜ਼




**ਅੰਮ੍ਰਿਤਸਰ/ਮਾਨਾਂਵਾਲਾ (ਨਰਿੰਦਰਜੀਤ ਸਿੰਘ, ਮਨਦੀਪ ਸਿੰਘ ਜੰਮੂ)**-ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਅੰਮ੍ਰਿਤਸਰ) ਦੀ ਮਾਨਾਂਵਾਲਾ ਬ੍ਰਾਂਚ ਵਿਖੇ ਕਾਨੂੰਨ ਵਿਸ਼ੇ ਦੇ ਮਾਹਿਰ ਡਾ. ਸਿਮਰਨਜੀਤ ਕੌਰ ਵੱਲੋਂ ਲਿਖੀ ਗਈ ਕਿਤਾਬ 'ਰੋਲ ਆਫ ਨਾਨ ਗਵਰਨਮੈਂਟਲ ਆਰਗੇਨਾਈਜ਼ੇਸ਼ਨ ਇਨ ਪ੍ਰੋਟੈਕਸ਼ਨ ਆਫ ਹਿਊਮਨ ਰਾਈਟਸ ਇਨ ਇੰਡੀਆ' ਸਿਰਲੇਖ ਵਾਲੀ ਪੁਸਤਕ ਪਿੰਗਲਵਾੜਾ ਸੰਸਥਾ ਦੇ ਮੁੱਖ ਸੇਵਾਦਾਰ ਡਾ. ਇੰਦਰਜੀਤ ਕੌਰ ਵੱਲੋਂ ਆਪਣੇ ਕਰ ਕਲਮਾਂ ਨਾਲ ਰਿਲੀਜ਼ ਕੀਤੀ ਗਈ। ਸਾਦੇ ਜਿਹੇ ਸਮਾਗਮ ਵਿੱਚ ਪ੍ਰੈੱਸ ਨਾਲ ਗੱਲਬਾਤ ਕਰਦੇ ਹੋਏ ਪੁਸਤਕ ਦੇ ਲੇਖਕ ਡਾ. ਸਿਮਰਨਜੀਤ ਕੌਰ ਨੇ ਕਿਹਾ ਕਿ ਮਨੁੱਖੀ ਅਧਿਕਾਰਾਂ ਪ੍ਰਤੀ ਲਿਖੀ ਗਈ ਇਸ ਪੁਸਤਕ ਨੂੰ ਰਿਲੀਜ਼ ਕਰਨ ਲਈ ਉਨ੍ਹਾਂ ਨੂੰ ਇਸ ਤੋਂ ਪਵਿੱਤਰ ਥਾਂ ਕੋਈ ਨਹੀਂ ਲੱਭੀ, ਕਿਉਂਕਿ ਇਹ ਥਾਂ ਸਰਬੱਤ ਦੇ ਭਲੇ ਅਤੇ ਮਨੁੱਖਤਾ ਦਾ ਮੰਦਰ ਹੈ ਅਤੇ ਉਹ ਭਗਤ ਪੂਰਨ ਸਿੰਘ ਅਤੇ ਡਾ. ਇੰਦਰਜੀਤ ਕੌਰ ਦੀ ਮਨੁੱਖਤਾ ਪ੍ਰਤੀ ਭਲਾਈ ਵਾਲੀ ਸੋਚ ਤੋਂ ਬਹੁਤ ਪ੍ਰਭਾਵਿਤ ਹਨ। ਉਨ੍ਹਾਂ ਕਿਹਾ ਕਿ ਇਹ ਕਿਤਾਬ ਲਿਖਣ ਦਾ ਮਕਸਦ ਇਹ ਹੈ ਕਿ ਸਰਕਾਰਾਂ ਅਤੇ ਐੱਨ.ਜੀ.ਓ. ਵਿੱਚ ਤਾਲਮੇਲ ਵਧੇ ਤਾਂ ਜੋ ਸਰਕਾਰੀ ਸਕੀਮਾਂ ਸਹੀ ਅਰਥਾਂ ਵਿੱਚ ਲੋੜਵੰਦਾਂ ਤੱਕ ਵਧੀਆ ਤਰੀਕੇ ਨਾਲ ਪਹੁੰਚ ਸਕਣ। ਇਸ ਮੌਕੇ ਪੁਸਤਕ ਦੀ ਘੁੰਡ ਚੁਕਾਈ ਕਰਦੇ ਹੋਏ ਡਾ. ਇੰਦਰਜੀਤ ਕੌਰ ਨੇ ਡਾ: ਸਿਮਰਨਜੀਤ ਕੌਰ ਅਤੇ ਉਨ੍ਹਾਂ ਦੇ ਪਰਿਵਾਰਕ ਸਕੇ ਸਬੰਧੀਆਂ ਨੂੰ ਵਧਾਈ ਦਿੱਤੀ, ਜਿਨ੍ਹਾਂ ਦੇ ਸਹਿਯੋਗ ਨਾਲ ਲੇਖਿਕਾ ਨੇ ਗਿਆਨ ਭਰਪੂਰ ਡਾਟਾ ਇਕੱਤਰ ਕਰਕੇ ਇਸ ਪੁਸਤਕ ਨੂੰ ਬੜੇ ਖ਼ੂਬਸੂਰਤ ਢੰਗ ਨਾਲ ਲਿਖਿਆ। ਉਨ੍ਹਾਂ ਕਿਹਾ ਕਿ ਇਹ ਪੁਸਤਕ ਐਨ. ਜੀ. ਓ., ਸਰਕਾਰਾਂ ਅਤੇ ਆਮ ਪਾਠਕਾਂ ਲਈ ਬਹੁਤ ਲਾਹੇਵੰਦ ਹੋਵੇਗੀ ਕਿਉਂਕਿ ਬਹੁਤ ਸਾਰੀ ਜਾਣਕਾਰੀ ਬੜੇ ਸੁਚੱਜੇ ਢੰਗ ਨਾਲ ਕਲਮਬੱਧ ਕੀਤੀ ਗਈ ਹੈ। ਡਾ. ਇੰਦਰਜੀਤ ਕੌਰ ਨੇ ਕਿਹਾ ਕਿ ਮਨੁੱਖਤਾ ਦੀ ਭਲਾਈ ਲਈ ਸਮਾਜ ਵਿੱਚ ਅਜੇ ਬਹੁਤ ਕੰਮ ਕਰਨੇ ਲੋੜੀਂਦੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਨਵਾਂ ਨਰੋਆ ਸਮਾਜ ਸਿਰਜਣ ਲਈ ਸਰਕਾਰਾਂ, ਐੱਨ.ਜੀ.ਓ. ਅਤੇ ਆਮ ਲੋਕ ਮਿਲ ਕੇ ਕੰਮ ਕਰਨਗੇ ਤਾਂ ਬਹੁਤ ਵੱਡੀਆਂ ਮੁਸ਼ਕਿਲਾਂ ਨੂੰ ਅਸੀ ਸਹਿਜੇ ਨਾਲ ਨਜਿੱਠ ਲਵਾਂਗੇ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਯਾਦਵਿੰਦਰ ਸਿੰਘ, ਸਟੇਟ ਕੁਆਰਡੀਨੇਟਰ, ਬਚਪਨ ਬਚਾਓ ਅੰਦੋਲਨ ਨੇ ਆਪਣੇ ਵਿਚਾਰਾਂ ਦੀ ਵੀ ਸਾਂਝ ਪ੍ਰਗਟ ਕੀਤੀ। ਇਸ ਮੌਕੇ ਬੂਟਾ ਸਿੰਘ ਫਰੀਦਕੋਟ, ਸੁਖਵਿੰਦਰ ਸਿੰਘ, ਗੁਰਮਨਦੀਪ ਸਿੰਘ, ਅਵਨੀਤ ਕੌਰ ਕਰੀਰ, ਸਤਨਾਮ ਸਿੰਘ ਫਰੀਦਕੋਟ, ਪਰਮਿੰਦਰ ਸਿੰਘ ਭੱਟੀ, ਸੁਰਿੰਦਰ ਕੌਰ ਭੱਟੀ, ਕਰਨਲ ਦਰਸ਼ਨ ਸਿੰਘ ਬਾਵਾ, ਬਖਸ਼ੀਸ਼ ਸਿੰਘ, ਜੈ ਸਿੰਘ, ਨਰਿੰਦਰਪਾਲ ਸਿੰਘ, ਜਤਿੰਦਰ ਸਿੰਘ, ਡਾ. ਤਰਲੋਚਨ ਸਿੰਘ, ਸੰਦੀਪ ਕੌਰ, ਦਲਜੀਤ ਕੌਰ, ਯੋਗੇਸ਼ ਸੂਰੀ, ਗੁਲਸ਼ਨ ਰੰਜਨ, ਅਨੀਤਾ ਬੱਤਰਾ, ਰਿਤੂ ਸ਼ਰਮਾ, ਮੀਨਾ ਦੇਵੀ ਅਤੇ ਵੱਖ-ਵੱਖ ਵਾਰਡਾਂ ਅਤੇ ਬ੍ਰਾਂਚਾਂ ਦੇ ਇੰਚਾਰਜ ਆਦਿ ਹਾਜ਼ਰ ਸਨ। ਮੰਚ ਸੰਚਾਲਨ ਐਡਵੋਕੇਟ ਨਵਦੀਪ ਸਿੰਘ ਕਰੀਰ ਜ਼ੀਰਾ ਨੇ ਬਾਖ਼ੂਬੀ ਨਿਭਾਇਆ।

# ਆਸ਼ਾ ਵਰਕਰ ਤੇ ਫੈਸਿਲੀਟੇਟਰ ਯੂਨੀਅਨ ਚੋਹਲਾ ਸਾਹਿਬ ਇਕਾਈ ਦੀ ਚੋਣ ਕੀਤੀ ਗਈ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਆਸ਼ਾ ਵਰਕਰਾਂ ਦਾ ਅਜਲਾਸ ਰਜਿੰਦਰ ਕੌਰ ਜ਼ਿਲ੍ਹਾ ਪ੍ਰਧਾਨ ਆਸ਼ਾ ਵਰਕਰ ਅਤੇ ਫੈਸਿਲੀਟੇਟਰ ਯੂਨੀਅਨ ਤਰਨ ਤਾਰਨ ਦੀ ਪ੍ਰਧਾਨਗੀ ਹੇਠ ਹੋਇਆ ਜਿਸ ਵਿਚ ਨਛੱਤਰ ਸਿੰਘ ਜ਼ਿਲ੍ਹਾ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ, ਡੀ. ਟੀ. ਐੱਫ. ਤਰਨ ਤਾਰਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਠੱਠਗੜ੍ਹ, ਜਨਰਲ ਸਕੱਤਰ ਕਸ਼ਮੀਰ ਸਿੰਘ ਚੋਹਲਾ, ਸੀਨੀਅਰ ਮੀਤ ਪ੍ਰਧਾਨ ਕੰਵਰਦੀਪ ਸਿੰਘ ਢਿੱਲੋਂ, ਦਿਲਬਾਗ ਸਿੰਘ ਹਾਜ਼ਰ ਹੋਏ। ਇਸ ਵਿਚ ਆਸ਼ਾ ਵਰਕਰ ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਰਜਿੰਦਰ ਕੌਰ, ਜਨਰਲ ਸਕੱਤਰ ਹਰਜਿੰਦਰ ਕੌਰ, ਹਰਜੀਤ ਕੌਰ, ਮਿਡ ਡੇ ਮੀਲ ਤੋਂ ਪਰਮਜੀਤ ਕੌਰ ਵੈਰੋਵਾਲ ਆਦਿ ਹਾਜ਼ਰ ਹੋਏ। ਅੱਜ ਦੇ ਅਜਲਾਸ ਵਿਚ ਸਰਿਆਂ ਦੀ ਸਹਿਮਤੀ ਨਾਲ ਬਲਾਕ ਕਮੇਟੀ ਦੀ ਚੋਣ ਕੀਤੀ ਗਈ। ਇਸ ਵਿਚ ਹਰਜੀਤ ਕੌਰ ਬਿਲਿਆਂਵਾਲੀ ਪ੍ਰਧਾਨ, ਵੀਰਪਾਲ ਕੌਰ ਜਨਰਲ ਸਕੱਤਰ, ਅਮਰਜੀਤ ਕੌਰ ਵਿਤ ਸਕੱਤਰ, ਰਣਜੀਤ ਕੌਰ ਪ੍ਰੈੱਸ ਸਕੱਤਰ, ਮਨਜੀਤ ਕੌਰ ਅਤੇ ਰਾਜਬੀਰ ਕੌਰ ਮੀਤ ਪ੍ਰਧਾਨ, ਸੁਖਬੀਰ ਕੌਰ, ਰਾਜ ਕੌਰ, ਦਵਿੰਦਰ ਕੌਰ, ਹਰਜਿੰਦਰ ਕੌਰ, ਬਲਵਿੰਦਰ ਕੌਰ ਅਤੇ ਸਰਬਜੀਤ ਕੌਰ ਮੈਂਬਰ ਚੁਣੇ ਗਏ।

# ਈ-ਸੇਵਾ ਰਾਹੀਂ ਦਿੱਤੀਆਂ ਜਾਂਦੀਆਂ ਸੇਵਾਵਾਂ ਦੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੋਂ ਲਈ ਜਾਣਕਾਰੀ



**ਮਜੀਠਾ (ਸੋਇਮ ਆਨੰਦ)**-ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਨਾਗਰਿਕਾਂ ਨੂੰ ਇੱਕ ਹੀ ਛੱਤ ਦੇ ਹੇਠਾਂ ਵੱਖ-ਵੱਖ ਸੁਵਿਧਾਵਾਂ ਦੇਣ ਦੇ ਮਕਸਦ ਨਾਲ ਆਨਲਾਈਨ ਈ ਸੇਵਾ ਪੋਰਟਲ ਸ਼ੁਰੂ ਕੀਤੀ ਹੈ ਜਿਸ ਰਾਹੀਂ ਲੋਕਾਂ ਨੂੰ ਵੱਖ-ਵੱਖ ਵਿਭਾਗਾਂ ਤੋਂ ਮਿਲਣ ਵਾਲੀਆਂ ਸੁਵਿਧਾਵਾਂ ਬਿਨਾਂ ਕਿਸੇ ਖੱਜਲ ਖੁਆਰੀ ਅਤੇ ਸਮਾਂ ਬਰਬਾਦ ਕਰਨ ਦੇ ਮਿਲ ਰਹੀਆਂ ਹਨ। ਈ ਸੇਵਾ ਪੋਰਟਲ ਰਾਹੀਂ ਮਿਲਣ ਵਾਲੀਆਂ ਇਨ੍ਹਾਂ ਸੁਵਿਧਾਵਾਂ ਦੀ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਮਰਚਾਰੀਆਂ ਤੋਂ ਜਾਣਕਾਰੀ ਲੈਣ ਵਾਸਤੇ ਐੱਸਡੀਐੱਮ ਦਫਤਰ ਮਜੀਠਾ ਵਿਖੇ ਸੱਦੀ ਇੱਕ ਮੀਟਿੰਗ ਤੋਂ ਬਾਅਦ ਗੱਲਬਾਤ ਕਰਦਿਆਂ ਐੱਸਡੀਐੱਮ ਮਜੀਠਾ ਡਾ: ਹਰਨੂਰ ਕੌਰ ਢਿੱਲੋਂ ਨੇ ਕਿਹਾ ਕਿ ਇਨ੍ਹਾਂ ਸੁਵਿਧਾਵਾਂ ਰਾਹੀਂ ਇੱਕ ਤਾਂ ਲੋਕਾਂ ਦਾ ਸਮਾਂ ਬਰਬਾਦ ਨਹੀ ਹੁੰਦਾ ਅਤੇ ਬਿਨਾਂ ਵਾਧੂ ਪੈਸੇ ਖਰਚ ਕੀਤੇ ਅਤੇ ਖੱਜਲ ਖੁਆਰੀ ਦੇ ਇਹ ਸੁਵਿਧਾਵਾਂ ਇੱਕ ਹੀ ਛੱਤ ਹੇਠਾਂ ਮਿਲ ਰਹੀਆਂ ਹਨ। ਡਾ: ਢਿੱਲੋਂ ਨੇ ਕਿਹਾ ਕਿ ਉਨ੍ਹਾਂ ਵੱਲੋਂ ਮਜੀਠਾ ਹਲਕੇ ਅਧੀਨ ਆਉਂਦੇ ਵੱਖ ਵੱਖ ਵਿਭਾਗਾਂ, ਸਿਹਤ ਵਿਭਾਗ, ਪੁਲਿਸ ਪ੍ਰਸ਼ਾਸ਼ਨ, ਨਗਰ ਕੌਂਸਲ, ਬਲਾਕ ਵਿਕਾਸ ਤੇ ਪੰਚਾਇਤ ਵਿਭਾਗ, ਸੀਡੀਪੀਓ ਦਫਤਰ, ਖੇਤੀਬਾੜ ਵਿਭਾਗ, ਸੇਵਾ ਕੇਂਦਰ, ਤਹਿਸੀਲ ਦਫਤਰ ਆਦਿ ਵਿਭਾਗਾਂ ਦੇ ਅਧਿਕਾਰੀਆਂ ਕਰਮਚਾਰੀਆਂ ਪਾਸੋਂ ਇਸ ਸੁਵਿਧਾ ਬਾਬਤ ਜਾਣਕਾਰੀ ਲਈ।

ਉਨ੍ਹਾਂ ਨੇ ਤਸੱਲੀ ਜ਼ਾਹਿਰ ਕਰਦਿਆਂ ਦੱਸਿਆ ਕਿ ਲੋਕਾਂ ਦੇ ਜ਼ਰੂਰੀ ਦਸਤਾਵੇਜ਼ ਬਿਨਾਂ ਕਿਸੇ ਰੁਕਾਵਟ ਪਾਰਦਰਸ਼ੀ ਢੰਗ ਨਾਲ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸੇ ਤਰ੍ਹਾਂ ਦੀ ਕੁਤਾਹੀ ਅਤੇ ਢਿੱਲ ਮੱਠ ਬਰਦਾਸ਼ਤ ਨਹੀ ਕੀਤੀ ਜਾਵੇਗੀ। ਉਨ੍ਹਾਂ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਆਨ ਲਾਈਨ ਈ ਸੇਵਾ ਪੋਰਟਲ ਰਾਹੀਂ ਸੁਵਿਧਾਵਾਂ ਲੈਣ ਲਈ ਅਧਿਕਾਰੀਆਂ ਅਤੇ ਕਮਰਚਾਰੀਆਂ ਨੂੰ ਸਹਿਯੋਗ ਦਿੱਤਾ ਜਾਵੇ ਤਾਂ ਕਿ ਕਿਸੇ ਵੀ ਮੁਕਸ਼ਲ ਨੂੰ ਆਸਾਨ ਤਰੀਕੇ ਨਾਲ ਹੱਲ ਕਰ ਲਿਆ ਜਾਵੇ। ਇਸ ਮੌਕੇ ਐੱਸਡੀਐੱਮ ਮਜੀਠਾ ਡਾ: ਹਰਨੂਰ ਕੌਰ ਢਿੱਲੋਂ, ਤਹਿਸੀਲਦਾਰ ਰਤਨਜੀਤ ਖੁੱਲਰ, ਸੀਨੀਅਰ ਮੈਡੀਕਲ ਅਫਸਰ ਥਰੀਏਵਾਲ ਡਾ: ਹਰਕੰਵਲਜੀਤ ਸਿੰਘ, ਮੈਡੀਕਲ ਅਫਸਰ ਮਜੀਠਾ ਡਾ: ਰਾਜਬੀਰ ਸਿੰਘ, ਸੀਡੀਪੀਓ ਮਜੀਠਾ ਗਗਨਦੀਪ ਸਿੰਘ, ਕਮਲ ਕਾਹਲੋਂ ਏਈਓ ਖੇਤੀਬਾੜੀ ਵਿਭਾਗ, ਸਾਹਿਲ ਜੋਸ਼ੀ ਸੇਵਾ ਕੇਂਦਰ, ਨਿਰਮਲ ਸਿੰਘ ਏਐਸਆਈ ਥਾਣਾ ਕੱਥੂਨੰਗਲ, ਸਾਹਿਲ ਮੱਟੂ ਸਿਹਤ ਵਿਭਾਗ, ਹਰਪ੍ਰੀਤ ਸਿੰਘ ਐਮਟੀਸੀ, ਲਵ ਕੁਮਾਰ ਨਗਰ ਕੌਂਸਲ ਮਜੀਠਾ, ਸੰਜੀਵ ਕੁਮਾਰ, ਤਹਿਸੀਲ ਦਫਤਰ ਮਜੀਠਾ, ਸੁਖਵਿੰਦਰ ਸਿੰਘ, ਰੀਡਰ ਵਰਿੰਦਰ ਭਾਟੀਆ, ਦੀਪਕ ਭੱਟੀ ਆਦਿ ਹਾਜ਼ਰ ਸਨ।

# ਸੁਸ਼ੀਲ ਕੁਮਾਰ ਰਿੰਕੂ ਦੇ ਹੱਕ 'ਚ ਲੋਕ ਫਤਵਾ ਇਤਿਹਾਸਕ ਹੋ ਨਿੱਬੜਿਐ : ਰੁਪਿੰਦਰ ਕੌਰ ਸੰਧੂ



**ਤਰਨ ਤਾਰਨ (ਸਾਗਰਦੀਪ ਸਿੰਘ ਅਰੋੜਾ)**—ਜਲੰਧਰ ਜ਼ਿਮਨੀ ਚੋਣ 'ਚ ਆਪ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੀ ਭਾਰੀ ਬਹੁਮਤ ਨਾਲ ਜਿੱਤ ਤੇ ਤਰਨਤਾਰਨ ਦੇ ਜਿਲਾ ਯੂਥ ਵਿੰਗ ਪ੍ਰਧਾਨ ਰੁਪਿੰਦਰ ਕੌਰ ਸੰਧੂ ਨੇ ਸਮੂਹ ਪੰਜਾਬੀਆਂ ਅਤੇ ਖਾਸ ਕਰਕੇ ਜਲੰਧਰ ਲੋਕ ਸਭਾ ਹਲਕੇ ਦੇ ਮਤਦਾਤਾਵਾਂ ਨੂੰ ਵਧਾਈ ਦਿੱਤੀ ਹੈ। ਲੱਡੂ ਵੰਡ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਰੁਪਿੰਦਰ ਕੌਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਆਦੇਸ਼ਾਂ ਤੇ ਉਹਨਾਂ ਨੇ ਆਪਣੀ ਟੀਮ ਨਾਲ ਚੋਣ ਪ੍ਰਚਾਰ ਮੁਹਿੰਮ 'ਚ ਦਿਨ-ਰਾਤ ਇੱਕ ਕੀਤਾ ਤਾਂ ਕਿ ਆਪ ਉਮੀਦਵਾਰ ਵੱਧ ਲੀਡ ਨਾਲ ਜਿੱਤ ਪ੍ਰਾਪਤ ਕਰ ਸਕੇ। ਰੁਪਿੰਦਰ ਕੌਰ ਨੇ ਕਿਹਾ ਕਿ ਜਲੰਧਰ ਦੇ ਹਲਕੇ ਦੇ ਲੋਕਾਂ ਵੱਲੋਂ ਆਪ ਉਮੀਦਵਾਰ ਦੇ ਹੱਕ 'ਚ ਦਿੱਤਾ ਫਤਵਾ ਇਤਿਹਾਸਕ ਹੈ।

ਉਨ੍ਹਾਂ ਕਿਹਾ ਕਿ ਆਪ ਉਮੀਦਵਾਰ ਦੀ ਜਿੱਤ ਨਾਲ ਹੁਣ ਪਾਰਟੀ ਦੀ ਲੋਕਾਂ ਪ੍ਰਤੀ ਜ਼ਿੰਮੇਵਾਰੀ ਹੋਰ ਵੀ ਵੱਧ ਗਈ ਹੈ ਅਤੇ ਸਾਲ 2024 ਦੀਆਂ ਲੋਕ ਸਭਾ ਚੋਣਾਂ ਲਈ ਚੰਗਾ ਸੰਦੇਸ਼ ਵੀ ਹੈ। ਰੁਪਿੰਦਰ ਕੌਰ ਨੇ ਆਪ ਦੇ ਜੇਤੂ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਵਧਾਈ ਦਿੰਦੇ ਹੋਏ ਸ਼ੁਭਕਾਮਨਾ ਪ੍ਰਗਟ ਕੀਤੀ ਹੈ।

# ਪਿੰਡ ਬੁਟਰ ਸਿਵੀਆਂ ਤੋਂ ਗੱਗੜਭਾਣਾ ਸੜਕ ਨੂੰ ਚੌੜਾ ਕਰਨ ਦਾ ਕੰਮ ਸ਼ੁਰੂ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਸਰਕਾਰ ਸੂਬੇ ਦੇ ਲੋਕਾਂ ਨੂੰ ਬੁਨਿਆਦੀ ਸੁਵਿਧਾਵਾਂ ਦੇਣ ਲਈ ਵਚਨਬੱਧ ਹੈ ਅਤੇ ਇਸੇ ਹੀ ਤਹਿਤ ਸੂਬੇ ਭਰ ਵਿੱਚ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ, ਜਿਸ ਨਾਲ ਸੂਬੇ ਦੇ ਉਦਯੋਗਾਂ ਅਤੇ ਆਮ ਲੋਕਾਂ ਨੂੰ ਸੜਕੀ ਸੁਵਿਧਾਵਾਂ ਮਿਲ ਸਕਣਗੀਆਂ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਰਭਜਨ ਸਿੰਘ ਈਟੀਓ ਲੋਕ ਨਿਰਮਾਣ ਮੰਤਰੀ ਪੰਜਾਬ ਨੇ ਪਿੰਡ ਬੁਟਰ ਸਿਵੀਆਂ ਤੋਂ ਗੱਗੜਭਾਣਾ ਸੜਕ ਨੂੰ 10 ਤੋਂ 18 ਫੁੱਟ ਚੌੜਾ ਕਰਨ ਦਾ ਕੰਮ ਸ਼ੁਰੂ ਕਰਵਾਉਣ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਇੱਛਾ ਅਨੁਸਾਰ ਸੂਬੇ ਭਰ ਵਿੱਚ ਪਿੰਡਾਂ ਨੂੰ ਮਿਲਾਉਂਦੀਆਂ ਸੰਪਰਕ ਸੜਕਾਂ ਚੌੜੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਜੰਡਿਆਲਾ ਗੁਰੂ ਹਲਕੇ ਵਿੱਚ ਵੀ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ ਅਤੇ ਇੰਨਾ ਕੰਮਾਂ ਉਤੇ ਕਰੋੜਾਂ ਰੁਪਏ ਖਰਚ ਆਉਣਗੇ। ਉਨ੍ਹਾਂ ਦੱਸਿਆ ਕਿ ਕਈ ਕੰਮਾਂ ਦੇ ਟੈਂਡਰ ਲੱਗ ਚੁੱਕੇ ਹਨ ਅਤੇ ਛੇਤੀ ਹੀ ਇਨ੍ਹਾਂ ਸੜਕਾਂ ਦਾ ਕੰਮ ਸ਼ੁਰੂ ਹੋ ਜਾਵੇਗਾ। ਲੋਕ ਨਿਰਮਾਣ ਮੰਤਰੀ ਨੇ ਦੱਸਿਆ ਕਿ ਜੰਡਿਆਲਾ ਗੁਰੂ ਹਲਕੇ ਦਾ ਸਰਬਪੱਖੀ ਵਿਕਾਸ ਕੀਤਾ ਜਾਵੇਗਾ ਅਤੇ ਇਸ ਸਮੇਂ ਹਲਕੇ ਵਿੱਚ ਤੇਜੀ ਨਾਲ ਵਿਕਾਸ ਕਾਰਜ ਚੱਲ ਰਹੇ ਹਨ। ਉਨ੍ਹਾਂ ਦੱਸਿਆ ਕਿ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ ਅਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਸਾਡਾ ਮੁੱਖ ਉਦੇਸ਼ ਹੈ।

# ਦੱਸਵੀਂ ਜਮਾਤ ਦੀ ਭਵਨੀਤ ਕੌਰ 98% ਅੰਕਾਂ ਨਾਲ ਤਰਨਤਾਰਨ ਜ਼ਿਲ੍ਹੇ 'ਚੋਂ ਅੱਵਲ ਰਹੀ



**ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)**-ਸੀ.ਬੀ.ਐੱਸ.ਈ. ਬੋਰਡ ਵੱਲੋਂ ਦੱਸਵੀਂ ਜਮਾਤ ਦਾ ਨਤੀਜਾ ਐਲਾਨਿਆ ਗਿਆ ਜਿਸ ਵਿੱਚ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਦੀ ਵਿਦਿਆਰਥਣ ਭਵਨੀਤ ਕੌਰ ਸਪੁੱਤਰੀ ਹਰਪ੍ਰੀਤ ਸਿੰਘ, ਖਵਾਸਪੁਰ ਨੇ 98% ਅੰਕ ਪ੍ਰਾਪਤ ਕਰਕੇ ਤਰਨ ਤਾਰਨ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਲ ਕਰਦਿਆਂ ਸਕੂਲ ਦਾ ਇਤਿਹਾਸ ਦੁਹਰਾਇਆ। ਇਸੇ ਤਰ੍ਹਾਂ ਆਪਣੀ ਖ਼ੁਸ਼ੀ ਜਾਹਰ ਕਰਦਿਆਂ ਸੰਸਥਾ ਦੇ ਡਾਇਰੈਕਟਰ ਜਤਿੰਦਰਪਾਲ ਸਿੰਘ ਰੰਧਾਵਾ ਅਤੇ ਸਕੂਲ ਦੇ ਪ੍ਰਿੰਸੀਪਲ ਮਨੀਸ਼ਾ ਸੂਰ ਨੇ ਦੱਸਿਆ ਕਿ ਦੱਸਵੀਂ ਜਮਾਤ ਦੀ ਸੀਬੀਐਸਈ. ਦੀ ਪ੍ਰੀਖਿਆ ਵਿੱਚੋਂ ਸਕੂਲ ਦੇ 104 ਵਿਦਿਆਰਥੀ ਬੈਠੇ, ਜਿਨ੍ਹਾਂ ਵਿੱਚੋਂ 19 ਵਿਦਿਆਰਥੀਆਂ ਨੇ 90% ਤੋਂ ਉੱਪਰ ਅੰਕ, 43 ਵਿਦਿਆਰਥੀਆਂ ਨੇ 80% ਤੋਂ ਉੱਪਰ ਅੰਕ ਅਤੇ 75 ਵਿਦਿਆਰਥੀਆਂ ਨੇ 70% ਤੋਂ ਉੱਪਰ ਅੰਕ ਪ੍ਰਾਪਤ ਕੀਤੇ। ਸਕੂਲ ਦੀ ਦੱਸਵੀਂ ਜਮਾਤ ਦਾ ਨਤੀਜਾ 100 ਫੀਸਦੀ ਰਿਹਾ ਅਤੇ ਸਾਰੇ ਵਿਦਿਆਰਥੀਆਂ ਨੇ ਪਹਿਲੇ ਦਰਜੇ ਤੇ ਪਾਸ ਹੋ ਕੇ ਸਕੂਲ ਦਾ ਮਾਣ ਵਧਾਇਆ। ਇੱਥੇ ਜ਼ਿਕਰਯੋਗ ਹੈ ਕਿ ਸਕੂਲ ਦੀ ਵਿਦਿਆਰਥਣ ਭਵਨੀਤ ਕੌਰ ਸਪੁੱਤਰੀ ਹਰਪ੍ਰੀਤ ਸਿੰਘ, ਖਵਾਸਪੁਰ ਨੇ 98 % ਅੰਕ ਪ੍ਰਾਪਤ ਕਰਕੇ ਤਰਨ ਤਾਰਨ ਜ਼ਿਲ੍ਹੇ ਅਤੇ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਸਕੂਲ ਵਿੱਚੋਂ ਤਨਵੀਰ ਸਿੰਘ ਸਪੁੱਤਰ ਕੁਲਦੀਪ ਸਿੰਘ, ਖਵਾਸਪੁਰ ਨੇ 97.2 % ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਜੈਸਲੀਨ ਕੌਰ ਸੰਧੂ ਸਪੁੱਤਰੀ ਸ. ਦਲਜੀਤ ਸਿੰਘ ਸੰਧੂ, ਹੰਸਾਵਾਲਾ ਨੇ 97% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਇੱਥੇ ਜ਼ਿਕਰਯੋਗ ਹੈ ਕਿ ਭਵਨੀਤ ਕੌਰ ਅਤੇ ਮੁਸਕਾਨਪ੍ਰੀਤ ਕੌਰ ਨੇ ਪੰਜਾਬੀ ਵਿਸ਼ੇ ਵਿੱਚੋਂ 100 ਅੰਕ, ਅਵਨੀਤ ਕੌਰ ਨੇ ਗਣਿਤ ਵਿਸ਼ੇ ਵਿੱਚੋਂ 100 ਅੰਕ, ਭਵਨੀਤ ਕੌਰ, ਤਨਵੀਰ ਸਿੰਘ, ਮੁਸਕਾਨ ਕੌਰ ਸੰਧੂ, ਸਿਮਰਨਜੀਤ ਕੌਰ ਅਤੇ ਰਾਇਨਾ ਨੇ ਇਨਫਾਰਮੇਸ਼ਨ ਟੈਕਨਾਲੋਜੀ ਵਿਸ਼ੇ ਵਿੱਚੋਂ 100 % ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਂ ਸਿਖਰਾਂ 'ਤੇ ਪਹੁੰਚਾਇਆ। ਇਸ ਮੌਕੇ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਾਹਿਬਾਨ ਅਤੇ ਪ੍ਰਿੰਸੀਪਲ ਨੇ ਦੱਸਵੀਂ ਜਮਾਤ ਦੇ ਇਸ ਬਾ-ਕਮਾਲ ਨਤੀਜੇ ਲਈ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਅਧਿਆਪਕਾਂ ਦੀ ਮਿਹਨਤ ਦੀ ਸ਼ਲਾਘਾ ਕੀਤੀ।

# ਕਨਿਸ਼ਕ ਮਹਾਜਨ ਨੇ ਟੌਪ ਕਰਕੇ ਆਪਣੇ ਮਾਪਿਆਂ, ਅਧਿਆਪਕਾਂ ਤੇ ਜ਼ਿਲ੍ਹੇ ਦਾ ਨਾਂਅ ਰੁਸ਼ਨਾਇਆ



**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**-ਸੀ.ਬੀ.ਐੱਸ.ਈ. ਦੇ 12ਵੀਂ ਜਮਾਤ ਦੇ ਐਲਾਨੇ ਗਏ ਨਤੀਜਿਆਂ ਵਿੱਚ ਗੁਰਦਾਸਪੁਰ ਸ਼ਹਿਰ ਦੇ ਵਿਦਿਆਰਥੀ ਕਨਿਸ਼ਕ ਮਹਾਜਨ ਨੇ ਬਾਜ਼ੀ ਮਾਰੀ ਹੈ। ਕਨਿਸ਼ਕ ਮਹਾਜਨ ਨੇ 12ਵੀਂ ਦੇ ਕਾਮਰਸ ਗਰੁੱਪ 'ਚੋਂ 98.4 ਫੀਸਦੀ ਨੰਬਰ ਹਾਸਿਲ ਕਰਕੇ ਆਪਣੇ ਮਾਪਿਆਂ, ਅਧਿਆਪਕਾਂ ਅਤੇ ਆਪਣੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ। ਗੁਰਦਾਸਪੁਰ ਸ਼ਹਿਰ ਦੇ ਵਿਦਿਆਰਥੀ ਕਨਿਸ਼ਕ ਮਹਾਜਨ ਦੀ ਇਸ ਮਾਣਮੱਤੀ ਪ੍ਰਾਪਤੀ ਲਈ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਫੋਨ ਕਰਕੇ ਕਨਿਸ਼ਕ ਮਹਾਜਨ ਅਤੇ ਉਸਦੇ ਪਿਤਾ ਅਮਿਤ ਮਹਾਜਨ ਨੂੰ ਵਧਾਈ ਦਿੱਤੀ ਹੈ। ਫੋਨ ਉੱਪਰ ਗੱਲ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਕਨਿਸ਼ਕ ਮਹਾਜਨ ਵੱਲੋਂ ਸੀ.ਬੀ.ਐੱਸ.ਈ. ਦੇ 12ਵੀਂ ਦੇ ਇਮਤਿਹਾਨ ਵਿੱਚ ਮੋਹਰੀ ਸਥਾਨ ਹਾਸਲ ਕਰਨਾ ਪੂਰੇ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਨਿਸ਼ਕ ਦੇ ਰੌਸ਼ਨ ਭਵਿੱਖ ਦੀ ਕਾਮਨਾ ਕਰਦੇ ਹੋਏ ਕਿਹਾ ਕਿ ਉਹ ਹੋਰ ਮਿਹਨਤ ਤੇ ਲਗਨ ਨਾਲ ਆਪਣੀ ਉਚੇਰੀ ਸਿੱਖਿਆ ਹਾਸਿਲ ਕਰੇ ਅਤੇ ਉੱਚੇ ਮੁਕਾਮ ਉੱਪਰ ਪਹੁੰਚ ਕੇ ਆਪਣੇ ਦੇਸ਼ ਅਤੇ ਸਮਾਜ ਦੀ ਸੇਵਾ ਕਰੇ। ਕਨਿਸ਼ਕ ਮਹਾਜਨ ਨੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨਾਲ ਗੱਲ ਕਰਦਿਆਂ ਕਿਹਾ ਕਿ ਉਹ ਵਿਦੇਸ਼ ਜਾਣ ਦੀ ਬਜਾਏ ਆਪਣੇ ਦੇਸ਼ ਵਿੱਚ ਰਹਿ ਕੇ ਬੀ.ਕਾਮ ਆਨਰਜ਼ ਦੀ ਡਿਗਰੀ ਕਰਨੀ ਚਾਹੁੰਦਾ ਹੈ ਅਤੇ ਉਸਤੋਂ ਬਾਅਦ ਉਸਦਾ ਸੁਪਨਾ ਆਈ.ਏ.ਐੱਸ. ਦਾ ਇਮਤਿਹਾਨ ਪਾਸ ਕਰਕੇ ਪ੍ਰਸ਼ਾਸਨਿਕ ਸੇਵਾਵਾਂ ਵਿੱਚ ਆਉਣ ਦਾ ਹੈ। ਕਨਿਸ਼ਕ ਮਹਾਜਨ ਨੂੰ ਬੇਹਤਰ ਭਵਿੱਖ ਦੀਆਂ ਸ਼ੁਭ-ਕਾਮਨਾਵਾਂ ਦਿੰਦਿਆਂ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਕਨਿਸ਼ਕ ਨੂੰ ਕਿਸੇ ਵੀ ਤਰਾਂ ਦੀ ਅਗਵਾਈ ਜਾ ਗਾਈਡੈਂਸ ਦੀ ਲੋੜ ਹੋਵੇ ਤਾਂ ਉਹ ਬੇਝਿਜਕ ਉਨ੍ਹਾਂ ਨਾਲ ਸੰਪਰਕ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਕਨਿਸ਼ਕ ਵਰਗੇ ਬੱਚੇ ਸਾਡੇ ਦੇਸ਼ ਦਾ ਭਵਿੱਖ ਹਨ ਅਤੇ ਸਾਨੂੰ ਇਨ੍ਹਾਂ ਤੋਂ ਬਹੁਤ ਆਸ ਹੈ। ਕਨਿਸ਼ਕ ਮਹਾਜਨ ਦਾ ਕਹਿਣਾ ਸੀ ਕਿ ਇਹ ਤਾ ਹੀ ਸੰਭਵ ਹੋ ਪਾਇਆ ਹੈ ਕਿਉਂਕਿ ਇਸ ਵਿੱਚ ਉਸਦੇ ਪਰਿਵਾਰ ਅਤੇ ਅਧਿਆਪਕਾਂ ਦਾ ਪੂਰਾ ਸਹਿਯੋਗ ਰਿਹਾ। ਉਸਨੇ ਦੱਸਿਆ ਕਿ ਉਸ ਵਲੋਂ ਕੋਈ ਵਿਸ਼ੇਸ ਟਿਊਸ਼ਨ ਵੀ ਨਹੀਂ ਰੱਖੀ ਗਈ ਬਲਕਿ ਪਰਿਵਾਰ ਚ ਮਾਤਾ ਪਿਤਾ ਹੀ ਟੀਚਰ ਵਜੋਂ ਪੜ੍ਹਾਈ ਕਰਵਾਉਂਦੇ ਰਹੇ ਅਤੇ ਉਸਨੇ ਵੀ ਖੁਦ ਦਿਨ ਰਾਤ ਮਿਹਨਤ ਕਰ ਇਹ ਮੁਕਾਮ ਹਾਸਿਲ ਕੀਤਾ ਹੈ।

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰਗੱਦੀ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਮਾਗਮ ਆਯੋਜਿਤ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਤਾਗੱਦੀ ਦਿਵਸ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਦੌਰਾਨ ਵੱਡੀ ਗਿਣਤੀ ਸੰਗਤ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਪ੍ਰਗਟਾਈ ਅਤੇ ਗੁਰਬਾਣੀ ਕੀਰਤਨ ਦਾ ਅਨੰਦ ਮਾਣਿਆ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਵਿਖੇ ਸਜਾਏ ਗਏ ਜਲੌ ਵੀ ਸੰਗਤ ਲਈ ਖਿੱਚ ਦਾ ਕੇਂਦਰ ਬਣੇ। ਛੇਵੇਂ ਪਾਤਸ਼ਾਹ ਦੇ ਗੁਰਤਾਗੱਦੀ ਦਿਹਾੜੇ ਦੇ ਸਬੰਧ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਜਿਸ ਮਗਰੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਅਰਦਾਸ ਭਾਈ ਪ੍ਰੇਮ ਸਿੰਘ ਨੇ ਕੀਤੀ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਸੰਗਤ ਨੂੰ ਹੁਕਮਨਾਮਾ ਸਰਵਣ ਕਰਵਾਇਆ। ਸਮਾਗਮ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤ ਨੂੰ ਛੇਵੇਂ ਪਾਤਸ਼ਾਹ ਦੇ ਗੁਰਤਾਗੱਦੀ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਛੇਵੇਂ ਪਾਤਸ਼ਾਹ ਨੇ ਜਾਲਮ ਹਕੂਮਤ ਵਿਰੁੱਧ ਚਾਰ ਜੰਗਾਂ ਜਿੱਤੀਆਂ ਅਤੇ ਸੰਸਾਰ ਦੇ ਲੋਕਾਂ ਨੂੰ ਦੱਸਿਆ ਕਿ ਹੱਕ ਸੱਚ ਲਈ ਮਜ਼ਬੂਤ ਹਕੂਮਤ ਨੂੰ ਵੀ ਮਾਤ ਦਿੱਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ 'ਤੇ ਚੱਲ ਕੇ ਜੀਵਨ ਜਿਊਣਾ ਹਰ ਸਿੱਖ ਦਾ ਫ਼ਰਜ਼ ਹੈ, ਇਸ ਲਈ ਹਰ ਸਿੱਖ ਗੁਰਮਤਿ ਦੀ ਰਹਿਣੀ ਦਾ ਧਾਰਨੀ ਬਣੇ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਦਿਵਸ ਮੌਕੇ ਸੰਗਤ ਨੂੰ ਵਧਾਈ ਦਿੰਦਿਆਂ ਬਾਣੀ ਅਤੇ ਬਾਣੇ ਨਾਲ ਜੁੜਨ ਦੀ ਪ੍ਰੇਰਨਾ ਕੀਤੀ। ਗੁਰਤਾਗੱਦੀ ਦਿਵਸ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਸਮਾਗਮ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਮੈਂਬਰ ਸ. ਹਰਪਾਲ ਸਿੰਘ ਜੱਲਾ, ਸ. ਗੁਰਬਖ਼ਸ਼ ਸਿੰਘ ਖਾਲਸਾ, ਭਾਈ ਅਜਾਇਬ ਸਿੰਘ ਅਭਿਆਸੀ, ਸੁਖਵਰਸ਼ ਸਿੰਘ ਪੰਨੂ, ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਕੁਲਵਿੰਦਰ ਸਿੰਘ ਰਮਦਾਸ, ਸਰਦਾਰ ਕਾਹਲਵਾਂ, ਗੁਰਮੀਤ ਸਿੰਘ ਬੁੱਟਰ, ਮੈਨੇਜਰ ਸਤਨਾਮ ਸਿੰਘ ਮਾਂਗਾਸਰਾਏ, ਮੀਤ ਸਕੱਤਰ ਤੇਜਿੰਦਰ ਸਿੰਘ ਪੱਡਾ,. ਜਸਵਿੰਦਰ ਸਿੰਘ ਜੱਸੀ, ਪਰਮਜੀਤ ਸਿੰਘ, ਸੁਪਰਡੰਟ ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਸੁਖਰਾਜ ਸਿੰਘ, ਇੰਚਾਰਜ ਹਰਭਿੰਦਰ ਸਿੰਘ ਸਿੱਖ ਮਿਸ਼ਨ ਜੰਮੂ ਤੇ ਹੋਰ ਮੌਜੂਦ ਸਨ।

# ਸੇਂਟ ਸੋਲਜਰ ਸਕੂਲ ਦੇ ਦਸਵੀਂ ਜਮਾਤ ਦੇ ਬੱਚੇ ਸੁਹਿੰਦਰ ਕੌਰ ਵੱਲੋਂ ਸਨਮਾਨਿਤ




**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਸੇਂਟ ਸੋਲਜਰ ਇਲਿਟ ਕਾਨਵੈਂਟ ਸਕੂਲ, ਜੰਡਿਆਲਾ ਗੁਰੂ ਦਾ ਦਸਵੀਂ ਦਾ ਨਤੀਜਾ 100% ਰਿਹਾ। ਸੀ.ਬੀ.ਐਸ.ਈ. ਬੋਰਡ ਦੀ ਦਸਵੀਂ ਦੀ ਪ੍ਰੀਖਿਆ ਵਿੱਚ ਕੁਲ 156 ਬੱਚਿਆਂ ਨੇ ਭਾਗ ਲਿਆ ਅਤੇ ਸਾਰੇ ਹੀ ਬੱਚੇ ਚੰਗੇ ਨੰਬਰਾਂ ਨਾਲ ਪਾਸ ਹੋਏ ਹਰਮੀਨ ਕੌਰ (96.2%) ਨੰਬਰ ਲੈ ਕੇ ਪਹਿਲੇ ਸਥਾਨ ਤੇ ਰਹੀ, ਹਰਲੀਨ ਕੌਰ (95%) ਨੇ ਦੂਸਰਾ, ਕਨਿਕਾ ਕੁਮਾਰੀ (94.4%) ਨੇ ਤੀਸਰਾ, ਕੁਮਾਰੀ ਸੀਮਾ (93.4) ਨੇ ਚੌਥਾ, ਅੰਕਾਕਸਾ (93.2%) ਨੇ ਪੰਜਵਾਂ, ਹਰਲੀਨ ਕੌਰ (93%) ਨੇ ਛੇਵਾਂ, ਸਾਂਚੀ (92.6%) ਨੇ ਸਤਵਾਂ ਅਤੇ ਰਮਨਦੀਪ ਕੌਰ ਨੇ (90.4%) ਨੰਬਰ ਲੈ ਕੇ ਅੱਠਵਾਂ ਸਥਾਨ ਹਾਸਿਲ ਕੀਤਾ। ਅੱਜ ਇਨ੍ਹਾਂ ਬੱਚਿਆਂ ਨੂੰ ਸੁਹਿੰਦਰ ਕੌਰ ਪਤਨੀ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਉਚੇਚੇ ਤੌਰ 'ਤੇ ਸਕੂਲ ਪਹੁੰਚ ਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ । ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ, ਪ੍ਰਿੰਸੀਪਲ ਅਮਰਪ੍ਰੀਤ ਕੌਰ, ਵਾਈਸ ਪ੍ਰਿੰਸੀਪਲ ਗੁਰਪ੍ਰੀਤ ਕੌਰ, ਕੋਆਰਡੀਨੇਟਰ ਸ਼ਿਲਪਾ ਸ਼ਰਮਾ ਅਤੇ ਨਿਲਾਕਸ਼ੀ ਗੁਪਤਾ ਅਤੇ ਸਕੂਲ ਦੇ ਸਮੂਹ ਅਧਿਆਪਕਾਂ ਨੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਮੂੰਹ ਮਿੱਠਾ ਕਰਾ ਕੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਅਤੇ ਬੱਚਿਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਡਾ. ਮੰਗਲ ਸਿੰਘ ਕਿਸ਼ਨਪੁਰੀ ਨੇ ਇਸ ਕਾਮਯਾਬੀ ਦਾ ਸਿਹਰਾ ਆਪਣੇ ਮਿਹਨਤੀ ਸਟਾਫ ਨੂੰ ਦਿੱਤਾ ਜਿਨ੍ਹਾਂ ਦੀ ਬਦੌਲਤ ਇਹ ਬੱਚੇ ਸਪੋਰਟਸ ਦੇ ਨਾਲ ਨਾਲ ਪੜ੍ਹਾਈ ਵਿੱਚ ਵੀ ਅੱਵਲ ਰਹੇ। ਇਸ ਮੌਕੇ ਸਰਬਜੀਤ ਸਿੰਘ ਡਿੰਪੀ ਅਤੇ ਨਰੇਸ਼ ਪਾਠਕ ਉਚੇਚੇ ਤੌਰ 'ਤੇ ਹਾਜ਼ਰ ਰਹੇ।

# ਵਿਦਿਆਰਥੀਆਂ ਨੇ ਮਾਂ ਦਿਵਸ ਮਨਾਇਆ




**ਸ੍ਰੀ ਗੋਇੰਦਵਾਲ ਸਾਹਿਬ, (ਕਾਬਲ ਸਿੰਘ ਮੱਲ੍ਹੀ)**- ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਨਾਨਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਗੋਇੰਦਵਾਲ ਸਾਹਿਬ ਦੇ ਸਟਾਫ ਮੈਂਬਰ ਅਤੇ ਵਿਦਿਆਰਥੀਆਂ ਨੇ ਮਾਂ ਦਿਵਸ ਮਨਾਇਆ ਗਿਆ ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਬਲਜੀਤ ਕੌਰ ਔਲਖ ਨੇ ਕਿਹਾ ਕਿ ਮਾਂ ਸਾਡੇ ਸਾਰਿਆਂ ਦੇ ਜੀਵਨ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ ਮਾਂ ਦੀ ਕੁੱਖ ਵਿਚੋਂ ਇਨਸਾਨ ਪੈਦਾ ਹੋ ਕੇ ਕਦੇ ਵੀ ਆਪਣੀ ਮਾਂ ਦੇਣਾ ਇਨਸਾਨ ਨਹੀਂ ਦੇ ਸਕਦਾ, ਮਾਂ ਰੱਬ ਦਾ ਦੂਜਾ ਰੂਪ ਹੈ, ਇਸ ਕਰਕੇ ਹਰੇਕ ਨੂੰ ਆਪਣੀ ਮਾਤਾ ਦਾ ਸਤਿਕਾਰ ਕਰਨਾ ਚਾਹੀਦਾ ਹੈ। ਇਸ ਮੌਕੇ ਨੰਨੇ ਮੁੰਨੇ ਬੱਚਿਆਂ ਨੇ ਮਾਂ ਦਿਵਸ ਨਾਲ ਸੰਬੰਧਤ ਪੋਸਟਰ ਤਿਆਰ ਕੀਤੇ ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਮਾਂ ਦਿਵਸ ਸਬੰਧੀ ਕਈ ਤਰ੍ਹਾਂ ਦੇ ਐਕਟਿੰਗ, ਡਾਂਸ, ਕਵਿਤਾਵਾਂ, ਕੋਰੀਓਗਰਾਫੀ, ਸੱਭਿਆਚਾਰਕ ਗੀਤ ਆਦਿ ਪੇਸ ਕੀਤੇ ਗਏ, ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਤੋਂ ਇਲਾਵਾ ਸਰਨਜੀਤ ਕੌਰ, ਹਰਵਿੰਦਰ ਕੌਰ ਵਿਰਦੀ, ਨੀਲਮ ਕੌਰ, ਰਮਨਦੀਪ ਕੌਰ, ਕੁਲਵਿੰਦਰ ਕੌਰ , ਕੰਵਲਜੀਤ ਕੌਰ, ਗੁਰਮੀਤ ਕੌਰ, ਮਨਜੀਤ ਕੌਰ, ਕੁਲਦੀਪ ਸਿੰਘ, ਕਾਰਜ ਸਿੰਘ ਅਤੇ ਹੋਰ ਸੀਨੀਅਰ ਸਟਾਫ ਮੈਂਬਰ ਹਾਜ਼ਰ ਸਨ। ਗੁਰੂ ਨਾਨਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਗੋਇੰਦਵਾਲ ਦੇ ਵਿਦਿਆਰਥੀਆਂ ਨੂੰ ਸਕੂਲ ਦੇ ਸਟਾਫ ਮੈਂਬਰ ਸਨਮਾਨਿਤ ਕਰਦੇ ਹੋਏ।

# ਢੰਡ ਵਿਖੇ ਕਿਸਾਨਾਂ ਲਈ ਵਿਸ਼ੇਸ਼ ਸਿਖਲਾਈ ਕੈਂਪ ਲੱਗਾ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਲਾਕ ਗੰਡੀਵਿੰਡ ਵੱਲੋਂ ਪਿੰਡ ਢੰਡ ਵਿਖੇ ਇਕ ਵਿਸੇਸ ਕਿਸਾਨ ਸਿਖਲਾਈ ਕੈਂਪ ਆਯੋਜਿਤ ਕੀਤਾ ਗਿਆ ਜਿਸ ਵਿੱਚ ਤਰਨ ਤਾਰਨ ਦੇ ਵਿਧਾਇਕ ਡਾਕਟਰ ਕਸਮੀਰ ਸਿੰਘ ਸੋਹਲ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਤੋਂ ਬਿਨਾਂ ਖੇਤੀ ਵਿਭਾਗ ਦੇ ਡਾਕਟਰ ਗੁਰਵਿੰਦਰਜੀਤ ਸਿੰਘ, ਪੀ ਏ ਪ੍ਰਦੀਪ ਸਿੰਘ ਅਤੇ ਆਪ ਵਲੰਟੀਅਰ ਬਲਜੀਤ ਸਿੰਘ, ਗੁਰਸੇਵਕ ਸਿੰਘ, ਗੁਰਬਿੰਦਰ ਸਿੰਘ ਮਾਨਕਪੁਰਾ, ਅਵਤਾਰ ਸਿੰਘ ਢੰਡ, ਅੰਗਰੇਜ ਸਿੰਘ ਢੰਡ, ਭੁਪਿੰਦਰ ਸਿੰਘ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਕੈਂਪ ਵਿੱਚ ਪਹੁੰਚੇ ਕਿਸਾਨਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਵਿਧਾਇਕ ਕਸ਼ਮੀਰ ਸਿੰਘ ਸੋਹਲ ਨੇ ਕਿਹਾ ਕਿ ਖੇਤੀ ਵਿਚ ਨਵੀਆਂ ਤਕਨੀਕਾਂ ਉੱਨਤ ਕਿਸਾਨਾਂ ਦੇ ਬੀਜ ਅਤੇ ਫਸਲੀ ਚੱਕਰ ਅਪਨਾ ਕੇ ਕਿਸਾਨ ਵਧੇਰੇ ਮੁਨਾਫਾ ਕਮਾ ਸਕਦੇ ਹਨ। ਡਾਕਟਰ ਸੋਹਲ ਨੇ ਕਿਹਾ ਕਿ ਸਾਉਣੀ ਦੀਆਂ ਫਸਲਾਂ ਲਈ ਕਿਸਾਨਾਂ ਨੂੰ ਬਾਸਮਤੀ ਦੀਆ ਉੱਨਤ ਕਿਸਾਨਾਂ ਦੀ ਬਿਜਾਈ ਕਰਨੀ ਚਾਹੀਦੀ ਹੈ, ਕਿਉਂਕਿ ਇਨ੍ਹਾਂ ਨੂੰ ਘੱਟ ਪਾਣੀ ਦੀ ਲੋੜ ਪੈਂਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਸਹਾਇਤਾ ਰਾਸ਼ੀ ਦਿੱਤੀ ਜਾਂਦੀ ਹੈ ਜਿਸ ਦਾ ਕਿਸਾਨਾਂ ਨੂੰ ਲਾਭ ਲੈਣਾ ਚਾਹੀਦਾ ਹੈ। ਡਾਕਟਰ ਸੋਹਲ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਆਮਦਨ ਵਧਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ। ਉਨਾਂ ਨੇ ਕਣਕ ਦੀ ਨਾੜ ਨੂੰ ਅੱਗ ਲਾ ਕੇ ਨਾ ਸਾੜਨ ਦੀ ਅਪੀਲ ਕਰਦਿਆਂ ਕਿਹਾ ਹੈ ਕਿ ਨਾੜ ਨੂੰ ਖੇਤ ਵਿਚ ਹੀ ਵਾਹ ਦੇਣਾ ਚਾਹੀਦਾ ਹੈ। ਕਿਉਂਕਿ ਇਸ ਨਾਲ ਮਿੱਟੀ ਵਿਚ ਤੱਤਾਂ ਦੀ ਮਾਤਰਾ ਵੱਧ ਜਾਂਦੀ ਹੈ ਅਤੇ ਖਾਦ ਦੀ ਲੋੜ ਵੀ ਘੱਟ ਜਾਂਦੀ ਹੈ। ਉਨਾਂ ਕਿਹਾ ਕਿ ਨਾੜ ਨਾ ਸਾੜਨ ਨਾਲ ਹਵਾ ਦੇ ਪ੍ਰਦੂਸ਼ਣ ਤੋਂ ਬਚਿਆ ਜਾ ਸਕਦਾ ਹੈ, ਅਤੇ ਲੋਕਾਂ ਨੂੰ ਅਲਰਜੀ ਅਤੇ ਸਾਹ ਦੀਆਂ ਬਿਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ। ਡਾਕਟਰ ਸੋਹਲ ਨੇ ਕਿਹਾ ਕਿ ਹਲਕੇ ਦੇ ਕਿਸਾਨ ਫਸਲੀ ਉਤਪਾਦਨ ਲਈ ਕੋਈ ਵੀ ਜਰੂਰੀ ਸਲਾਹ ਕਿਸੇ ਵੀ ਸਮੇਂ ਖੇਤੀ ਅਫਸਰਾਂ ਕੋਲੋਂ ਲੈ ਸਕਦੇ ਹਨ।

# ਰਾਸ਼ਟਰੀ ਲੋਕ ਅਦਾਲਤ 'ਚ 1745 ਕੇਸਾਂ ਦਾ ਨਿਪਟਾਰਾ, 193504843 ਰੁਪਏ ਦੇ ਐਵਾਰਡ ਪਾਸ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਮਾਨਯੋਗ ਮਿਸਟਰ ਜਸਟਿਸ ਐੱਮ. ਐੱਸ. ਰਾਮਾਚੰਦਰ ਰਾਓ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੀਆਂ ਹਦਾਇਤਾਂ ਮੁਤਾਬਕ ਅਤੇ ਸ੍ਰੀ ਰਜਿੰਦਰ ਅਗਰਵਾਲ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੀ ਰਹਿਨੁਮਾਈ ਹੇਠ ਅਤੇ ਸੁਮਿਤ ਭੱਲਾ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੁਆਰਾ ਸੈਸ਼ਨਜ਼ ਡਵੀਜ਼ਨ ਗੁਰਦਾਸਪੁਰ ਅਧੀਨ ਸਮੂਹ ਨਿਆਂਇਕ ਅਦਾਲਤਾਂ ਵੱਲੋਂ ਕੇਸਾਂ ਦੇ ਨਿਪਟਾਰੇ ਲਈ ਅੱਜ "ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਸ ਨੈਸਨਲ ਲੋਕ ਅਦਾਲਤ ਲਈ ਗੁਰਦਾਸਪੁਰ ਅਤੇ ਬਟਾਲਾ ਵਿਖੇ ਦੇ ਨਿਆਂਇਕ ਅਧਿਕਾਰੀਆਂ ਦੇ ਕੁੱਲ 11 ਲੋਕ ਅਦਾਲਤ ਬੈਂਚਾਂ ਦਾ ਗਠਨ ਕੀਤਾ ਗਿਆ। ਇਸ ਨੈਸ਼ਨਲ ਲੋਕ ਅਦਾਲਤ ਵਿੱਚ ਫੌਜਦਾਰੀ, ਚੈੱਕ ਬਾਊਂਸ, ਬੈਂਕਾਂ ਦੇ ਕੇਸ, ਐਕਸੀਡੈਂਟ ਕਲੇਮ ਕੇਸ ਅਤੇ ਪਰਿਵਾਰਕ ਝਗੜੇ ਦੇ ਕੇਸਾਂ ਤੋਂ ਇਲਾਵਾ ਪ੍ਰੀ-ਲੀਟੀਗੇਟਿਵ ਕੇਸ ਜਿਵੇਂ ਕਿ ਬੈਂਕ ਰਿਕਵਰੀ ਕੇਸ, ਲੇਬਰ ਆਦਿ ਕੇਸ ਲਗਾਏ ਗਏ। ਇਸ ਲੋਕ ਅਦਾਲਤ ਵਿੱਚ ਰਾਜ਼ੀਨਾਮਾ ਹੋਣ ਯੋਗ ਕੇਸਾਂ ਦੇ ਨਿਪਟਾਰੇ ਲਈ 2735 ਕੇਸ, ਜੋ ਕਿ ਕੋਰਟਾਂ ਵਿੱਚ ਲੰਬਿਤ ਹਨ, ਸੁਣਵਾਈ ਲਈ ਰੱਖੇ ਗਏ ਜਿਨ੍ਹਾਂ ਵਿੱਚੋਂ 1723 ਕੁੱਲ ਕੇਸਾਂ ਦਾ ਨਿਪਟਾਰਾ ਦੋਹਾਂ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਗਿਆ, ਇਸ ਤੋਂ ਇਲਾਵਾ 22 ਪ੍ਰੀ ਲਿਟੀਗੇਟਿਵ ਕੇਸਾਂ ਦਾ ਨਿਪਟਾਰਾ ਵੀ ਕੀਤਾ ਗਿਆ। ਇਸ ਤਰਾਂ ਨੈਸ਼ਨਲ ਲੋਕ ਅਦਾਲਤ ਵਿੱਚ ਕੁੱਲ 1745 ਕੇਸਾਂ ਦਾ ਨਿਪਟਾਰਾ ਕੀਤਾ ਗਿਆ ਅਤੇ 193504843 ਰੁਪਏ ਦੀ ਰਕਮ ਦੇ ਅਵਾਰਡ ਪਾਸ ਕੀਤੇ ਗਏ।ਇਸ ਮੌਕੇ ਸੁਮਿਤ ਭੱਲਾ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਦੱਸਿਆ ਕਿ ਲੋਕ ਅਦਾਲਤਾਂ ਦਾ ਮੁੱਖ ਮਨੋਰਥ ਦੋਵੇਂ ਧਿਰਾਂ ਦੀ ਆਪਸੀ ਰਜਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕਰਵਾਉਣਾ ਹੈ ਤਾਂ ਜੋ ਧਿਰਾਂ ਦੇ ਕੀਮਤੀ ਸਮੇਂ ਅਤੇ ਧਨ ਦੀ ਬੱਚਤ ਹੋ ਸਕੇ ਅਤੇ ਆਪਸੀ ਦੁਸ਼ਮਣੀ ਘਟਾਈ ਜਾ ਸਕੇ। ਲੋਕ ਅਦਾਲਤਾਂ ਰਾਹੀਂ ਫੈਸਲਾ ਹੋਏ ਕੇਸਾਂ ਦੇ ਲਾਭਾਂ ਤੇ ਚਾਨਣਾ ਪਾਉਂਦੇ ਹੋਏ ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾ ਹੋਏ ਕੇਸ ਦੀ ਅੱਗੇ ਕੋਈ ਅਪੀਲ ਨਹੀਂ ਹੋ ਸਕਦੀ ਕਿਉਂਕਿ ਲੋਕ ਅਦਾਲਤ ਵਿੱਚ ਫੈਸਲਾ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਜਾਂਦਾ ਹੈ। ਇਸ ਨਾਲ ਝਗੜਾ ਹਮੇਸ਼ਾ ਲਈ ਖਤਮ ਹੋ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾ ਹੋਏ ਕੇਸ ਵਿੱਚ ਲਗਾਈ ਗਈ ਕੋਰਟ ਫੀਸ ਵੀ ਵਾਪਸ ਕੀਤੀ ਜਾਂਦੀ ਹੈ। ਇਸ ਨੈਸ਼ਨਲ ਲੋਕ ਅਦਾਲਤ ਵਿੱਚ ਮੈਡਮ ਜਸਬੀਰ ਕੌਰ, ਪ੍ਰਿੰਸੀਪਲ ਜੱਜ, ਫੈਮਿਲੀ ਕੋਰਟ, ਗੁਰਦਾਸਪੁਰ ਦੁਆਰਾ ਕੋਰਟ ਵਿੱਚ ਚੱਲ ਰਹੇ ਫੈਮਿਲੀ ਝਗੜਿਆਂ ਨੂੰ ਮੁਕਾਇਆ ਗਿਆ। ਇੱਕ ਕੇਸ ਵਿੱਚ ਪਤੀ ਅਤੇ ਪਤਨੀ ਦਾ ਸਾਲ 2019 ਵਿੱਚ ਵਿਆਹ ਹੋਇਆ ਸੀ ਅਤੇ ਦੋਨਾਂ ਦੀ ਇੱਕ ਬੇਟਾ ਸੀ। ਦੋਨੋਂ ਪਤੀ ਪਤਨੀ ਇੱਕ ਸਾਲ ਤੋਂ ਵੱਖ ਰਹਿ ਰਹੇ ਸਨ। ਮਾਨਯੋਗ ਫੈਮਿਲੀ ਕੋਰਟ ਦੇ ਯਤਨਾਂ ਅਨੁਸਾਰ ਦੋਨਾਂ ਧਿਰਾਂ ਦਾ ਝਗੜਾ ਖਤਮ ਕਰਨ ਲਈ ਯਤਨ ਕੀਤੇ ਗਏ ਅਤੇ ਆਖਿਰ ਵਿੱਚ ਦੋਨਾਂ ਧਿਰਾਂ ਨੇ ਆਪਣਾ ਝਗੜਾ ਮੁਕਾਉਣ ਦਾ ਫੈਸਲਾ ਕੀਤਾ ਅਤੇ ਮੁੜ ਤੋਂ ਇਕੱਠੇ ਰਹਿਣ ਦਾ ਫੈਸਲਾ ਕੀਤਾ। ਪਤੀ ਨੇ ਆਪਣੀ ਪਤਨੀ ਨੂੰ 2000 ਰੁਪਏ ਮਹੀਨਾ ਖਰਚਾ ਦੇਣ ਲਈ ਰਾਜ਼ੀ ਹੋ ਗਿਆ ਅਤੇ ਪਤਨੀ ਆਪਣੇ ਪਤੀ ਖਿਲਾਫ ਦਾਇਰ ਕੀਤੇ ਹੋਏ ਕੇਸ ਵਾਪਿਸ ਲੈਣ ਲਈ ਰਾਜ਼ੀ ਹੋ ਗਈ। ਇਸ ਦੇ ਨਾਲ ਹੀ ਦੂਸਰੇ ਕੇਸ ਵਿੱਚ ਪਤੀ ਪਤਨੀ ਦਾ ਵਿਆਹ ਸਾਲ 2017 ਵਿੱਚ ਹੋਇਆ ਸੀ ਅਤੇ ਦੋਨੋਂ ਇੱਕ ਸਾਲ ਤੋਂ ਵੱਖ ਰਹਿ ਰਹੇ ਸਨ। ਮਾਨਯੋਗ ਕੋਰਟ ਦੇ ਯਤਨਾਂ ਅਨੁਸਾਰ ਦੋਵਾਂ ਧਿਰਾਂ ਨੂੰ ਆਪਣਾ ਝਗੜਾ ਖਤਮ ਕਰਨ ਲਈ ਯਤਨ ਕੀਤੇ ਗਏ ਅਤੇ ਆਖਿਰ ਦੋਵਾਂ ਧਿਰਾਂ ਨੇ ਆਪਣਾ ਆਪਸੀ ਸਹਿਮਤੀ ਨਾਲ ਝਗੜਾ ਮੁਕਾਉਣ ਦਾ ਫੈਸਲਾ ਕੀਤਾ ਅਤੇ ਆਪਸੀ ਸਹਿਮਤੀ ਨਾਲ 13-ਬੀ ਦੀ ਪਟੀਸ਼ਨ ਫਾਈਲ ਕਰਕੇ ਆਪਣਾ ਝਗੜਾ ਮੁਕਾ ਕੇ ਅਲੱਗ-ਅਲੱਗ ਰਹਿਣ ਦਾ ਫੈਸਲਾ ਕੀਤਾ।

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਿੰਘ ਸਾਹਿਬਾਨ ਲਈ ਨਵੇਂ ਰਿਹਾਇਸ਼ੀ ਬਲਾਕ ਦਾ ਨਿਰਮਾਣ ਕਾਰਜ ਆਰੰਭ



**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)**-ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾਵਾਂ ਨਿਭਾਅ ਰਹੇ ਗ੍ਰੰਥੀ ਸਿੰਘਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰਿਹਾਇਸ਼ੀ ਬਲਾਕ ਦੇ ਨਿਰਮਾਣ ਦੀ ਸ਼ੁਰੂਆਤ ਕੀਤੀ ਗਈ। ਇਹ ਰਿਹਾਇਸ਼ੀ ਇਮਾਰਤ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਚੂੜੇ ਵਾਲਾ ਬਜ਼ਾਰ (ਅਕਾਲੀ ਮਾਰਕੀਟ) ਦੇ ਨਜ਼ਦੀਕ ਬਣਾਈ ਜਾਵੇਗੀ। ਸ਼੍ਰੋਮਣੀ ਕਮੇਟੀ ਵੱਲੋਂ ਇਸ ਦੀ ਕਾਰਸੇਵਾ ਬਾਬਾ ਕਸ਼ਮੀਰ ਸਿੰਘ ਭੂਰੀਵਾਲਿਆਂ ਨੂੰ ਸੌਂਪੀ ਗਈ ਹੈ। ਅੱਜ ਇਸ ਦਾ ਨੀਂਹ ਪੱਥਰ ਰੱਖਣ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਲੁਧਿਆਣਾ ਵਾਲੇ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਬਾਬਾ ਕਸ਼ਮੀਰ ਸਿੰਘ ਕਾਰਸੇਵਾ ਭੂਰੀਵਾਲੇ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਨਿਭਾਅ ਰਹੇ ਗ੍ਰੰਥੀ ਸਿੰਘਾਂ ਦੀ ਰਿਹਾਇਸ਼ ਲਈ ਬਣਾਈ ਜਾ ਰਹੀ ਇਹ ਰਿਹਾਇਸ਼ੀ ਇਮਾਰਤ ਵਿਚ 9 ਫਲੈਟ ਹੋਣਗੇ। ਇਹ ਇਮਾਰਤ ਬਣਨ ਨਾਲ ਸਿੰਘ ਸਾਹਿਬਾਨ ਦੀਆਂ ਪਹਿਲੀਆਂ ਰਿਹਾਇਸ਼ਾਂ ਦੀ ਜਗ੍ਹਾ ਖਾਲੀ ਹੋ ਜਾਵੇਗੀ, ਜਿਸ ਨੂੰ ਸਿੱਖ ਰੈਫਰੈਂਸ ਲਾਇਬ੍ਰੇਰੀ ਅਤੇ ਕੇਂਦਰੀ ਸਿੱਖ ਅਜਾਇਬ ਘਰ ਦੇ ਵਿਸਥਾਰ ਲਈ ਵਰਤਿਆ ਜਾਵੇਗਾ। ਉਨ੍ਹਾਂ ਬਾਬਾ ਕਸ਼ਮੀਰ ਸਿੰਘ ਭੂਰੀਵਾਲਿਆਂ ਦੇ ਸੇਵਾ ਕਾਰਜਾਂ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਬਲਵਿੰਦਰ ਸਿੰਘ ਵੇਈਂਪੂਈਂ, ਭਾਈ ਮਨਜੀਤ ਸਿੰਘ, ਸੁਖਵਰਸ਼ ਸਿੰਘ ਪੰਨੂ, ਬਾਬਾ ਕਸ਼ਮੀਰ ਸਿੰਘ ਕਾਰ ਸੇਵਾ ਭੂਰੀਵਾਲੇ, ਬਾਬਾ ਸੁਖਵਿੰਦਰ ਸਿੰਘ, ਸਕੱਤਰ ਸ. ਪ੍ਰਤਾਪ ਸਿੰਘ ਸਮੇਤ ਹੋਰ ਮੌਜੂਦ ਸਨ।

CMYK

ਨਵਾਂ ਜ਼ਮਾਨਾ
ਸੋਮਵਾਰ, 15 ਮਈ 2023

# ਨਫ਼ਰਤ ਦੀ ਫ਼ੈਕਟਰੀ

*ਭਾਰਤੀ ਜਨਤਾ ਦੀ ਸਦੀਆਂ ਪੁਰਾਣੀ ਅਟੁੱਟ ਏਕਤਾ ਵਿਸ਼ਵ ਦੀਆਂ ਸਾਰੀਆਂ ਸੱਭਿਅਤਾਵਾਂ ਵਿਚ ਅਨੋਖੀ ਮਿਸਾਲ ਹੈ, ਜਿਸ ਨੂੰ ਤੋੜਨ ਦਾ ਕੰਮ ਅੱਜਕੱਲ੍ਹ ਭਾਰਤੀ ਜਨਤਾ ਦੇ ਨਾਂਅ 'ਤੇ ਹੀ ਬਣੀ ਇਕ ਪਾਰਟੀ ਦੀ ਅਗਵਾਈ ਵਿਚ ਕੀਤਾ ਜਾ ਰਿਹਾ ਹੈ। ਇਹ ਪਾਰਟੀ (ਭਾਜਪਾ) ਰਾਸ਼ਟਰੀ ਸੋਇਮ ਸੇਵਕ ਸੰਘ ਦਾ ਮੁਖੌਟਾ ਹੈ, ਜਿਹੜਾ ਇਹ ਕੰਮ ਕਰੀਬ ਇਕ ਸੌ ਸਾਲ ਤੋਂ ਕਰ ਰਿਹਾ ਹੈ, ਪਰ ਦੇਸ਼ ਲੁੱਟਣ ਵਾਲੇ ਕਾਰਪੋਰੇਟਾਂ ਨਾਲ ਗੱਠਜੋੜ ਦੇ ਬਾਅਦ ਇਸ ਕੰਮ ਵਿਚ ਕੁਝ ਜ਼ਿਆਦਾ ਹੀ ਤੇਜ਼ੀ ਆਈ ਹੈ। ਫਿਲਮ 'ਕਸ਼ਮੀਰ ਫਾਈਲਜ਼' ਝੂਠ ਤੇ ਅੱਧੇ ਸੱਚ ਦਾ ਘਾਲਮੇਲ ਸੀ ਤਾਂ 'ਕੇਰਲਾ ਸਟੋਰੀ' ਉਸ ਤੋਂ ਵੀ ਵੱਧ ਨਫਰਤੀ ਫੈਕਟਰੀ 'ਚ ਜ਼ਹਿਰ 'ਚ ਡੁਬੋਏ ਝੂਠਾਂ ਦਾ ਉਤਪਾਦਨ ਹੈ। ਅਪਰਾਧਕ ਧਰੁਵੀਕਰਨ ਤੇ ਨਫਰਤ ਫੈਲਾਉਣ ਲਈ ਉਸ 'ਈਸ਼ਵਰ ਦੇ ਖੁਦ ਦੇ ਦੇਸ਼' (ਗੌਡਸ ਓਨ ਕੰਟਰੀ) ਕੇਰਲਾ ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਜਿਸ ਦੇ ਵਿਦੇਸ਼ਾਂ ਵਿਚ ਰਹਿਣ ਵਾਲੇ ਲੋਕਾਂ ਨੇ 2020 ਵਿਚ ਆਪਣੀ ਮਿਹਨਤ ਨਾਲ 2.3 ਲੱਖ ਕਰੋੜ ਰੁਪਏ ਭਾਰਤ ਭੇਜੇ। ਇਹ ਬਾਹਰ ਰਹਿੰਦੇ ਭਾਰਤੀਆਂ ਵੱਲੋਂ ਭੇਜੇ ਗਏ ਕੁਲ ਪੈਸੇ ਦਾ 34 ਫੀਸਦੀ ਬਣਦੇ ਹਨ। ਕੇਰਲਾ ਦੀ ਪ੍ਰਤੀ ਵਿਅਕਤੀ ਆਮਦਨ ਬਾਕੀ ਦੇਸ਼ ਨਾਲੋਂ 60 ਫੀਸਦੀ ਵੱਧ ਹੈ। ਇਥੇ ਇਕ ਫੀਸਦੀ ਤੋਂ ਵੀ ਘੱਟ (0.71 ਫੀਸਦੀ) ਲੋਕ ਗਰੀਬੀ ਰੇਖਾ ਤੋਂ ਹੇਠਾਂ ਹਨ, ਜਦਕਿ ਕੌਮੀ ਔਸਤ 22 ਫੀਸਦੀ ਹੈ। ਇੱਥੇ 96 ਫੀਸਦੀ ਲੋਕ ਪੜ੍ਹੇ-ਲਿਖੇ ਹਨ, ਜਦਕਿ ਕੌਮੀ ਔਸਤ 77 ਫੀਸਦੀ ਹੈ। ਬਾਲ ਮੌਤ ਦਰ ਕੇਰਲਾ ਵਿਚ ਇਕ ਹਜ਼ਾਰ ਪਿੱਛੇ 6 ਹੈ, ਜਦਕਿ ਭਾਜਪਾ ਸ਼ਾਸਤ ਆਸਾਮ ਵਿਚ 40, ਮੱਧ ਪ੍ਰਦੇਸ਼ ਵਿਚ 41 ਤੇ ਯੂ ਪੀ ਵਿਚ 46 ਹੈ। ਇਸਤਰੀ ਸੁਰੱਖਿਆ ਸਣੇ ਮਨੁੱਖੀ ਵਿਕਾਸ ਸੂਚਕ ਅੰਕ ਵਿਚ ਕੇਰਲਾ ਦੇਸ਼ 'ਚ ਹੀ ਅੱਵਲ ਨਹੀਂ, ਸਗੋਂ ਯੂਰਪ ਦੇ ਕਈ ਵਿਕਸਤ ਦੇਸ਼ਾਂ ਤੋਂ ਵੀ ਅੱਗੇ ਹੈ। ਇਸ ਦੇ ਮੁਕਾਬਲੇ ਸੰਘ-ਭਾਜਪਾ ਸ਼ਾਸਤ ਰਾਜਾਂ ਵਿਚ ਹਰ ਉਮਰ ਦੀਆਂ ਮਹਿਲਾਵਾਂ ਦੀ ਹਾਲਤ ਏਨੀ ਖਰਾਬ ਹੈ ਕਿ ਇਹ ਬ੍ਰਹਮਾ ਜੀ ਦੇ ਆਪਣੇ ਗੁਜਰਾਤ ਵਿਚ 2016-2020 ਵਿਚਾਲੇ ਲਾਪਤਾ ਹੋਈਆਂ 41621 ਕੁੜੀਆਂ ਤੇ ਮਹਿਲਾਵਾਂ ਦੀ ਗਿਣਤੀ ਤੋਂ ਹੀ ਸਾਹਮਣੇ ਆ ਗਿਆ ਸੀ। ਬਾਕੀ ਭਾਜਪਾ ਰਾਜਾਂ ਵਿਚ ਵੀ ਇਹੀ ਹਾਲਤ ਹੈ। ਸਿਰਫ ਮੱਧ ਪ੍ਰਦੇਸ਼ ਦੇ ਅੰਕੜੇ ਕਾਫੀ ਕੁਝ ਦੱਸ ਦਿੰਦੇ ਹਨ, ਜਿੱਥੇ ਦੋ ਦਹਾਕਿਆਂ ਤੋਂ ਭਾਜਪਾ ਰਾਜ ਕਰ ਰਹੀ ਹੈ ਤੇ ਜਿੱਥੋਂ ਦੇ ਮੁੱਖ ਮੰਤਰੀ ਖੁਦ ਨੂੰ ਮਾਮਾ ਕਹਾਉਂਦੇ ਹਨ। ਸਰਕਾਰੀ ਏਜੰਸੀ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਮੁਤਾਬਕ ਮੱਧ ਪ੍ਰਦੇਸ਼ ਵਿਚ ਹਰ 55 ਮਿੰਟਾਂ ਵਿਚ ਇਕ ਨਾਬਾਲਗ ਗਾਇਬ ਹੋ ਜਾਂਦੀ ਹੈ। 2021 ਵਿਚ ਇਹ ਗਿਣਤੀ 9407 ਸੀ, ਜਿਹੜੀ ਦੇਸ਼ ਵਿਚ ਸਭ ਤੋਂ ਵੱਧ ਸੀ। ਕੁੜੀਆਂ ਹੀ ਨਹੀਂ, ਮੁੰਡੇ ਵੀ ਗਾਇਬ ਹੁੰਦੇ ਹਨ। 2021 ਵਿਚ 22 ਹਜ਼ਾਰ ਨਾਬਾਲਗ ਮੁੰਡੇ ਗਾਇਬ ਹੋਏ। 2011-2021 ਵਿਚ ਯੌਨ ਅਪਰਾਧਾਂ 'ਚ 337 ਫੀਸਦੀ ਦਾ ਵਾਧਾ ਹੋਇਆ। ਬਾਲਾਂ ਵਿਰੁੱਧ ਯੌਨ ਹਮਲੇ ਰੋਕਣ ਵਾਲੇ ਕਾਨੂੰਨ 'ਪੌਕਸੋ' ਤਹਿਤ ਆਉਣ ਵਾਲੇ ਅਪਰਾਧਾਂ ਦੀ ਗਿਣਤੀ 6070 ਰਹੀ, ਜਿਹੜੀ ਕੁਲ ਅਪਰਾਧਾਂ ਦਾ 31.7 ਫੀਸਦੀ ਬਣਦੀ ਹੈ। ਮਾਮੇ ਦੀ ਸਰਕਾਰ ਵਿਚ ਪਿਛਲੇ ਪੰਜ ਸਾਲਾਂ ਵਿਚ 68738 ਮਹਿਲਾਵਾਂ ਵੀ ਲਾਪਤਾ ਹੋਈਆਂ ਹਨ। ਇਨ੍ਹਾਂ ਵਿੱਚੋਂ 33274 ਦਾ ਤਾਂ 2021 ਤੱਕ ਪਤਾ ਨਹੀਂ ਚੱਲਿਆ। 'ਕੇਰਲਾ ਸਟੋਰੀ' ਦੇ ਟਰੇਲਰ ਤੇ ਟੀਜ਼ਰ ਵਿਚ ਫਿਲਮ ਨਿਰਮਾਤਾ ਜਿਨ੍ਹਾਂ 32 ਹਜ਼ਾਰ ਮਹਿਲਾਵਾਂ ਦਾ ਦਾਅਵਾ ਕਰ ਰਹੇ ਸਨ ਤੇ ਬਾਅਦ ਵਿਚ ਹਾਈ ਕੋਰਟ 'ਚ ਸਿਰਫ 3 'ਤੇ ਆ ਗਏ ਸੀ, ਲਗਦਾ ਹੈ ਉਹ 32 ਹਜ਼ਾਰ ਦਾ ਅੰਕੜਾ ਉਨ੍ਹਾਂ ਭਾਜਪਾ ਸ਼ਾਸਤ ਮੱਧ ਪ੍ਰਦੇਸ਼ ਤੋਂ ਹੀ ਲਿਆ ਸਨ। ਪੁਲਸ ਦੀ ਸੰਵੇਦਨਸ਼ੀਲਤਾ ਦੀ ਹਾਲਤ ਇਹ ਹੈ ਕਿ ਜਦ 14-15 ਜਾਂ ਉਸ ਤੋਂ ਵੱਧ ਉਮਰ ਦੀ ਕੁੜੀ ਦੇ ਲਾਪਤਾ ਹੋਣ ਦੀ ਰਿਪੋਰਟ ਲਿਖਾਉਣ ਉਸ ਦੇ ਘਰ ਦੇ ਜਾਂਦੇ ਹਨ ਤਾਂ ਥਾਣੇ ਤੋਂ ਇਹ ਕਹਿ ਕੇ ਪਰਤਾ ਦਿੱਤਾ ਜਾਂਦਾ ਹੈ ਕਿ ਕਿਸੇ ਨਾਲ ਭੱਜ ਗਈ ਹੋਵੇਗੀ, 10-15 ਦਿਨ ਉਡੀਕ ਕਰੋ, ਉਸ ਦੇ ਬਾਅਦ ਆਉਣਾ। ਭਾਜਪਾ ਸ਼ਾਸਤ ਰਾਜਾਂ ਦੇ ਇਨ੍ਹਾਂ ਸਰਕਾਰੀ ਅੰਕੜਿਆਂ ਦੇ ਬਾਅਦ ਵੀ ਜੇ ਕਿਸੇ ਇਕ ਖਾਸ ਰਾਜ (ਕੇਰਲਾ) ਦੇ ਇਕ ਖਾਸ ਫਿਰਕੇ ਖਿਲਾਫ ਏਨੇ ਜ਼ਬਰਦਸਤ ਆਤਮਵਿਸ਼ਵਾਸ ਨਾਲ ਨਫਰਤ ਫੈਲਾਉਣ ਦੀ ਰਾਕਸ਼ਸ਼ੀ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਉਸ ਦੀ ਅਸਲੀ ਵਜ੍ਹਾ ਸਮਝਣੀ ਹੋਵੇਗੀ। ਨਾਨੀ ਦੀਆਂ ਕਹਾਣੀਆਂ ਦੱਸਦੀਆਂ ਹਨ ਕਿ ਰਾਕਸ਼ਸ਼ ਦੀ ਜਾਨ ਕਿਤੇ ਹੋਰ ਹੁੰਦੀ ਹੈ। ਇਨ੍ਹਾਂ ਦੀ ਜਾਨ ਵੀ ਮੀਡੀਆ ਨਾਂਅ ਦੇ ਕਾਂ, ਅਗਿਆਨ-ਅੰਧਵਿਸ਼ਵਾਸ ਨਾਂਅ ਦੇ ਗਿੱਧ ਤੇ ਕਾਰਪੋਰੇਟ ਨਾਂਅ ਦੇ ਮਗਰਮੱਛ ਵਿਚ ਹੈ। ਇਸ ਲਈ ਝੂਠ ਨੂੰ ਬੇਪਰਦ ਕਰਨ ਲਈ ਇਨ੍ਹਾਂ ਤਿੰਨਾਂ ਨੂੰ ਬੇਅਸਰ ਕਰਨ ਦੇ ਰਾਹ ਲੱਭਣੇ ਪੈਣੇ ਹਨ।*

## ਐੱਸ ਏ ਡੀ-ਸੈਡ ?

ਸ਼ੱਕ-ਸ਼ੁਬ੍ਹੇ ਸਭ 'ਝਾੜੂ' ਨੇ ਹੂੰਝ ਕੇ ਜੀ,
ਥਾਪੜ ਦਿੱਤੀ ਏ ਆਪ ਦੀ ਕੰਡ ਭਾਈ।
ਹਾਥੀ, ਕਮਲ ਤੇ ਤੱਕੜੀ ਵਾਲਿਆਂ ਨੂੰ,
ਵਿੱਚ ਮੈਦਾਨ ਦੇ ਰੱਖਿਆ ਛੰਡ ਭਾਈ।
ਦਿਨੇ-ਰਾਤ ਜੋ ਭੰਡੀ ਪ੍ਰਚਾਰ ਕਰਦੇ,
ਇੱਕੋ ਵਾਰ ਵਿੱਚ ਦਿੱਤੇ ਹਨ ਚੰਡ ਭਾਈ।
ਲੱਗਦਾ ਇਉਂ ਜਲੰਧਰ ਦੇ ਵੋਟਰਾਂ ਨੇ,
ਊਜਾਂ ਲਾਉਣ ਦਾ ਦਿੱਤਾ ਏ ਦੰਡ ਭਾਈ।
'ਹਮਦਰਦੀ' ਦੀ ਵੋਟ ਵੀ ਮਿਲੀ ਹੈ ਨ੍ਹੀਂ,
ਭਾਵੇਂ ਤਾਜ਼ਾ ਹੀ ਫੌਤ ਸੀ 'ਡੈਡ' ਹੋਇਆ।
'ਐੱਸ ਏ ਡੀ' ਤਾਂ ਤੀਜੇ ਥਾਂ ਡਿੱਗਿਆ ਏ,
ਨਹੀਂ ਸੁਧਰਦੇ ਤਦੇ ਹੀ 'ਸੈਡ' ਹੋਇਆ।

-ਤਰਲੋਚਨ ਸਿੰਘ ਦੁਪਾਲਪੁਰ, 78146-92724

# ਸਮਾਜਕ ਬੁਰਾਈਆਂ ਦਾ ਸ਼ਿਕਾਰ ਬਣ ਰਹੇ ਹਨ ਕਿਰਤ ਵਿਹੂਣੇ ਲੋਕ


ਗੁਰਚਰਨ ਸਿੰਘ ਨੂਰਪੁਰ

ਲਗਭਗ ਪੱਚੀ ਸੌ ਸਾਲ ਪਹਿਲਾਂ ਚੀਨੀ ਦਾਰਸ਼ਨਿਕ ਕਨਫਿਊਸ਼ੀਅਸ ਨੇ ਕਿਹਾ ਸੀ ਕਿ 'ਕੇਵਲ ਧਰਮ ਅਤੇ ਸਿੱਖਿਆ ਗ੍ਰਹਿਣ ਕਰਕੇ ਹੀ ਮਨੁੱਖ ਪੂਰਨ ਮਨੁੱਖ ਨਹੀਂ ਬਣ ਜਾਂਦਾ।' ਉਹਨਾ ਦੇ ਇਸ ਕਥਨ ਦਾ ਭਾਵ ਸ਼ਾਇਦ ਇਹ ਹੈ ਕਿ ਹੋਰ ਵੀ ਕੁਝ ਐਸੀਆਂ ਤਰਜੀਹਾਂ ਹਨ, ਜੋ ਮਨੁੱਖ ਨੂੰ ਚੰਗਾ ਇਨਸਾਨ ਬਣਾਉਣ ਵਿੱਚ ਆਪਣੀ ਭੂਮਿਕਾ ਅਦਾ ਕਰਦੀਆਂ ਹਨ। ਜੇਕਰ ਧਰਮ ਦੀ ਸਿੱਖਿਆ ਨਾਲ ਹੀ ਮਨੁੱਖ ਪੂਰਨ ਇਨਸਾਨ ਬਣ ਜਾਂਦਾ ਤਾਂ ਧਾਰਮਕ ਗਤੀਵਿਧੀਆਂ ਨਾਲ ਜੁੜੇ ਸਾਰੇ ਲੋਕਾਂ 'ਚੋਂ ਬੁਰਾਈਆਂ ਖਤਮ ਹੋ ਜਾਂਦੀਆਂ। ਜੇਕਰ ਪੜ੍ਹ-ਲਿਖ ਕੇ ਹੀ ਸਾਰੇ ਲੋਕ ਸਿਆਣੇ ਬਣ ਜਾਂਦੇ ਤਾਂ ਵੀ ਇਹ ਸਮਾਜ ਹੋਰ ਤਰ੍ਹਾਂ ਦਾ ਹੋਣਾ ਸੀ। ਖਬਰਾਂ ਅੱਜ ਇਹ ਵੀ ਹਨ ਕਿ ਐੱਮ.ਐੱਸ. ਸੀ., ਐੱਮ ਟੈੱਕ ਆਦਿ ਡਿਗਰੀਆਂ ਲੈਣ ਵਾਲੇ ਨੌਜੁਆਨ ਵੀ ਕਈ ਤਰ੍ਹਾਂ ਦੀਆਂ ਸਮਾਜਕ ਬਰਾਈਆਂ ਦਾ ਸ਼ਿਕਾਰ ਬਣ ਰਹੇ ਹਨ। ਪੜ੍ਹੇ-ਲਿਖੇ ਬਹੁਤ ਸਾਰੇ ਲੋਕ ਜਿਹਨਾਂ ਵਿੱਚ ਨੌਜੁਆਨ ਅਤੇ ਅੱਧਖੜ ਉਮਰ ਦੇ ਲੋਕ ਵੀ ਹਨ, ਵੱਡੀ ਤਾਦਾਦ ਵਿੱਚ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ। ਸਾਡੇ ਸਮਾਜ ਵਿੱਚ ਮਾਰ-ਧਾੜ, ਲੁੱਟਮਾਰ ਦੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋਣਾ ਸ਼ੁਰੂ ਹੋਇਆ ਹੈ। ਲੁੱਟ-ਖਸੁੱਟ ਦੀਆਂ ਛੋਟੀਆਂ ਘਟਨਾਵਾਂ ਤੋਂ ਲੈ ਕੇ ਜੇ ਸੀ ਬੀ ਮਸ਼ੀਨਾਂ ਨਾਲ ਏ ਟੀ ਐੱਮ ਮਸ਼ੀਨਾਂ ਪੁੱਟ ਕੇ ਨਾਲ ਲੈ ਜਾਣ ਤੱਕ ਦੀਆਂ ਘਟਨਾਵਾਂ ਆਮ ਹੋਣ ਲੱਗ ਪਈਆਂ ਹਨ। ਖਬਰਾਂ ਇਹ ਵੀ ਹਨ ਕਿ ਜੇਲ੍ਹਾਂ ਵਿੱਚ ਬੈਠੇ ਕੁਝ ਮੁਜਰਮ ਨਸ਼ੇ ਦੇ ਵੱਡੇ ਕਾਰੋਬਾਰੀ ਬਣੇ ਹੋਏ ਹਨ। ਹੁਣ ਆਮ ਬੰਦਾ ਕਿਸੇ ਤਸਕਰ ਦੇ ਜੇਲ੍ਹ ਜਾਣ ਦੀ ਖਬਰ ਨੂੰ ਪੜ੍ਹ ਕੇ ਸੋਚਦਾ ਹੈ ਕਿ ਚਲੋ ਚੰਗਾ ਹੋਇਆ ਪੁਲਸ ਨੇ ਫੜ ਕੇ ਜੇਲ੍ਹ ਭੇਜ ਦਿੱਤਾ, ਪਰ ਵਿਚਾਰਨ ਅਤੇ ਫਿਕਰ ਕਰਨ ਵਾਲੀ ਗੱਲ ਇਹ ਹੈ ਕਿ ਜੇਲ੍ਹ ਵਿੱਚ ਬੈਠ ਕੇ ਨਸ਼ਿਆਂ ਦਾ ਕਾਲਾ ਕਾਰੋਬਾਰ ਕਰਨ ਵਾਲੇ ਲੋਕਾਂ ਨੂੰ ਫੜ ਕੇ ਮੁਕੱਦਮਾ ਦਰਜ ਕਰਕੇ ਕਿੱਥੇ ਭੇਜਣਾ ਹੈ? ਭੇਜਣਾ ਤਾਂ ਆਖਰ ਕਿਸੇ ਜੇਲ ਵਿੱਚ ਹੀ ਹੈ। ਜੇਲ੍ਹ ਵਿੱਚ ਬੈਠਾ ਤਾਂ ਉਹ ਬੰਦਾ ਪਹਿਲਾਂ ਹੀ ਆਪਣੇ ਢੰਗ ਨਾਲ ਆਪਣਾ ਕਾਲਾ ਕਾਰੋਬਾਰ ਕਰ ਰਿਹਾ ਸੀ। ਅਜਿਹੀਆਂ ਖਬਰਾਂ ਗੰਭੀਰ ਚਿੰਤਨ ਅਤੇ ਵੱਡੇ ਪ੍ਰਸ਼ਾਸ਼ਨਿਕ ਸੁਧਾਰਾਂ ਦੀ ਮੰਗ ਕਰਦੀਆਂ ਹਨ, ਜੋ ਅਜੇ ਸਾਡੀ ਸੋਚ ਦਾ ਹਿੱਸਾ ਨਹੀਂ ਬਣੇ।

ਵਿਚਾਰਨ ਵਾਲੀ ਗੱਲ ਇਹ ਵੀ ਹੈ ਕਿ ਜਿਸ ਜੇਲ੍ਹ ਦੀ ਕੈਦ ਨੂੰ ਹੁਣ ਤੱਕ ਅਸੀਂ ਕੈਦ ਸਮਝਦੇ ਆਏ ਹਾਂ ਕੀ ਉਹ ਸਭ ਲੋਕਾਂ ਲਈ ਵਾਕਿਆ ਹੀ ਸਜ਼ਾ ਹੈ? ਪਿਛਲੇ ਅਰਸੇ ਦੌਰਾਨ ਫਰੀਦਕੋਟ ਜੇਲ੍ਹ ਦੀ ਖਬਰ ਵੀ ਚਰਚਾ ਵਿੱਚ ਰਹੀ, ਜਿਸ ਵਿੱਚ ਕੁਝ ਕੈਦੀ ਸਮੈਕ ਦੇ ਘੋਲ ਦਾ ਟੀਕਾ ਆਪਣੇ ਆਪ ਨੂੰ ਲਾਉਂਦੇ ਸਨ। ਇੱਕ ਦਿਨ ਜਦੋਂ ਸਮੈਕ ਦੇ ਘੋਲ ਦਾ ਟੀਕਾ ਕੁਝ ਕੈਦੀਆਂ ਨੇ ਲਾ ਲਿਆ ਅਤੇ ਬਾਕੀਆਂ ਲਈ ਨਾ ਬਚਿਆ ਤਾਂ ਉਹਨਾਂ ਲੱਗੇ ਹੋਏ ਟੀਕੇ ਵਾਲਿਆਂ ਦਾ ਖੂਨ ਸਰਿੰਜ ਨਾਲ ਕੱਢ ਕੇ ਆਪਣੇ ਆਪ ਨੂੰ ਲਾ ਲਿਆ, ਤਾਂ ਕਿ ਟੀਕੇ ਲੱਗੇ ਵਾਲੇ ਵਿਆਕਤੀ ਦੇ ਖੂਨ ਨਾਲ ਹੀ ਕੁਝ ਨਸ਼ਾ ਹਾਸਲ ਕੀਤਾ ਜਾ ਸਕੇ। ਇਸ ਤਰ੍ਹਾਂ ਗੈਰ-ਮੈਚਿੰਗ ਵਾਲਾ ਖੂਨ ਲੱਗਣ ਨਾਲ ਇਹਨਾਂ 'ਚੋਂ ਦੋ ਦੀ ਤਾਂ ਮੌਤ ਹੋ ਗਈ, ਬਾਕੀਆਂ ਨੂੰ ਬੜੀ ਮੁਸ਼ਕਲ ਨਾਲ ਡਾਕਟਰਾਂ ਬਚਾ ਲਿਆ। ਆਪਣੇ ਆਪ ਨੂੰ ਗੁਰੂਆਂ, ਪੀਰਾਂ ਦੀ ਧਰਤੀ ਦੇ ਵਾਰਿਸ ਦੱਸਣ ਵਾਲੇ ਪੰਜਾਬ ਦੇ ਲੋਕ ਕਿਉਂ ਏਨੇ ਮਾੜੇ, ਅਤਿ ਗੰਭੀਰ ਹਾਲਤਾਂ ਦਾ ਸ਼ਿਕਾਰ ਹੋ ਰਹੇ ਹਨ?

ਦਰਅਸਲ ਕੁਝ ਐਸੀਆਂ ਤਰਜੀਹਾਂ ਹਨ, ਜੋ ਮਨੁੱਖ ਨੂੰ ਚੰਗਾ ਬਣਾਉਣ ਵਿੱਚ ਆਪਣਾ ਵੱਡਾ ਰੋਲ ਨਿਭਾਉਂਦੀਆਂ ਹਨ। ਇਹਨਾਂ 'ਚੋਂ ਇੱਕ ਤਾਂ ਇਹ ਕਿ ਸਮਾਜ ਲਈ ਚੰਗੇ ਰੋਲ ਮਾਡਲ ਹੋਣੇ ਚਾਹੀਦੇ ਹਨ। ਦੂਜੀ ਹੈ ਕਿਰਤ। ਜਿੱਥੇ ਅੱਜ ਸਾਡੇ ਸਮਾਜ ਵਿੱਚ ਰੋਲ ਮਾਡਲਾਂ ਦਾ ਸੰਕਟ ਹੈ, ਉੱਥੇ ਕਿਰਤ ਕਰਨ ਨੂੰ ਅਸੀਂ ਆਪਣਾ ਅਪਮਾਨ ਸਮਝਣ ਲੱਗ ਪਏ ਹਾਂ। ਸੱਭਿਆਚਾਰਕ ਪੱਖੋਂ ਸਾਡੀਆਂ ਸਮਾਜਕ ਕਦਰਾਂ-ਕੀਮਤਾਂ ਦਾ ਘਾਣ ਕਰਨ ਵਾਲੇ ਕੁਝ ਕੁ ਫੁਕਰੇ ਗਾਇਕ ਲਗਤਾਰ ਗੁੰਡਾਗਰਦੀ, ਨਸ਼ੇਬਾਜ਼ੀ ਨੂੰ ਉਤਸ਼ਾਹਤ ਕਰਨ ਲੱਗੇ ਹੋਏ ਹਨ। ਕੁਝ ਕੁ ਸਿਗਰਟਾਂ, ਚਿਲਮਾਂ, ਭੰਗ, ਗਾਂਜੇ ਖਾਣ ਵਾਲੇ ਆਪਣੇ ਆਪ ਨੂੰ ਸੂਫੀ ਗਾਇਕ ਹੋਣ ਦਾ ਭਰਮ ਪਾਲਣ ਵਾਲੇ ਵੀ ਨੌਜੁਆਨ ਪੀੜ੍ਹੀ ਦਾ ਵਿਵੇਕ ਅਤੇ ਬੌਧਿਕ ਪੱਖ ਤੋਂ ਬੇੜਾ ਗਰਕ ਕਰਨ 'ਤੇ ਤੁਲੇ ਹੋਏ ਹਨ। ਦੇਸ਼ ਦੀ ਜਵਾਨੀ ਨੇ ਆਪਣਾ ਭਵਿੱਖ ਰੌਸ਼ਨ ਕਰਨ ਦੇ ਨਾਲ-ਨਾਲ ਸਮਾਜ ਦੀ ਉਸਾਰੀ ਵਿੱਚ ਵੀ ਬੜਾ ਮਹੱਤਵਪੂਰਨ ਰੋਲ ਅਦਾ ਕਰਨਾ ਹੁੰਦਾ ਹੈ, ਉਹ ਅੱਜ ਵੱਖ-ਵੱਖ ਡੇਰਿਆਂ, ਦਰਗਾਹਾਂ ਅਤੇ ਹੋਰ ਧਾਰਮਕ ਅਸਥਾਨਾਂ ਦੇ ਚੱਕਰ ਵਿੱਚ ਪੈ ਕੇ ਦਿਸ਼ਾਹੀਣ ਹੋ ਗਈ ਜਾਪਦੀ ਹੈ। ਧਾਰਮਿਕ ਪੱਖ ਤੋਂ ਅਗਵਾਈ ਕਰਨ ਵਾਲੇ ਪ੍ਰਚਾਰਕਾਂ ਦਾ ਸਾਰਾ ਜੋਰ ਮਨੁੱਖ ਦੇ ਵਿਆਕਤੀਤਵ ਦੇ ਵਿਕਾਸ ਦੀ ਬਜਾਏ ਬਾਹਰੀ ਵੇਸ ਭੇਸ ਤੇ ਲੱਗਿਆ ਹੋਇਆ ਹੈ। ਜਿੱਥੇ ਕਹਿਣੀ ਅਤੇ ਕਰਨੀ ਦਾ ਫਰਕ ਹੋਵੇ ਉੱਥੇ ਵੱਡੇ ਤੋਂ ਵੱਡੇ ਮਹਾਤਮਾਵਾਂ ਦੀਆਂ ਕਹੀਆਂ ਗੱਲਾਂ ਦੀ ਬੇਅਰਥ ਹੋ ਜਾਂਦੀਆਂ ਹਨ। ਗੁਰੂ ਨਾਨਕ ਦੇਵ ਜੀ ਨੇ ਸਾਨੂੰ ਕਿਰਤ ਕਰਨ ਦਾ ਉਪਦੇਸ਼ ਦਿੱਤਾ ਨਾਲ ਆਪ ਵੀ ਉਹਨਾ ਕਰਤਾਰਪੁਰ ਸਹਿਬ ਵਿਖੇ 17-18 ਸਾਲ ਖੇਤੀ ਕੀਤੀ। ਇਸੇ ਤਰ੍ਹਾਂ ਭਗਤ ਰਵੀਦਾਸ ਜੀ, ਕਬੀਰ ਸਾਹਿਬ ਵੀ ਸਾਰੀ ਉਮਰ ਕਿਰਤ ਨਾਲ ਜੁੜੇ ਰਹੇ। ਕੋਈ ਵਿਆਕਤੀ ਉਹ ਭਾਵੇਂ ਕਿੰਨਾ ਵੀ ਮਹੱਤਵਪੂਰਨ ਕਿਉਂ ਨਾ ਹੋਵੇ, ਜੇ ਆਪ ਉਹ ਸ਼ਾਹੀ ਠਾਠ-ਬਾਠ ਵਿੱਚ ਹੈ ਅਤੇ ਦੂਜੇ ਨੂੰ ਕੰਮ ਕਰਨ ਦਾ ਉਪਦੇਸ਼ ਦਿੰਦਾ ਹੈ ਤਾਂ ਸੁਣਨ ਵਾਲਿਆਂ 'ਤੇ ਉਹਦੀ ਕਹੀ ਗੱਲ ਦਾ ਅਸਰ ਨਹੀਂ ਹੋਵੇਗਾ, ਉਹਨੂੰ ਵੇਖਣ ਵਾਲਿਆਂ ਤੇ ਉਹਦੇ ਵੇਸ਼-ਭੇਸ ਅਤੇ ਰਹਿਣ-ਸਹਿਣ ਦਾ ਅਸਰ ਜ਼ਰੂਰ ਹੋਵੇਗਾ। ਇਹੋ ਗੱਲ ਹੈ ਕਿ ਅੱਜ ਵੇਖੋ-ਵੇਖੀ ਪ੍ਰਚਾਰਕ ਤਾਂ ਪੈਦਾ ਹੋ ਰਹੇ ਹਨ ਪਰ ਸਮਾਜ ਲਗਾਤਾਰ ਰਸਾਤਲ ਵੱਲ ਜਾ ਰਿਹਾ ਹੈ।

ਕਿਰਤ ਨਾਲ ਜੁੜੇ ਰਹਿਣ ਨਾਲ ਮਨੁੱਖ ਅੰਦਰਲੀਆਂ ਕਲਾਤਮਿਕ ਰੁਚੀਆਂ ਦਾ ਵਿਕਾਸ ਹੁੰਦਾ ਹੈ। ਪੰਜਾਬ ਦੇ ਲੋਕ ਕੁੱਪ ਬੰਨ੍ਹਣੇ, ਰੱਸੇ ਵੱਟਣੇ, ਮੱਝਾਂ, ਗਾਵਾਂ ਅਤੇ ਬਲਦਾਂ ਨੂੰ ਪਾਲਣਾ, ਸ਼ਿੰਗਾਰਨਾ, ਫਸਲ ਦੀ ਗੁਡਾਈ ਕਰਨੀ, ਫਸਲਾਂ ਨੂੰ ਕਾਵਾਂ, ਤੋਤਿਆਂ ਤੋਂ ਬਚਾਉਣ ਲਈ ਮਨ੍ਹੇ ਬਣਾ ਕੇ ਰਾਖੀ ਕਰਨੀ ਆਦਿ ਕਈ ਕੰਮ ਸਨ, ਜੋ ਸਾਡੇ ਵੱਡੇ-ਵਡੇਰੇ ਸਦੀਆਂ ਤੋਂ ਕਰਦੇ ਰਹੇ, ਪਰ ਅੱਜ ਨਹੀਂ। ਇਸੇ ਤਰ੍ਹਾਂ ਸਾਡੀਆਂ ਧੀਆਂ-ਭੈਣਾਂ ਵੱਲੋਂ ਕੰਧਾਂ 'ਤੇ ਵੇਲਾਂ ਬੂਟੇ ਪਾਉਣੇ, ਕੰਧੋਲੀਆਂ ਲਿਪਣੀਆਂ, ਪੋਚਣੀਆਂ, ਦਰੀਆਂ, ਫੁਲਕਾਰੀਆਂ, ਪੱਖੀਆਂ ਨੂੰ ਬਣਾਉਣ ਲਈ ਕਲਾਤਮਿਕ ਛੋਹਾਂ ਦੇਣੀਆਂ ਆਦਿ ਬਹੁਤ ਸਾਰੇ ਕੰਮ ਸਨ, ਜੋ ਮਨੁੱਖ ਨੂੰ ਕਿਰਤ ਦੇ ਨਾਲ-ਨਾਲ ਕਲਾ ਨਾਲ ਜੋੜੀ ਰੱਖਦੇ ਸਨ। ਕਲਾਤਮਿਕ ਰੁਚੀਆਂ ਦਾ ਵਿਕਾਸ ਮਨੁੱਖ ਨੂੰ ਮਨੁੱਖ ਬਣਾਉਣ ਵਿੱਚ ਵੱਡਾ ਰੋਲ ਅਦਾ ਕਰਦਾ ਹੈ, ਜਿਸ ਨੂੰ ਬਜ਼ਾਰ ਅਤੇ ਮੰਡੀ ਦੇ ਕਰੂਰ ਵਰਤਾਰੇ ਨੇ ਸਾਡੇ ਜੀਵਨ 'ਚੋਂ ਬਿਲਕੁਲ ਹੀ ਖਤਮ ਕਰ ਦਿੱਤਾ ਹੈ। ਕਿਰਤ ਅਤੇ ਕਲਾ ਨਾਲੋਂ ਟੁੱਟ ਕੇ ਅਸੀਂ ਸੱਖਣੇ ਹੋ ਗਏ ਹਾਂ। ਆਪਣੇ ਆਪ ਨੂੰ ਭਰਨ ਲਈ ਵਿਖਾਵਾਬਾਜੀ ਅਤੇ ਕਈ ਤਰ੍ਹਾਂ ਦੇ ਅਡੰਬਰ ਰਚਣ ਲੱਗ ਪਏ ਹਾਂ। ਇਥੇ ਸਵਾਲ ਪੈਦਾ ਹੁੰਦਾ ਹੈ ਕਿ ਕੀ ਅੱਜ ਵੀ ਕਿਰਤ ਨਾਲ ਜੁੜੇ ਸਾਰੇ ਲੋਕ ਸਮਾਜਿਕ ਬੁਰਾਈਆਂ ਤੋਂ ਬਚੇ ਹੋਏ ਹਨ? ਇਹਦਾ ਜਵਾਬ ਹੈ 'ਨਹੀਂ'। ਕਾਰਨ ਇਹ ਹੈ ਜਦੋਂ ਸਮਾਜ ਵਿੱਚ ਦੀ ਬਹੁਗਿਣਤੀ ਕਈ ਤਰ੍ਹਾਂ ਦੀਆਂ ਬੁਰਾਈਆਂ ਦਾ ਸ਼ਿਕਾਰ ਹੁੰਦੀ ਹੈ ਤਾਂ ਦੂਜੇ ਲੋਕਾਂ ਤੇ ਵੀ ਇਸ ਦਾ ਪ੍ਰਭਾਵ ਪੈਦਾ ਕੁਦਰਤੀ ਗੱਲ ਹੈ। ਜਿਵੇਂ ਇੱਕ ਦਫਤਰ ਵਿੱਚ ਬਹੁਤ ਸਾਰੇ ਭ੍ਰਿਸ਼ਟ ਵਿਆਕਤੀ ਦਾ ਅਸਰ ਉੱਥੇ ਕੰਮ ਕਰਦੇ ਇੱਕ ਈਮਾਨਦਾਰ ਵਿਅਕਤੀ ਤੇ ਹੋਣਾ ਕੁਦਰਤੀ ਗੱਲ ਹੈ। ਭਾਰਤ ਵਿੱਚ ਹੀ ਬਹੁਤ ਸਾਰੇ ਸੂਬੇ ਅਜਿਹੇ ਹਨ, ਜਿੱਥੇ ਸਾਡੇ ਸਮਾਜ ਦੇ ਮੁਕਾਬਲੇ ਜੁਰਮ ਵੀ ਘੱਟ ਹਨ ਅਤੇ ਨਸ਼ਿਆਂ ਦਾ ਪ੍ਰਚਲਣ ਵੀ ਘੱਟ ਹੈ। ਉਦਾਹਰਣ ਵਜੋਂ ਪੋਸਤ, ਅਫੀਮ ਦੀ ਪੈਦਾਵਾਰ ਮੱਧ ਪ੍ਰਦੇਸ਼, ਰਾਜਸਥਾਨ ਵਿੱਚ ਹੁੰਦੀ ਹੈ, ਪਰ ਇਹ ਨਸ਼ੇ ਖਾਣ ਵਾਲਿਆਂ ਦੀ ਗਿਣਤੀ ਪੰਜਾਬ ਵਿੱਚ ਜ਼ਿਆਦਾ ਹੈ। ਅਸੀਂ ਕਹਿੰਦੇ ਹਾਂ ਕਿ ਸਾਡੀਆਂ ਔਲਾਦਾਂ ਹਰ ਤਰ੍ਹਾਂ ਦੇ ਨਸ਼ਿਆਂ ਤੋਂ ਬਚੀਆਂ ਰਹਿਣ, ਪਰ ਸਾਡੇ ਵਿਆਹਾਂ-ਸ਼ਾਦੀਆਂ 'ਤੇ ਪੈਲਸਾਂ ਵਿੱਚ ਬੱਚਿਆਂ, ਨੌਜੁਆਨਾਂ ਸਾਹਮਣੇ ਮਹਿੰਗੀਆਂ ਸ਼ਰਾਬਾਂ ਅਤੇ ਇਹਨਾਂ ਨਾਲ ਖਾਣ ਵਾਲੇ ਪਕਵਾਨ ਬਣਾਏ ਤੇ ਵਰਤਾਏ ਜਾ ਰਹੇ ਹੁੰਦੇ ਹਨ। ਹੁਣ ਤਾਂ ਸਰਕਾਰਾਂ ਨੇ ਵੀ ਸ਼ਰਾਬ ਨੂੰ ਕਮਾਈ ਵੱਡਾ ਸਾਧਨ ਮੰਨ ਲਿਆ ਹੈ। ਸ਼ਰਾਬ ਫੈਕਟਰੀਆਂ ਅਤੇ ਸ਼ਰਾਬ ਦੇ ਠੇਕਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇਹ ਨਸ਼ਿਆਂ ਦਾ ਪ੍ਰਚਲਣ ਹੀ ਸਮਾਜ ਵਿੱਚ ਦੂਜੀਆਂ ਕਈ ਅਲਾਮਤਾਂ ਨੂੰ ਪੈਦਾ ਕਰਨ ਦਾ ਜ਼ਰੀਆ ਬਣਦਾ ਹੈ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਖੇਤੀ ਦੇ ਸੰਦਾਂ ਵਿੱਚ ਤੇਜ਼ੀ ਨਾਲ ਹੋਏ ਮਸ਼ੀਨੀਕਰਨ ਨੇ ਜਿੱਥੇ ਇੱਕ ਵਿਹਲ ਨੂੰ ਜਨਮ ਦਿੱਤਾ ਹੈ, ਉੱਥੇ ਪਿਛਲੇ ਪੰਦਰਾਂ-ਵੀਹ ਸਾਲਾਂ ਤੋਂ ਪੰਜਾਬ ਦੇ ਨੌਜੁਆਨਾਂ ਲਈ ਸਰਕਾਰਾਂ ਵੱਲੋਂ ਬਦਲਵੇਂ ਰੋਜ਼ਗਾਰ ਦੇ ਪ੍ਰਬੰਧ ਨਹੀਂ ਕੀਤੇ ਗਏ। ਸਰਕਾਰੀ ਅਤੇ ਗੈਰ-ਸਰਕਾਰੀ ਰੋਜ਼ਗਾਰ ਪੈਦਾ ਕਰਨ ਲਈ ਵੱਡੇ ਪ੍ਰੋਗਰਾਮ ਬਣਾਉਣ ਦੀ ਲੋੜ ਸੀ, ਜੋ ਨਹੀਂ ਬਣਾਏ ਜਾ ਸਕੇ। ਅੱਜ ਵੀ ਦੇਸ਼ ਦੀ ਜਵਾਨੀ ਕੰਮ ਮੰਗਦੀ ਹੈ, ਸੜਕਾਂ 'ਤੇ ਰੁਲ ਰਹੀ ਹੈ, ਟੈਂਕੀਆਂ 'ਤੇ ਚੜ੍ਹ ਰਹੀ ਹੈ। ਬਾਹਰਲੇ ਮੁਲਕਾਂ ਨੂੰ ਜਾਣ ਲਈ ਟ੍ਰੈਵਲ ਏਜੰਟਾਂ ਦਾ ਸ਼ਿਕਾਰ ਹੋ ਰਹੀ ਹੈ। ਇਸ ਧਰਤੀ 'ਤੇ ਉਹਨਾਂ ਨੂੰ ਆਪਣੇ ਚੰਗੇ ਭਵਿੱਖ ਦੀ ਆਸ ਨਹੀਂ ਦਿਸ ਰਹੀ। ਜੇਕਰ ਅੱਜ ਸਾਡਾ ਨੌਜੁਆਨ ਨਿਰਾਸ਼ਾ ਦੇ ਆਲਮ ਵਿੱਚ ਹੈ ਤਾਂ ਸਾਨੂੰ ਇਸ ਲਈ ਗੰਭੀਰ ਚਿੰਤਨ ਦੀ ਲੋੜ ਹੈ। ਬੀਤ ਗਏ ਸਮੇਂ ਨੇ ਕਦੇ ਵਾਪਸ ਨਹੀਂ ਆਉਣਾ, ਪਰ ਵਰਤਮਾਨ ਪ੍ਰਸਥਿਤੀਆਂ ਮੁਤਾਬਕ ਚਾਹੀਦਾ ਇਹ ਹੈ ਦੇਸ਼ ਦੀ ਜਵਾਨੀ ਨੂੰ ਵੱਧ ਤੋਂ ਵੱਧ ਕਿਰਤ ਅਤੇ ਕਲਾ ਨਾਲ ਜੋੜਿਆ ਜਾਵੇ। ਸਰਕਾਰ ਨੌਕਰੀਆਂ ਦੇ ਨਾਲ-ਨਾਲ ਸਾਡੇ ਗੁਆਂਢੀ ਮੁਲਕ ਚੀਨ ਵਾਂਗ ਇੱਥੇ ਵੀ ਘਰੇਲੂ ਛੋਟੇ ਉਦਯੋਗਾਂ ਨੂੰ ਵੱਡੀ ਪੱਧਰ 'ਤੇ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ। ਰੋਜ਼ਗਾਰ ਸੰਬੰਧੀ ਇੱਕ ਅਜਿਹੀ ਲਹਿਰ ਚਲਾਈ ਜਾਵੇ, ਜਿਸ ਵਿੱਚ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਦੇ ਨਾਲ-ਨਾਲ ਘਰਾਂ 'ਚੋਂ ਲੋੜੀਂਦੀਆਂ ਹੋਰ ਵਸਤਾਂ ਨੂੰ ਘਰੇਲੂ ਛੋਟੇ ਘੱਟ ਲਾਗਤ ਵਾਲੇ ਉਦਯੋਗ ਲਗਾ ਕੇ ਇਹਨਾਂ ਦੀ ਪੈਦਾਵਾਰ ਕੀਤੀ ਜਾਵੇ। ਦੇਸ਼ ਦੇ ਪੜ੍ਹੇ-ਲਿਖੇ ਨੌਜਆਨ ਮੁੰਡੇ-ਕੁੜੀਆਂ ਲਈ ਉਹਨਾਂ ਦੀ ਯੋਗਤਾ ਅਨੁਸਾਰ ਕੰਮ ਦੇ ਵਸੀਲੇ ਪੈਦਾ ਕੀਤੇ ਜਾਣ। ਸਗੋਂ ਚਾਹੀਦਾ ਤਾਂ ਇਹ ਹੈ ਕਿ ਸਕੂਲਾਂ ਕਾਲਜਾਂ ਵਿੱਚ ਵੀ ਬੱਚਿਆਂ ਨੂੰ ਪੜ੍ਹਨ ਦੇ ਨਾਲ-ਨਾਲ ਕੁਝ ਸਮਾਂ ਕੰਮਾਂ ਦੀ ਸਿਖਲਾਈ ਦੇਣ ਲਈ ਕੰਮ ਕਰਨ ਲਈ ਜ਼ਰੂਰੀ ਕੀਤਾ ਜਾਵੇ। ਇਸ ਨਾਲ ਨੌਜੁਆਨਾਂ ਨੂੰ ਹੱਥੀਂਕੰਮ ਕਰਨ ਦੀ ਆਦਤ ਵੀ ਪਵੇਗੀ ਅਤੇ ਉਹਨਾਂ ਨੂੰ ਇੱਕ ਦਿਸ਼ਾ ਵੀ ਮਿਲੇਗੀ ਕਿ ਉਹ ਆਪਣੀ ਜ਼ਿੰਦਗੀ ਵਿੱਚ ਕੀ ਕੁਝ ਕਰਨ ਦੇ ਵਧੇਰੇ ਸਮਰੱਥ ਹੋ ਸਕਦੇ ਹਨ।

ਕੈਨੇਡਾ ਵਰਗੇ ਮੁਲਕਾਂ ਵਿੱਚ ਦਸਵੀ ਦਾ ਸਰਟੀਫੀਕੇਟ ਹਾਸਲ ਕਰਨ ਲਈ ਕਿਸੇ ਕੰਪਨੀ ਤੋਂ ਕੁਝ ਘੰਟੇ ਰੋਜ਼ਾਨਾ ਕੰਮ ਕਰਨ ਦਾ ਸਰਟੀਫੀਕੇਟ ਪਹਿਲਾਂ ਦਿਖਾਉਣਾ ਪੈਂਦਾ ਹੈ। ਕਿਰਤ ਅਤੇ ਕੰਮ ਨਾਲ ਜੁੜ ਕੇ ਜਿੱਥੇ ਅਸੀਂ ਸਮਾਜ ਨੂੰ ਇੱਕ ਨਵੀਂ ਦਿਸ਼ਾ ਦੇਣ ਵਿੱਚ ਸਫਲ ਹੋ ਸਕਦੇ ਹਾਂ, ਉੱਥੇ ਸਮਾਜ ਤੋਂ ਕਈ ਤਰ੍ਹਾਂ ਦੇ ਵਿਕਾਰਾਂ, ਵਿਗਾੜਾਂ ਨੂੰ ਵੀ ਖਤਮ ਕਰ ਸਕਦੇ ਹਾਂ। ਜੇਕਰ ਅੱਜ ਪੰਜਾਬ ਦੀ ਧਰਤੀ ਇੱਕ ਵੱਡੇ ਹਸਪਤਾਲ ਦਾ ਰੂਪ ਲੈ ਰਹੀ ਹੈ ਅਤੇ ਦਵਾਈਆਂ /ਹਸਪਤਾਲਾਂ/ ਲੈਬ ਟੈਸਟਾਂ ਦੀ ਇੱਕ ਵੱਡੀ ਮੰਡੀ ਬਣ ਗਈ ਹੈ ਤਾਂ ਇਸ ਦਾ ਇੱਕ ਵੱਡਾ ਕਾਰਨ ਸਾਡਾ ਕਿਰਤ ਤੋਂ ਦੂਰ ਜਾਣਾ ਵੀ ਹੈ। ਅੱਜ ਸਾਨੂੰ ਅੱਜ ਦਾ ਸਮਾਜ ਜੋ ਸਾਡੇ ਵਿਰਸੇ ਦੀਆਂ ਨਿੱਗਰ ਕਦਰਾਂ ਕੀਮਤਾਂ ਅਨੁਸਾਰ ਬਿਲਕੁਲ ਵੀ ਢੁੱਕਵਾਂ ਨਹੀਂ ਹੈ ਵਿੱਚ ਵੱਡੇ ਬਦਲਾਅ ਕਰਕੇ ਸਮੇਂ ਦੇ ਹਾਣੀ ਬਣਨ ਦੀ ਲੋੜ ਹੈ।

**# ਸੰਪਰਕ : 98550-51099**

# ਨੌਜਵਾਨ ਬਣਨ ਨਰੋਈ ਸੋਚ ਦੇ ਪਾਂਧੀ

ਗੁਰਬਿੰਦਰ ਸਿੰਘ ਮਾਣਕ

ਹਰ ਦੇਸ਼ ਲਈ ਉੱਥੋਂ ਦਾ ਨੌਜਵਾਨ ਵਰਗ ਵੱਡਮੁੱਲਾ ਸਰਮਾਇਆ ਹੁੰਦਾ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਨਰੋਈ ਨੌਜਵਾਨ ਸ਼ਕਤੀ ਕਿਸੇ ਦੇਸ਼ ਦਾ ਧੰਨ-ਭਾਗ ਹੁੰਦੀ ਹੈ। ਹਰ ਦੇਸ਼, ਸਮਾਜ ਆਪਣੀ ਨੌਜਵਾਨੀ ਵਿਚੋਂ ਹੀ ਆਪਣਾ ਚੰਗਾ/ਮਾੜਾ ਭਵਿੱਖ ਤਲਾਸ਼ਦਾ ਹੈ। ਸਰੀਰਕ ਤੇ ਮਾਨਸਕ ਰੂਪ ਵਿਚ ਸਿਹਤਮੰਦ, ਸੂਝ-ਬੂਝ ਤੇ ਸਾਰਥਕ ਵਿਚਾਰਾਂ ਨੂੰ ਪ੍ਰਣਾਈ, ਨਸ਼ਿਆਂ ਤੋਂ ਰਹਿਤ ਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਵਾਲੀ ਨੌਜਵਾਨ ਸ਼ਕਤੀ ਦੇਸ਼ ਦਾ ਅਸਲ ਸਰਮਾਇਆ ਹੁੰਦੀ ਹੈ। ਬਹੁਤ ਤਸੱਲੀ ਅਤੇ ਖੁਸ਼ੀ ਹੁੰਦੀ ਹੈ, ਜਦੋਂ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਉੱਚ ਸਿਖਿਆ ਪ੍ਰਾਪਤ ਕਰਦੇ ਨੌਜਵਾਨ ਆਪਣੇ ਅਗਾਂਹਵਧੂ ਵਿਚਾਰਾਂ ਦੀ ਰੌਸ਼ਨੀ ਵਿਚ ਸਮਾਜ ਨੂੰ ਹੋਰ ਚੰਗੇਰਾ ਬਣਾਉਣ ਲਈ ਆਪਣੀ ਸਾਰਥਕ ਭੂਮਿਕਾ ਨਿਭਾਉਂਦੇ ਹਨ। ਕਿਤੇ ਵੀ ਕੁਝ ਗਲਤ ਵਾਪਰ ਰਿਹਾ ਹੋਵੇ, ਅਜਿਹੀ ਸੋਚ ਵਾਲੇ ਨੌਜਵਾਨ ਚੁੱਪ ਕਰਕੇ ਨਹੀਂ ਬੈਠਦੇ, ਸਗੋਂ ਗਲਤ ਵਰਤਾਰੇ ਵਿਰੁੱਧ ਆਪਣੀ ਆਵਾਜ਼ ਉਠਾਉਣਾ ਆਪਣਾ ਫਰਜ਼ ਸਮਝਦੇ ਹਨ।

ਪਿਛਲੇ ਕੁਝ ਸਮੇਂ ਵਿਚ ਵਾਪਰੇ ਅੰਦੋਲਨਾਂ ਸਮੇਂ ਨੌਜਵਾਨ ਵਰਗ ਨੇ ਆਪਣੀ ਬਹੁਤ ਸਾਰਥਕ ਭੂਮਿਕਾ ਨਿਭਾਈ ਹੈ। ਕਿਸਾਨ ਅੰਦੋਲਨ ਵਿਚ ਨੌਜਵਾਨ ਵਰਗ ਦੀ ਭਰਵੀਂ ਸ਼ਮੂਲੀਅਤ ਨੇ ਸਭ ਦਾ ਧਿਆਨ ਖਿੱਚਿਆ ਸੀ। ਇਹ ਬਹੁਤ ਹੀ ਸ਼ੁਭ ਸ਼ਗਨ ਹੈ। ਮਹਿਜ਼ ਕੋਈ ਡਿਗਰੀ ਪਾਸ ਕਰ ਲੈਣਾ ਸਿਖਿਆ ਦਾ ਮਕਸਦ ਨਹੀਂ ਹੈ। ਆਪਣੇ ਆਲੇ-ਦੁਆਲੇ ਵਿਚ ਵਾਪਰ ਰਹੇ ਸਰੋਕਾਰਾਂ ਪ੍ਰਤੀ ਚੇਤੰਨ ਹੋ ਕੇ ਆਪਣੀ ਸਾਰਥਿਕ ਭੂਮਿਕਾ ਨਿਭਾਉਣੀ ਹੀ ਸਿਖਿਆ ਦੀ ਸਾਰਥਿਕਤਾ ਹੈ। ਬਹੁਤ ਥੋੜ੍ਹੀ ਗਿਣਤੀ ਹੈ ਅਜਿਹੇ ਨੌਜਵਾਨਾਂ ਦੀ, ਜਿਨ੍ਹਾਂ ਦੀ ਸੂਝ ਵਿਕਸਤ ਹੁੰਦੀ ਹੈ ਤੇ ਪੜ੍ਹਾਈ ਤੀਜਾ ਨੇਤਰ ਖੋਲ੍ਹਦੀ ਹੈ। ਵੱਡੀ ਗਿਣਤੀ ਸਲੇਬਸ ਦੀਆਂ ਕਿਤਾਬਾਂ ਤੱਕ ਹੀ ਸਿਮਟ ਕੇ ਰਹਿ ਜਾਂਦੀ ਹੈ।

ਨੌਜਵਾਨ ਸ਼ਕਤੀ ਦੇਸ਼ ਵਿਚ ਵੱਡੀ ਗਿਣਤੀ ਵਿਚ ਹੋਣ ਕਾਰਨ, ਹਰ ਰਾਜਨੀਤਕ ਪਾਰਟੀ ਉਨ੍ਹਾਂ ਨੂੰ ਪਲੋਸਦੀ ਤਾਂ ਬਹੁਤ ਹੈ, ਪਰ ਹਕੀਕੀ ਤੌਰ 'ਤੇ ਬਹੁਤੇ ਦਾਅਵੇ ਤੇ ਵਾਅਦੇ ਹਵਾ 'ਚ ਹੀ ਲਟਕਦੇ ਰਹਿ ਜਾਂਦੇ ਹਨ। ਸਿਆਸੀ ਪਾਰਟੀਆਂ ਵੋਟਾਂ ਦੀ ਖਾਤਰ ਨੌਜਵਾਨਾਂ ਨਾਲ ਅਜਿਹੇ ਵਾਅਦੇ ਕਰਦੀਆਂ ਹਨ, ਜਿਨ੍ਹਾਂ ਦਾ ਉਨ੍ਹਾਂ ਦੇ ਜੀਵਨ ਨੂੰ ਉਪਯੋਗੀ ਤੇ ਸਾਰਥਕ ਬਣਾਉਣ ਵਿਚ ਕੋਈ ਭੂਮਿਕਾ ਨਹੀਂ ਹੁੰਦੀ। ਕਦੇ ਘਰ-ਘਰ ਰੁਜ਼ਗਾਰ ਦਾ ਵਾਅਦਾ, ਕਦੇ ਮੁਬਾਇਲ ਫੋਨਾਂ ਦਾ ਲਾਲਚ ਦੇ ਕੇ ਨੌਜਵਾਨਾਂ ਨੂੰ ਵਰਗਲਾਇਆ ਜਾਂਦਾ ਹੈ। ਅਸਲੀ ਮੁੱਦੇ ਵਿਚਾਰੇ ਹੀ ਨਹੀ ਜਾਂਦੇ। ਲੋੜ ਤਾਂ ਇਹ ਹੋਣੀ ਚਾਹੀਦੀ ਹੈ ਕਿ ਡਿਗਰੀਆਂ ਪ੍ਰਾਪਤ ਨੌਜਵਾਨਾਂ ਨੂੰ ਸਹੀ ਸਮੇਂ ਤੇ ਯੋਗ ਨੌਕਰੀ ਪ੍ਰਾਪਤ ਹੋਵੇ, ਤਾਂ ਕਿ ਉਹ ਦੇਸ਼ ਅਤੇ ਸਮਾਜ ਲਈ ਲਾਹੇਵੰਦ ਸਾਬਤ ਹੋ ਸਕੇ। ਬੇਰੁਜ਼ਗਾਰੀ ਨੇ ਨੌਜਵਾਨਾਂ ਨੂੰ ਰੋਲ ਕੇ ਰੱਖ ਦਿੱਤਾ ਹੈ। ਲੱਖਾਂ ਰੁਪਏ ਖਰਚ ਕੇ ਮਿਹਨਤਾਂ ਨਾਲ ਪ੍ਰਾਪਤ ਕੀਤੀਆਂ ਡਿਗਰੀਆਂ ਦੇ ਬਾਵਜੂਦ ਵੱਡੀ ਗਿਣਤੀ ਵਿਚ ਨੌਜਵਾਨ ਸ਼ਕਤੀ ਸੜਕਾਂ ਦੀ ਖਾਕ ਛਾਣ ਰਹੀ ਹੈ। ਹਨੇਰੇ ਭਵਿੱਖ ਕਾਰਨ ਨੌਜਵਾਨ ਮਾਨਸਕ ਤੌਰ 'ਤੇ ਪਰੇਸ਼ਾਨੀ ਦਾ ਜੀਵਨ ਹੰਢਾਉਣ ਲਈ ਮਜਬੂਰ ਹਨ। ਮਾੜੀ ਆਰਥਿਕਤਾ ਕਾਰਨ ਪਰਵਾਰਕ ਰਿਸ਼ਤੇ ਤਿੜਕ ਰਹੇ ਹਨ। ਇਸ ਸੰਤਾਪ ਵਿਚੋਂ ਗੁਜ਼ਰਦਿਆਂ ਬਹੁ ਗਿਣਤੀ ਨੌਜਵਾਨ ਸ਼ਰਾਬ ਤੇ ਹੋਰ ਨਸ਼ਿਆਂ ਦਾ ਆਸਰਾ ਲੈ ਕੇ ਘੋਰ ਬਰਬਾਦੀ ਦੇ ਰਾਹ ਪੈ ਰਹੇ ਹਨ। ਸਰਕਾਰਾਂ ਨੂੰ ਇਸ ਗੱਲ ਦੀ ਕੋਈ ਚਿੰਤਾ ਨਹੀਂ ਹੈ। ਨਸ਼ਿਆਂ ਨੇ ਪੰਜਾਬ ਦੀ ਜਵਾਨੀ ਨਿਗਲ ਲਈ ਹੈ ਤੇ ਇਹ ਸਿਲਸਿਲਾ ਨਿੱਤ ਦਿਨ ਜਾਰੀ ਹੈ। ਸਰਕਾਰਾਂ ਨੇ ਇਸ ਪਾਸੇ ਤੋਂ ਸਭ ਦਰਵਾਜ਼ੇ ਬੰਦ ਕਰ ਲਏ ਹਨ।

ਸਥਿਤੀ ਭਾਵੇਂ ਬਹੁਤ ਦੁਖਦਾਈ ਹੈ, ਪਰ ਨੌਜਵਾਨਾਂ ਨੂੰ ਹੀ ਆਪਣੀ ਸੂਝ ਸਮਝ ਦੀ ਵਰਤੋਂ ਕਰਦਿਆਂ ਅੰਨ੍ਹੀ ਗਲੀ ਦੇ ਰਾਹੀ ਬਣਨ ਦੀ ਥਾਂ ਅਗਾਂਹਵਧੂ ਤੇ ਸਾਰਥਕ ਸੋਚ ਅਪਣਾਉਣ ਦੀ ਲੋੜ ਹੈ। ਸ਼ਰਾਬ ਤੇ ਹੋਰ ਨਸ਼ੇ ਕਿਸੇ ਮਸਲੇ ਦਾ ਹੱਲ ਨਹੀਂ ਹਨ। ਇਹ ਜੀਵਨ ਦੀ ਬਰਬਾਦੀ ਦਾ ਰਾਹ ਹੈ। ਜੇ ਤੁਸੀਂ ਆਲੇ-ਦੁਆਲੇ ਨਜ਼ਰ ਮਾਰ ਕੇ ਦੇਖੋ ਤਾਂ ਨਸ਼ਿਆਂ ਨੇ ਹਜ਼ਾਰਾਂ ਨੌਜਵਾਨਾਂ ਦੀ ਬਲੀ ਲੈ ਲਈ ਹੈ ਤੇ ਘਰਾਂ ਦੇ ਘਰ ਵਿਰਾਨੀ ਦੀ ਮੂੰਹ ਬੋਲਦੀ ਤਸਵੀਰ ਬਣੇ ਨਜ਼ਰ ਆ ਰਹੇ ਹਨ। ਆਪਣੇ ਆਪ ਨੂੰ ਸੰਭਾਲਣ ਲਈ ਇਨ੍ਹਾਂ ਤੋਂ ਕੋਈ ਸਬਕ ਸਿਖਿਆ ਜਾ ਸਕਦਾ ਹੈ। ਅਖਬਾਰਾਂ, ਸਾਹਿਤਕ ਪੁਸਤਕਾਂ, ਨਰੋਈ ਤੇ ਅਗਾਂਹਵਧੂ ਸੋਚ ਵਾਲੇ ਲੇਖਕਾਂ ਤੇ ਚਿੰਤਕਾਂ ਦੇ ਵਿਚਾਰਾਂ ਨੂੰ ਆਪਣੀ ਸੋਚ ਦਾ ਹਿੱਸਾ ਬਣਾ ਕੇ ਔਝੜੇ ਰਾਹਾਂ ਤੋਂ ਬਚਿਆ ਜਾ ਸਕਦਾ ਹੈ। ਜੇ ਨੌਜਵਾਨਾਂ ਦੀ ਸਿਆਸੀ ਸੂਝ ਵਿਕਸਤ ਹੋਈ ਹੋਵੇ ਤਾਂ ਉਹ ਸਿਆਸੀ ਨੇਤਾਵਾਂ ਵੱਲੋਂ ਵਰਗਲਾਏ ਜਾਣ ਤੋਂ ਬਚ ਸਕਦੇ ਹਨ। ਸਿਆਸੀ ਦਲ, ਵਿਸ਼ੇਸ਼ ਤੌਰ 'ਤੇ ਚੋਣਾਂ ਸਮੇਂ, ਆਪਣੇ ਸਵਾਰਥੀ ਹਿਤਾਂ ਲਈ ਨੌਜਵਾਨਾਂ ਨੂੰ ਕਈ ਤਰ੍ਹਾਂ ਦੇ ਸਬਜ਼-ਬਾਗ ਦਿਖਾਉਣ ਦਾ ਪ੍ਰਪੰਚ ਰਚਦੇ ਹਨ।ਕਈ ਤਰ੍ਹਾਂ ਦੇ ਲਾਲਚ ਦੇ ਕੇ ਨੌਜਵਾਨੀ ਨੂੰ ਆਪਣੇ ਹੱਕ ਵਿਚ ਭਗਤਾਉਣ ਦੀਆਂ ਕੋਸ਼ਿਸ਼ਾਂ ਨੂੰ, ਆਪਣੀ ਸੂਝ ਤੇ ਸਵਾਲਾਂ ਨਾਲ ਨੌਜਵਾਨ ਵਰਗ ਰੋਕ ਸਕਦਾ ਹੈ।

ਬਹੁਤੀ ਨੌਜਵਾਨੀ ਹੱਥੀਂ ਕਿਰਤ ਕਰਨ ਤੋਂ ਦੂਰ ਹੁੰਦੀ ਜਾ ਰਹੀ ਹੈ। ਸਾਡੇ ਦੇਸ਼ ਵਿਚ ਇਹ ਗੱਲ ਮਨਾਂ ਵਿਚ ਵਸੀ ਹੋਈ ਹੈ ਕਿ ਇਹ ਕੰਮ ਚੰਗਾ ਹੈ ਤੇ ਇਹ ਮਾੜਾ ਹੈ। ਆਪਣੀ ਹੈਸੀਅਤ ਤੇ ਮਾਣ-ਸਤਿਕਾਰ ਨੂੰ ਸਾਹਮਣੇ ਰੱਖ ਕੇ ਹੀ ਕੰਮ ਨੂੰ ਵਿਚਾਰਿਆ ਜਾਂਦਾ ਹੈ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਬਹੁਤੇ ਨੌਜਵਾਨ ਆਪਣੀ ਪੜ੍ਹਾਈ ਅਤੇ ਅਖਾਉਤੀ ਸਮਾਜਕ ਰੁਤਬੇ ਕਾਰਨ ਕੰਮ ਕਰਨ ਤੋਂ ਇਨਕਾਰੀ ਹੋ ਜਾਂਦੇ ਹਨ। ਹਾਲਾਂਕਿ ਇਹੀ ਨੌਜਵਾਨ ਵਿਦੇਸ਼ਾਂ ਵਿਚ ਜਾ ਕੇ ਜਿਹੜਾ ਕੰਮ ਵੀ ਮਿਲੇ ਕਰਨ ਲਈ ਤਿਆਰ ਹੋ ਜਾਂਦੇ ਹਨ। ਰੋਜ਼ੀ-ਰੋਟੀ ਲਈ ਕੀਤੀ ਕੋਈ ਵੀ ਕਿਰਤ ਮਾੜੀ ਨਹੀਂ ਹੁੰਦੀ। ਮਿਹਨਤ ਤੇ ਦਸਾਂ ਨਹੁੰਆਂ ਨਾਲ ਕੀਤੀ ਕਿਰਤ ਹੀ ਬੰਦੇ ਦਾ ਭਾਗ ਹੁੰਦੀ ਹੈ। ਇਹ ਗੱਲ ਲੱਖਾਂ ਪੰਜਾਬੀਆਂ ਨੇ ਵਿਦੇਸ਼ੀ ਧਰਤੀਆਂ 'ਤੇ ਜਾ ਕੇ ਮਿਹਨਤਾਂ ਨਾਲ ਖੂਨ-ਪਸੀਨਾ ਇਕ ਕਰਕੇ ਸਾਬਤ ਕੀਤੀ ਹੈ। ਸਾਡੀ ਮਾਨਸਿਕਤਾ ਵਿਚ ਸਦੀਆਂ ਤੋਂ ਸਾਡਾ ਸਮਾਜਕ ਰੁਤਬਾ, ਉੱਚੀ ਜਾਤ ਦੀ ਹੈਂਕੜ ਇਸ ਕਦਰ ਵਸੀ ਹੋਈ ਹੈ ਕਿ ਅਸੀਂ ਕੰਮਾਂ ਦੀ ਵੰਡ ਵੀ ਇਸੇ ਆਧਾਰ 'ਤੇ ਕੀਤੀ ਹੋਈ ਹੈ। ਇਸ ਤਰ੍ਹਾਂ ਜਿਵੇਂ ਵਿਦੇਸ਼ਾਂ ਵਿਚ ਲੋਕਾਂ ਦੇ ਮਨਾਂ ਵਿਚ ਕਿਰਤ ਦੀ ਕਦਰ ਵਸੀ ਹੋਈ ਹੈ, ਉਸ ਤੋਂ ਅਸੀਂ ਕੋਹਾਂ ਦੂਰ ਹਾਂ। ਇਹ ਬਹੁਤ ਹੀ ਦੁਖਦਾਈ ਸਥਿਤੀ ਹੈ ਕਿ ਉੱਚ ਸਿੱਖਿਆ ਦੀਆਂ ਡਿਗਰੀਆਂ ਹਾਸਲ ਕਰਨ ਦੇ ਬਾਵਜੂਦ, ਨੌਜਵਾਨ ਵਰਗ ਬੇਰੁਜ਼ਗਾਰੀ ਦਾ ਸੰਤਾਪ ਭੋਗਣ ਲਈ ਮਜਬੂਰ ਹੈ। ਹਕੂਮਤਾਂ ਨੇ ਨੌਕਰੀਆਂ ਦੇ ਸਭ ਦਰਵਾਜ਼ੇ ਬੰਦ ਕਰ ਦਿੱਤੇ ਹਨ।

ਜੇ ਕੋਈ ਤੁਹਾਡੇ ਆਲੇ-ਦੁਆਲੇ ਪਿਤਾ, ਭਰਾ, ਚਾਚਾ, ਤਾਇਆ, ਮਾਮਾ, ਫੁੱਫੜ ਜਾਂ ਕੋਈ ਦੋਸਤ-ਮਿੱਤਰ ਸ਼ਰਾਬ ਜਾਂ ਕਿਸੇ ਹੋਰ ਘਾਤਕ ਨਸ਼ੇ ਦੇ ਰਾਹ ਤੁਰਿਆ ਹੋਇਆ ਹੈ ਤਾਂ ਆਪਣੀ ਸੂਝ ਅਨੁਸਾਰ ਉਸ ਨੂੰ ਇਸ ਭਟਕਣ ਤੋਂ ਬਚਾਉਣ ਦਾ ਯਤਨ ਕੀਤਾ ਜਾਵੇ। ਕਿਸੇ ਦੇ ਕਹੇ-ਕਹਾਏ ਕਈ ਨੌਜਵਾਨ ਜਦੋਂ ਪਹਿਲੀ ਵਾਰ ਕਿਸੇ ਨਸ਼ੇ ਦਾ ਸੁਆਦ ਚੱਖ ਲੈਂਦੇ ਹਨ, ਤਾਂ ਨਸ਼ੇ ਦਾ ਰਾਹ ਖੁੱਲ੍ਹ ਜਾਂਦਾ ਹੈ। ਫਿਰ ਬਹੁਤ ਘੱਟ ਮਾਮਲਿਆਂ ਵਿਚ ਬਚਾਅ ਦੀ ਆਸ ਹੁੰਦੀ ਹੈ। ਅਕਸਰ ਹੀ ਨੌਜਵਾਨ ਇਕੱਠੇ ਹੋ ਕੇ ਤੇ ਇਕ-ਦੂਜੇ ਮਗਰ ਲੱਗ ਕੇ ਸ਼ਰਾਬ ਜਾਂ ਹੋਰ ਨਸ਼ੇ ਕਰਨ ਲੱਗ ਪੈਂਦੇ ਹਨ। ਇਹ ਬਹੁਤ ਹੀ ਖਤਰਨਾਕ ਰੁਝਾਨ ਹੈ। ਪੂਰੇ ਸਮਾਜ ਨੂੰ ਹੀ ਅਜਿਹੀਆਂ ਗਤੀਵਿਧੀਆਂ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ, ਤਾਂ ਕਿ ਭਵਿਖ ਬਰਬਾਦ ਹੋਣ ਤੋਂ ਬਚਾਇਆ ਜਾ ਸਕੇ। ਸ਼ਰਾਬ ਜਾਂ ਕੋਈ ਵੀ ਨਸ਼ਾ ਜ਼ਿੰਦਗੀ ਨਹੀਂ ਹੁੰਦਾ, ਸਗੋਂ ਇਹ ਤਾਂ ਬਹੁਰੰਗੀ ਜ਼ਿੰਦਗੀ ਨੂੰ ਬਦਰੰਗ ਕਰ ਦਿੰਦਾ ਹੈ। ਹਜ਼ਾਰਾਂ ਨੌਜਵਾਨਾਂ ਨੇ ਨਸ਼ਿਆਂ ਦੀ ਦਲਦਲ ਵਿਚ ਫਸ ਕੇ ਆਪਣੀ ਜ਼ਿੰਦਗੀ ਨੂੰ ਹੀ ਬਰਬਾਦੀ ਦੇ ਰਾਹ ਨਹੀਂ ਤੋਰਿਆ, ਸਗੋਂ ਪੰਜ ਪਾਣੀਆਂ ਦੀ ਧਰਤੀ ਨੂੰ ਵੀ ਬਦਰੰਗ ਤੇ ਬੇਜਾਨ ਕਰ ਕੇ ਰੱਖ ਦਿੱਤਾ ਹੈ। ਬੇਸ਼ੁਮਾਰ ਅਜਿਹੇ ਨੌਜਵਾਨ ਹਨ, ਜਿਨ੍ਹਾਂ ਨਸ਼ਿਆਂ ਦੀ ਦਲਦਲ ਵਿਚੋਂ ਨਿਕਲ ਕੇ ਸਮਾਜ ਵਿਚ ਨਵੀਆਂ ਪੈੜਾਂ ਪਾਈਆਂ ਹਨ। ਅਜਿਹੇ ਨੌਜਵਾਨਾਂ ਨੇ ਸਾਰਥਕ ਜ਼ਿੰਦਗੀ ਦਾ ਰਾਹ ਚੁਣ ਕੇ ਕਈਆਂ ਨੂੰ ਪ੍ਰੇਰਨਾ ਦਿੱਤੀ ਹੈ।

ਨੌਜਵਾਨੋ, ਜੇ ਤੁਹਾਡੇ ਆਪਣੇ ਵਿਚ ਕੋਈ ਸੂਝ-ਸਮਝ ਤੇ ਗੈਰਤ ਦਾ ਕਣ ਹੋਵੇ,ਤਾਂ ਕੋਈ ਕਿਸੇ ਨੂੰ ਵਰਗਲਾਉਣ ਦੀ ਜੁਅਰਤ ਨਹੀਂ ਕਰ ਸਕਦਾ। ਆਪਣੇ ਆਪ ਨੂੰ ਪਛਾਣੋ ਤੇ ਉਨ੍ਹਾਂ ਸੂਰਬੀਰ ਬਹਾਦਰ ਯੋਧਿਆਂ, ਦੇਸ਼ ਭਗਤਾਂ ਦੀਆਂ ਕੁਰਬਾਨੀਆਂ, ਮਹਾਨ ਲੇਖਕਾਂ, ਚਿੰਤਕਾਂ ਤੇ ਦਾਨਿਸ਼ਵਰਾਂ ਦੇ ਵਿਚਾਰਾਂ ਨੂੰ ਆਪਣੀ ਜ਼ਿੰਦਗੀ ਦਾ ਆਦਰਸ਼ ਬਣਾਓ। ਸਮਾਜ ਨੂੰ ਤੁਹਾਡੀ ਬਹੁਤ ਲੋੜ ਹੈ, ਇਸ ਦਾ ਨਵ-ਨਿਰਮਾਣ ਕਰਨ ਵਿਚ ਆਪਣੀ ਬਣਦੀ ਭੂਮਿਕਾ ਨਿਭਾਓ। ਸ਼ਰਾਬ ਜਾਂ ਹੋਰ ਨਸ਼ੇ ਜ਼ਿੰਦਗੀ ਨਹੀਂ ਹੁੰਦੇ। ਭਟਕਣਾ ਦਾ ਸ਼ਿਕਾਰ ਹੋ ਕੇ ਜ਼ਿੰਦਗੀ ਦੀ ਖੂਬਸੂਰਤੀ ਨੂੰ ਤਿਲਾਂਜਲੀ ਨਾ ਦਿਉ। ਬਿਨਾਂ ਸ਼ੱਕ ਅਜੋਕਾ ਨੌਜਵਾਨ ਪੜ੍ਹਿਆ-ਲਿਖਿਆ ਤੇ ਉੱਚ-ਯੋਗਤਾ ਪ੍ਰਾਪਤ ਹੈ, ਪਰ ਜਦੋਂ ਤੱਕ ਨੌਜਵਾਨ ਸੂਝ, ਵਿਵੇਕ ਤੇ ਵਿਚਾਰ-ਸ਼ਕਤੀ ਨਾਲ ਆਪਣੇ ਮਨਾਂ ਨੂੰ ਰੌਸ਼ਨ ਨਹੀਂ ਕਰਦੇ, ਉਦੋਂ ਤੱਕ ਇਸ ਰਸਮੀ ਪੜ੍ਹਾਈ ਦੀ ਬਹੁਤੀ ਮਹੱਤਤਾ ਨਹੀਂ ਹੈ।

**# ਸੰਪਰਕ : 98153-56086**

# ਪਾਠਕ ਸੱਥ

## ਧਰਮ-ਨਿਰਪੱਖਤਾ ਨੂੰ ਖਤਰਾ

ਭਾਰਤ ਇੱਕ ਧਰਮ-ਨਿਰਪੱਖ ਦੇਸ਼ ਹੈ, ਜਿਸ ਵਿੱਚ ਅਲੱਗ-ਅਲੱਗ ਧਰਮਾਂ ਦੇ ਲੋਕ ਆਪਣੇ ਰੀਤੀ-ਰਿਵਾਜਾਂ ਅਨੁਸਾਰ ਆਪਣਾ ਜੀਵਨ ਬਤੀਤ ਕਰਦੇ ਹਨ, ਪਰ ਪਿਛਲੇ ਕੁਝ ਸਮੇਂ ਤੋਂ ਧਰਮਾਂ ਦੇ ਨਾਂਅ 'ਤੇ ਹੋ ਰਹੀਆਂ ਹਿੰਸਕ ਘਟਨਾਵਾਂ ਨੇ ਦੇਸ਼ ਦੀ ਏਕਤਾ ਨੂੰ ਨੁਕਸਾਨ ਪਹੁੰਚਾਇਆ ਹੈ। ਗੁਰੂ ਨਾਨਕ ਦੇਵ ਜੀ ਦੁਆਰਾ 'ਨਾ ਕੋ ਹਿੰਦੂ ਨਾ ਮੁਸਲਮਾਨ' ਦਾ ਪ੍ਰਵਚਨ ਕਿੱਥੇ ਚਲਾ ਗਿਆ। ਸੰਵਿਧਾਨ ਦੁਆਰਾ ਦਿੱਤੇ ਮੌਲਿਕ ਅਧਿਕਾਰਾਂ ਵਿੱਚ ਧਰਮ-ਨਿਰਪੱਖਤਾ ਦਾ ਅਧਿਕਾਰ ਵੀ ਸ਼ਾਮਲ ਹੈ।

ਕੋਈ ਵੀ ਵਿਅਕਤੀ ਆਪਣੀ ਇੱਛਾ ਅਨੁਸਾਰ ਕਿਸੇ ਵੀ ਧਰਮ ਨੂੰ ਅਪਣਾ ਸਕਦਾ ਹੈ, ਉਸ ਨੂੰ ਧਰਮ ਪਰਿਵਰਤਨ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਉਸ ਨਾਲ ਕਿਸੇ ਵੀ ਪ੍ਰਕਾਰ ਦੀ ਜ਼ਿਆਦਤੀ ਨਹੀਂ ਕੀਤੀ ਜਾ ਸਕਦੀ, ਪਰ ਦੇਸ਼ ਦੀ ਮੌਜੂਦਾ ਸਥਿਤੀ ਵਿੱਚ ਜਦੋਂ ਲੋਕ ਧਰਮ ਦੇ ਨਾਂਅ 'ਤੇ ਆਪਸ ਵਿੱਚ ਲੜ ਰਹੇ ਹੋਣ ਤੇ ਦੂਜੇ ਪਾਸੇ ਸਿਆਸੀ ਪਾਰਟੀਆਂ ਧਰਮ ਦਾ ਸਹਾਰਾ ਲੈ ਕੇ ਵੋਟਾਂ ਬਟੋਰਨ ਵਿੱਚ ਲੱਗੀਆਂ ਹੋਣ, ਉਦੋਂ ਦੇਸ਼ ਦੀ ਧਰਮ-ਨਿਰਪੱਖਤਾ ਦਾ ਕੀ ਹਸ਼ਰ ਹੋਵੇਗਾ, ਇਹ ਚਿੰਤਾ ਅਤੇ ਚਿੰਤਨ ਕਰਨ ਵਾਲੀ ਗੱਲ ਹੈ।

-ਰਜਵਿੰਦਰ ਪਾਲ ਸ਼ਰਮਾ, 70873-67969

## ਅਸੀਂ ਨਹੀਂ ਹਟਦੇ ਖੇਤਾਂ ਨੂੰ ਅੱਗ ਲਾਉਣੋਂ...

ਅਕਸਰ ਹੀ ਕਿਹਾ ਜਾਂਦਾ ਹੈ ਕਿ ਦੁਨੀਆਂ ਨੇ ਕਿੰਨੀ ਤਰੱਕੀ ਕਰ ਲਈ ਹੈ ਕਿ ਅਨੇਕਾਂ ਕਾਢਾਂ ਕੱਢਦੀ ਹੋਈ ਦੁਨੀਆਂ ਚੰਨ ਉੱਤੇ ਪੁੱਜ ਗਈ, ਪਰ ਸਾਡੇ ਖਾਸ ਕਰ ਪੰਜਾਬ ਵਾਸੀਆਂ ਵੱਲ ਦੇਖਦੇ ਹਾਂ ਤਾਂ ਤਰੱਕੀ ਤਾਂ ਇਹਨਾਂ ਵੀ ਬਹੁਤ ਕੀਤੀ ਹੈ, ਪਰ ਮਾੜੀਆਂ ਆਦਤਾਂ ਛੱਡਣ ਦਾ ਨਾਂਅ ਹੀ ਨਹੀਂ ਲੈਂਦੇ। ਆਦਤਾਂ ਤਾਂ ਬਹੁਤ ਜ਼ਿਆਦਾ ਹਨ। ਮੌਜੂਦਾ ਸਮੇਂ ਇੱਕ ਛੋਟੀ ਜਿਹੀ ਆਦਤ ਦੀ ਗੱਲ ਕਰੀਏ। ਪੰਜਾਬ ਵਿਚ ਜਦੋਂ ਵੀ ਝੋਨੇ ਤੇ ਕਣਕ ਦੀ ਫਸਲ ਕੱਟੀ ਜਾਂਦੀ ਹੈ ਤਾਂ ਉਸ ਤੋਂ ਬਾਅਦ ਖੇਤਾਂ ਵਿਚ ਕਣਕ ਦੇ ਨਾੜ ਨੂੰ ਅੱਗ ਲਗਾਉਣ ਤੋਂ ਅਸੀਂ ਬਾਜ ਨਹੀ ਆਉਂਦੇ। ਛੇ ਮਹੀਨੇ ਬਾਅਦ ਧਰਤੀ ਦੇ ਸੀਨੇ ਖੇਤਾਂ ਵਿਚ ਅੱਗ ਲਗਾਈ ਜਾਂਦੀ ਹੈ। ਇਸ ਲੱਗੀ ਹੋਈ ਅੱਗ ਨੂੰ ਵਾਤਾਵਰਣ ਤੇ ਚੰਗੀ ਸੋਚ ਵਾਲੇ ਲੋਕ ਬਹੁਤ ਬੁਰਾ ਸਮਝਦੇ ਹਨ, ਪਰ ਸਾਡੇ ਲੋਕ ਅਜਿਹੀ ਘਟੀਆ ਹਰਕਤ ਨੂੰ ਮਾਣ ਸਮਝ ਰਹੇ ਹਨ।

ਇਸ ਵਾਰ ਕਣਕ ਦੀ ਫਸਲ 'ਤੇ ਕੁਦਰਤ ਦੀ ਮਾਰ ਭਾਵ ਮੀਂਹ, ਹਨੇਰੀ ਨਾਲ ਵੱਡਾ ਨੁਕਸਾਨ ਹੋਇਆ। ਹੁਣ ਜਦੋਂ ਕਣਕ ਦੀ ਫਸਲ ਕੱਟੀ ਗਈ ਹੈ ਤਾਂ ਬਾਅਦ ਬਚੇ ਨਾੜ ਦੀ ਤੂੜੀ ਵੀ ਬਣ ਗਈ ਹੈ। ਬਾਕੀ ਮਾੜੀ ਮੋਟੀ-ਰਹਿੰਦ ਖੂੰਹਦ ਹੁੰਦੀ ਹੈ, ਪਰ ਪੰਜਾਬ ਦੇ ਕਿਸਾਨ ਇਸ ਮਾੜੀ ਮੋਟੀ ਰਹਿੰਦ-ਖੂੰਹਦ ਨੂੰ ਅੱਗ ਦੀ ਤੀਲੀ ਲਾ ਕੇ ਅੱਗ ਦੇ ਭਾਂਬੜ ਵਿੱਚ ਬਦਲ ਦਿੰਦੇ ਹਨ। ਖੇਤਾਂ ਵਿਚ ਅੱਗ ਦੇ ਭਾਂਬੜ ਕੀ ਕੀ ਕੁਝ ਨੁਕਸਾਨ ਕਰਦੇ ਹਨ, ਇਸ ਤੋਂ ਵੀ ਅਸੀਂ ਪੂਰੀ ਤਰ੍ਹਾਂ ਵਾਕਫ ਹਾਂ। ਸਭ ਤੋਂ ਪਹਿਲਾਂ ਤਾਂ ਧਰਤੀ ਵਿੱਚ ਰਹਿ ਰਹੇ ਜੀਵ-ਜੰਤੂ ਸਾਡੇ ਮਿੱਤਰ ਕੀੜੇ ਫਸਲਾਂ ਤੇ ਜਨ ਜੀਵਨ ਲਈ ਜਰੂਰੀ ਹਨ, ਉਹ ਵੀ ਬੁਰੀ ਤਰ੍ਹਾਂ ਮਚ ਜਾਂਦੇ ਹਨ। ਇਸ ਤੋਂ ਇਲਾਵਾ ਛੋਟੇ ਮੋਟੇ ਜੀਵ-ਜੰਤੂ ਪਸ਼ੂ-ਪੰਛੀ ਆਦਿ ਇਨ੍ਹਾਂ ਦਿਨਾਂ ਦੇ ਵਿਚ ਹੀ ਅੰਡੇ ਆਦਿ ਦਿੰਦੇ ਹਨ ਜੋ ਅੱਗ ਦੀ ਭੇਟ ਚੜ੍ਹ ਜਾਂਦੇ ਹਨ। ਹਰੇ-ਭਰੇ ਦਰਖੱਤ ਅਕਸਰ ਹੀ ਛੇ ਮਹੀਨੇ ਬਾਅਦ ਅੱਗ ਵਿੱਚ ਮਚਣ ਲਈ ਮਜਬੂਰ ਹੋ ਜਾਂਦੇ ਹਨ।

ਬੀਤੇ ਦਿਨੀਂ ਹੀ ਗੁਰਦਾਸਪੁਰ ਇਲਾਕੇ ਵਿਚ ਇਸੇ ਤਰ੍ਹਾਂ ਖੇਤ ਵਿਚ ਲਗਾਈ ਅੱਗ ਦੀ ਭੇਟ ਇੱਕ ਬਜ਼ੁਰਗ ਮੋਟਰ ਸਾਇਕਲ ਸਵਾਰ ਚੜ੍ਹ ਜਿਉਂਦਾ ਹੀ ਸੜ ਗਿਆ। ਹੋਰ ਪਾਸੇ ਖੇਤ ਵਿੱਚ ਲਗਾਈ ਅੱਗ ਪਿੰਡ ਨੂੰ ਆ ਰਹੀਆਂ ਬਿਜਲੀ ਦੀਆਂ ਤਾਰਾਂ ਨੂੰ ਚੜ ਗਈ ਤੇ ਪਿੰਡ ਵਾਸੀਆਂ ਦਾ ਬਹੁਤ ਨੁਕਸਾਨ ਹੋ ਗਿਆ। ਹਰ ਸਾਲ ਅੱਗ ਨਾਲ ਬਹੁਤ ਹਾਦਸੇ ਹੁੰਦੇ ਹਨ, ਪਰ ਅਸੀਂ ਨਹੀਂ ਸਮਝਦੇ ਤੇ ਸਮਝਾਂਗੇ ਕਦੋਂ ...?

-ਬਲਬੀਰ ਸਿੰਘ ਬੱਬੀ, 70091-07300

15-MAY-PAGE-5.qxd 5/14/2023 10:13 PM Page 1



# ਜਨਤਕ ਜਥੇਬੰਦੀਆਂ ਨੇ ਬ੍ਰਿਜ ਭੂਸ਼ਣ ਦਾ ਫੂਕਿਆ ਪੁਤਲਾ



**ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**
ਮੁਕਤਸਰ ਸ਼ਹਿਰ ਦੀਆਂ ਵੱਖ ਵੱਖ ਅਮਨਪਸੰਦ ਜਨਤਕ ਜਥੇਬੰਦੀਆਂ ਵੱਲੋਂ ਐਤਵਾਰ ਸਾਂਝੇ ਤੌਰ ’ਤੇ ਕੋਟਕਪੂਰਾ ਚੌਕ ਵਿੱਚ ਭਾਜਪਾ ਦੇ ਸੰਸਦ ਮੈਂਬਰ ਤੇ ਭਾਰਤੀ ਕੁਸ਼ਤੀ ਮਹਾਂਸੰਘ ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਬੇਟੀ ਪੜ੍ਹਾਓ ਬੇਟੀ ਬਚਾਓ ਦਾ ਨਾਹਰਾ ਦੇ ਕੇ ਰਾਜ ਸੱਤਾ ’ਤੇ ਕਾਬਜ਼ ਹੋਈ ਭਾਜਪਾ ਲਗਾਤਾਰ ਦੇਸ਼ ਦੀਆਂ ਧੀਆਂ-ਭੈਣਾਂ ਤੇ ਔਰਤਾਂ ਦੇ ਮਾਣ ਸਤਿਕਾਰ ’ਤੇ ਹਮਲੇ ਕਰ ਰਹੀ ਹੈ। ਪਿਛਲੇ ਦਿਨੀਂ ਦੇਸ਼ ਦੀਆਂ ਧੀਆਂ, ਜੋ ਖੇਡਾਂ ਵਿੱਚ ਪਹਿਲਵਾਨੀ ਦੇ ਖੇਤਰ ’ਚ ਨਾਮਣਾ ਖੱਟ ਰਹੀਆਂ ਹਨ, ਜਿਨ੍ਹਾਂ ਵਿੱਚ ਕੁੱਝ ਧੀਆਂ ਨਬਾਲਿਗ ਹਨ, ਦਾ ਜਿਨਸੀ ਸ਼ੋਸ਼ਣ ਇੱਕ ਐੱਮ ਪੀ ਤੇ ਕੁਸ਼ਤੀ ਮਹਾਂਸੰਘ ਦਾ ਪ੍ਰਧਾਨ ਕਰਦਾ ਹੋਵੇ, ਇਸ ਤੋਂ ਵੱਧ ਦੇਸ਼ ਦੇ ਹਾਕਮਾਂ ਲਈ ਹੋਰ ਸ਼ਰਮ ਦੀ ਕੀ ਗੱਲ ਹੋ ਸਕਦੀ ਹੈ? ਦੁੱਖ ਦੀ ਗੱਲ ਹੈ ਕਿ ਅਜਿਹੇ ਗੁੰਡਿਆਂ ਨੂੰ ਭਾਜਪਾ ਨੇ ਦੇਸ਼ ਦੇ ਮਹੱਤਵਪੂਰਨ ਅਹੁਦਿਆਂ ’ਤੇ ਬਿਠਾਇਆ ਹੋਇਆ ਹੈ। ਅਸਲ ਵਿੱਚ ਇਹ ਪਹਿਲੀ ਘਟਨਾ ਨਹੀਂ ਹੈ ਕਿ ਔਰਤ ਪ੍ਰਤੀ ਭਾਜਪਾ ਦੀ ਮਾੜੀ ਸੋਚ ਉਸ ਦੀ ਬਿਮਾਰ ਮਾਨਸਿਕਤਾ ਦੀ ਨਿਸ਼ਾਨੀ ਹੈ, ਬ੍ਰਿਜ ਭੂਸ਼ਣ ਵਰਗੇ ਗੁੰਡਿਆਂ ਨੂੰ ਜੇਲ੍ਹਾਂ ਵਿੱਚ ਸੁੱਟਣ ਦੀ ਬਜਾਏ ਸਾਰੀ ਕੇਂਦਰ ਸਰਕਾਰ ਉਸ ਨੂੰ ਬਚਾਉਣ ’ਤੇ ਲੱਗੀ ਹੋਈ ਹੈ। ਸਿਤਮ ਦੀ ਗੱਲ ਹੈ ਕਿ ਮਹਿਲਾ ਪਹਿਲਵਾਨਾਂ ਦੀ ਸ਼ਿਕਾਇਤ ’ਤੇ ਪੁਲਸ ਨੇ ਕੋਈ ਕਾਰਵਾਈ ਨਹੀਂ ਕੀਤੀ ਤੇ ਦੇਸ਼ ਦੀ ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਐੱਫ ਆਈ ਆਰ ਦਰਜ ਕੀਤੀ ਗਈ, ਪਰ ਅਜੇ ਤੱਕ ਦੋਸ਼ੀ ਨੂੰ ਗ੍ਰਿਫਤਾਰ ਨਹੀਂ ਕੀਤਾ। ਸ਼ਹਿਰ ਦੇ ਲੋਕਾਂ ਨੇ ਮੰਗ ਕੀਤੀ ਕਿ ਦੋਸ਼ੀ ਬ੍ਰਿਜ ਭੂਸ਼ਣ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ, ਮਹਿਲਾ ਪਹਿਲਵਾਨ ਧੀਆਂ ਨੂੰ ਇਨਸਾਫ ਦਿੱਤਾ ਜਾਵੇ ਤੇ ਸੁਰੱਖਿਆ ਮੁਹੱਈਆ ਕਰਵਾਈ ਜਾਵੇ।

ਇਸ ਮੌਕੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਪਵਨ ਕੁਮਾਰ, ਸ਼ਹੀਦ ਭਗਤ ਸਿੰਘ ਕਲੱਬ ਦੇ ਪ੍ਰਧਾਨ ਸੰਜੇ ਵਾਲੀਆ, ਸੀ ਆਈ ਟੀ ਯੂ ਦੇ ਆਗੂ ਕਾਮਰੇਡ ਤਰਸੇਮ ਲਾਲ, ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਸੁਖਪ੍ਰੀਤ ਕੌਰ, ਗੌਰਮਿੰਟ ਟੀਚਰ ਯੂਨੀਅਨ ਦੇ ਪਰਮਜੀਤ ਸਿੰਘ, ਨੌਜਵਾਨ ਭਾਰਤ ਸਭਾ ਦੇ ਵਿਜੇ ਗੋਇਲ, ਪਾਵਰਕੌਮ ਕੰਪਲੈਂਟ ਹੋਲਡ ਬਾਇਕ ਯੂਨੀਅਨ ਦੇ ਵੀਰ ਸਿੰਘ ਤੋਂ ਇਲਾਵਾ ਪ੍ਰਮਾਤਮਾ ਸਿੰਘ, ਰਵੀ ਕੁਮਾਰ, ਮਨਦੀਪ ਸਿੰਘ, ਕਾਮਰੇਡ ਰਾਜ ਕੁਮਾਰ, ਸੁਰਜੀਤ ਸਿੰਘ, ਐਡਵੋਕੇਟ ਦਵਿੰਦਰ ਸਿੰਘ ਕੋਟਲੀ, ਕਸ਼ਮੀਰੀ ਲਾਲ ਚਾਵਲਾ, ਮਮਤਾ ਅਜ਼ਾਦ, ਸੁਖਵੀਰ ਕੌਰ ਸੋਨੀ, ਮਹਿਮਾ ਪੂਨਮ, ਨੌਨਿਹਾਲ ਸਿੰਘ, ਕਰਮਜੀਤ ਸਮਾਘ, ਸੁਭਾਸ਼ ਚੰਦਰ, ਭੁਪਿੰਦਰ ਕੁਮਾਰ, ਇੰਦਰਪ੍ਰੀਤ ਭਾਟੀਆ, ਸਤਿੰਦਰ ਪਾਲ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ’ਚ ਲੋਕ ਹਾਜ਼ਰ ਸਨ।

# ਮੈਡੀਕਲ ਕਾਲਜ ’ਤੇ ਰੋਕ ਹਟਵਾਉਣ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ ਰੋਸ ਮਾਰਚ

## ਚੰਗਾਲ ਦੇ ਘਰ ਅੱਗੇ ਧਾਮੀ ਤੇ ਸੁਖਬੀਰ ਦਾ ਫੂਕਿਆ ਪੁਤਲਾ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਮੈਡੀਕਲ ਕਾਲਜ ਮਸਤੂਆਣਾ ਸਾਹਿਬ ’ਤੇ ਲੱਗੀ ਰੋਕ ਹਟਵਾਉਣ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ ਸ਼ੁਰੂ ਕੀਤੇ ਸੰਘਰਸ਼ ਤਹਿਤ ਵੱਡੀ ਗਿਣਤੀ ਇਲਾਕੇ ਦੀਆਂ ਸੰਗਤਾਂ ਨੇ ਮਸਤੂਆਣਾ ਸਾਹਿਬ ਤੋਂ ਇਕੱਠੇ ਹੋ ਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਮਲਕੀਤ ਸਿੰਘ ਚੰਗਾਲ ਦੇ ਘਰ ਤੱਕ ਰੋਸ ਮਾਰਚ ਕਰਦਿਆਂ ਉਨ੍ਹਾਂ ਦੇ ਘਰ ਅੱਗੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦਾ ਪੁਤਲਾ ਫੂਕ ਕੇ ਨਾਅਰੇਬਾਜ਼ੀ ਕਰਦਿਆਂ ਸ਼੍ਰੋਮਣੀ ਕਮੇਟੀ ਮੈਂਬਰ ਤੋਂ ਮੰਗ ਕੀਤੀ ਕਿ ਉਹ ਇਲਾਕੇ ਦੇ ਲੋਕਾਂ ਨਾਲ ਸਹਿਮਤ ਹੋ ਕੇ ਕਾਲਜ ਦੀ ਉਸਾਰੀ ’ਤੇ ਲੱਗੀ ਰੋਕ ਹਟਾਉਣ ਲਈ ਯਤਨ ਕਰਨ। ਕੱਲ੍ਹ ਨੂੰ ਸ਼੍ਰੋਮਣੀ ਕਮੇਟੀ ਮੈਂਬਰ ਭੁਪਿੰਦਰ ਸਿੰਘ ਭਲਵਾਨ ਦੇ ਘਰ ਅੱਗੇ ਪੁਤਲਾ ਫੂਕ ਪ੍ਰਦਰਸ਼ਨ ਕੀਤਾ ਜਾਵੇਗਾ। ਅੱਜ ਦੇ ਰੋਸ ਪ੍ਰਦਰਸ਼ਨ ਨੂੰ ਕੁੱਲ ਹਿੰਦ ਕਿਸਾਨ ਫੈਡਰੇਸ਼ਨ ਦੇ ਸੂਬਾ ਆਗੂ ਕਿਰਨਜੀਤ ਸਿੰਘ ਸੇਖੋਂ, ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਆਗੂ ਮੇਜਰ ਸਿੰਘ ਪੁੰਨਾਂਵਾਲ, ਬੀਕੇਯੂ ਡਕੌਂਦਾ (ਬੁਰਜ ਗਿੱਲ) ਦੇ ਆਗੂ ਕੁਲਦੀਪ ਜੋਸ਼ੀ, ਬੀਕੇਯੂ ਡਕੌਂਦਾ (ਧਨੇਰ) ਦੇ ਜ਼ਿਲ੍ਹਾ ਆਗੂ ਜਗਤਾਰ ਸਿੰਘ ਦੁੱਗਾਂ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਆਗੂ ਸੁਖਦੇਵ ਉੱਭਾਵਾਲ ਤੇ ਜਸਦੀਪ ਸਿੰਘ ਬਹਾਦਰਪੁਰ, ਬੀਕੇਯੂ (ਅਜ਼ਾਦ) ਦੇ ਆਗੂ ਕਰਨੈਲ ਸਿੰਘ ਜੱਸੇਕਾ, ਮੇਵਾ ਸਿੰਘ ਦੁੱਗਾਂ, ਮਨਦੀਪ ਸਿੰਘ ਲਿੱਦੜਾਂ ਤੋਂ ਇਲਾਵਾ ਬੀਕੇਯੂ ਏਕਤਾ ਉਗਰਾਹਾਂ ਤੇ ਬੀ ਕੇ ਯੂ ਰਾਜੇਵਾਲ ਦੇ ਆਗੂਆਂ ਨੇ ਵੀ ਸੰਬੋਧਨ ਕੀਤਾ। ਅੰਗੀਠਾ ਸਾਹਿਬ ਪ੍ਰਬੰਧਕ ਕਮੇਟੀ ਦੇ ਮੁਖੀ ਬਾਬਾ ਦਰਸ਼ਨ ਸਿੰਘ ਨੇ ਵੀ ਸੰਘਰਸ਼ ਨੂੰ ਭਰਵੀਂ ਹਮਾਇਤ ਕੀਤੀ। ਇਸ ਮੌਕੇ ਔਰਤਾਂ ਨੇ ਪਿੱਟ ਸਿਆਪਾ ਕਰਦਿਆਂ ਇਲਾਕੇ ਦੇ ਲੋਕਾਂ ਨੂੰ ਪਹਿਲਾਂ ਕਾਲਜ ’ਤੇ ਲੱਗੀ ਰੋਕ ਹਟਾਉਣ ਦਾ ਭਰੋਸਾ ਦੇਣ ਤੋਂ ਬਾਅਦ ਹਾਈ ਕੋਰਟ ਦੇ ਇਸ ਫੈਸਲੇ ਤੋਂ ਪਿੱਛੇ ਹਟਣ ’ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਨਿੰਦਾ ਕੀਤੀ ਕਿ ਉਹ ਸਿੱਖ ਸੰਸਥਾ ਦੇ ਮੁਖੀ ਹਨ, ਜਿਨ੍ਹਾਂ ਨੂੰ ਆਪਣੇ ਕੀਤੇ ਫੈਸਲੇ ਤੋਂ ਮੁੱਕਰਨਾ, ਝੂਠ ਬੋਲਣਾ ਸ਼ੋਭਾ ਨਹੀਂ ਦਿੰਦਾ। ਸੰਗਤਾਂ ਨੇ ਮੰਗ ਕੀਤੀ ਕਿ ਫੌਰੀ ਕਾਲਜ ਦੀ ਉਸਾਰੀ ’ਤੇ ਲੱਗੀ ਰੋਕ ਹਟਾ ਕੇ ਅੜਿੱਕੇ ਦੂਰ ਕੀਤੇ ਜਾਣ।

# ਕਰਨਾਟਕ ਚੋਣ ਨਤੀਜਿਆਂ ਨੇ ਸਾਬਤ ਕੀਤਾ ਕਿ ਲੋਕ ਭਾਜਪਾ ਨੂੰ ਚਲਦਾ ਕਰਨ ਦੇ ਮੂਡ ’ਚ : ਸੀ ਪੀ ਆਈ

## ‘ਭਾਜਪਾ ਹਰਾਓ, ਦੇਸ਼ ਬਚਾਓ’ ਰੈਲੀ ਅੱਜ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**
ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਡਾ. ਅੰਬੇਡਕਰ ਦੇ ਜਨਮ ਦਿਨ 14 ਅਪ੍ਰੈਲ ਤੋਂ ਦੇਸ਼ ਭਰ ਵਿੱਚ ਸ਼ੁਰੂ ਕੀਤੀ ਇੱਕ ਮਹੀਨੇ ਦੀ ਜਨ ਸੰਪਰਕ ਮੁਹਿੰਮ ਦੀ ਸਮਾਪਤੀ ’ਤੇ 15 ਮਈ ਨੂੰ ਫਰੀਦਕੋਟ ਦੇ ਮਿੰਨੀ ਸਕੱਤਰੇਤ ਵਿਖੇ ਜ਼ਿਲ੍ਹਾ ਪੱਧਰ ਦੀ ਰੈਲੀ ਕੀਤੀ ਜਾਵੇਗੀ। ਇਹ ਐਲਾਨ ਸੀ ਪੀ ਆਈ ਜ਼ਿਲ੍ਹਾ ਫਰੀਦਕੋਟ ਦੇ ਸਕੱਤਰ ਮਾਸਟਰ ਅਸ਼ੋਕ ਕੌਸ਼ਲ, ਮੀਤ ਸਕੱਤਰ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ, ਵੀਰ ਸਿੰਘ ਕੰਮੇਆਣਾ ਤੇ ਕਾਮਰੇਡ ਦਰਸ਼ਨ ਸਿੰਘ ਨੇ ਜਿਊਣਵਾਲਾ ਵਿਖੇ ਨਰੇਗਾ ਮਜ਼ਦੂਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕੀਤਾ। ਪਿਛਲੇ ਇੱਕ ਮਹੀਨੇ ਦੀ ਮੁਹਿੰਮ ਦੇ ਤਜਰਬੇ ਸਾਂਝੇ ਕਰਦਿਆਂ ਪਾਰਟੀ ਆਗੂਆਂ ਨੇ ਦੱਸਿਆ ਕਿ ਆਮ ਲੋਕਾਂ ਖਾਸ ਕਰਕੇ ਪਿੰਡਾਂ ਦੇ ਖੇਤ ਮਜ਼ਦੂਰਾਂ ਦੇ ਹਾਲਾਤ ਬਹੁਤ ਤਰਸਯੋਗ ਹਨ ਤੇ ਮਹਿੰਗਾਈ ਨੇ ਲੋਕਾਂ ਦੇ ਨੱਕ ਵਿੱਚ ਦਮ ਕੀਤਾ ਹੋਇਆ ਹੈ। ਨਰੇਗਾ ਸਕੀਮ ਨੇ ਬੇਸ਼ੱਕ ਪਿੰਡਾਂ ਦੇ ਗਰੀਬ ਲੋਕਾਂ ਨੂੰ ਕੁੱਝ ਰਾਹਤ ਦਿੱਤੀ ਹੈ, ਪਰ ਸਿਆਸੀ ਦਖਲ ਅੰਦਾਜ਼ੀ, ਨਿਯਮਾਂ ਦੀ ਜਾਣਕਾਰੀ ਦੀ ਘਾਟ ਤੇ ਅਫਸਰਸ਼ਾਹੀ ਦੇ ਨਾ-ਪੱਖੀ ਵਤੀਰੇ ਕਾਰਨ ਨਰੇਗਾ ਮਜ਼ਦੂਰਾਂ ਨੂੰ ਵੀ ਅਨੇਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਰੇਗਾ ਮਜ਼ਦੂਰਾਂ ਨੂੰ ਦੱਸਿਆ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਇਸ ਸਕੀਮ ਦੇ ਬੱਜਟ ਵਿੱਚ 33% ਦੀ ਕਟੌਤੀ ਕਰਕੇ ਇਸ ਸਕੀਮ ਦੇ ਜੜ੍ਹੀਂ ਤੇਲ ਦੇਣ ਦਾ ਕੰਮ ਕੀਤਾ ਹੈ। ਜੇਕਰ ਅਗਲੀਆਂ ਚੋਣਾਂ ਵਿੱਚ ਭਾਜਪਾ ਤੀਜੀ ਵਾਰ ਸੱਤਾ ’ਚ ਆਉਂਦੀ ਹੈ ਤਾਂ ਨਰੇਗਾ ਸਕੀਮ ਦੇ ਨਾਲ-ਨਾਲ ਹੋਰ ਵੀ ਲੋਕ ਭਲਾਈ ਵਾਲੀਆਂ ਸਕੀਮਾਂ ਦਾ ਭੋਗ ਪੈਣਾ ਤਹਿ ਹੈ। ਮੁਹਿੰਮ ਦੌਰਾਨ ਕਾਮਰੇਡ ਬਲਵੀਰ ਸਿੰਘ ਔਲਖ, ਗੋਰਾ ਪਿਪਲੀ, ਭਲਵਿੰਦਰ ਸਿੰਘ, ਸੁਖਦਰਸ਼ਨ ਸ਼ਰਮਾ, ਸੁਖਜਿੰਦਰ ਸਿੰਘ ਤੂੰਬੜਭੰਨ, ਗੁਰਚਰਨ ਮਾਨ, ਹਰਪਾਲ ਮਚਾਕੀ ਤੇ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮੋਦੀ ਰਾਜ ਵਿੱਚ ਅਮੀਰੀ-ਗਰੀਬੀ ਵਿੱਚ ਪਾੜਾ ਵਧਿਆ ਹੈ ਤੇ ਲੋਕਾਂ ਨੂੰ ਧਰਮ ਦੇ ਨਾਂ ’ਤੇ ਵੰਡਿਆ ਜਾ ਰਿਹਾ ਹੈ, ਜਿਸ ਕਰਕੇ ਮੋਦੀ ਸਰਕਾਰ ਨੂੰ ਚੱਲਦਾ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਕਰਨਾਟਕ ਸੂਬੇ ਦੇ ਆਏ ਚੋਣ ਨਤੀਜਿਆਂ ਨੇ ਵੀ ਸਾਬਿਤ ਕਰ ਦਿੱਤਾ ਹੈ ਕਿ ਦੇਸ਼ ਦੇ ਲੋਕ ਮੋਦੀ ਸਰਕਾਰ ਤੋਂ ਪਿੱਛਾ ਛੁਡਾਉਣ ਦੇ ਰੌਂਅ ਵਿੱਚ ਹਨ। ਆਗੂਆਂ ਨੇ ਜ਼ਿਲ੍ਹੇ ਦੇ ਪਾਰਟੀ ਮੈਂਬਰਾਂ ਤੋਂ ਇਲਾਵਾ ਮਿਹਨਤਕਸ਼ ਜਮਾਤ ਦੇ ਸਮੂਹ ਹਿੱਸਿਆਂ ਨੂੰ 15 ਮਈ ਨੂੰ 11 ਵਜੇ ਜਾਮਨਾਂ ਹੇਠ ਸ਼ੁਰੂ ਹੋਣ ਵਾਲੀ ਰੈਲੀ ਵਿੱਚ ਵਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ। ਇੱਕ ਮਤਾ ਪਾਸ ਕਰਕੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਹ ਆਪਣੇ ਚੋਣ ਵਾਅਦੇ ਅਨੁਸਾਰ ਸਮੂਹ ਔਰਤਾਂ ਦੇ ਬੈਂਕ ਖਾਤੇ ਵਿੱਚ ਇੱਕ ਹਜ਼ਾਰ ਰੁਪਏ ਮਹੀਨਾ ਪਾਉਣਾ ਸ਼ੁਰੂ ਕਰੇ।

## ਕਾਤਰਾਂ

### ਕੌਮੀ ਲੋਕ ਅਦਾਲਤ ’ਚ 2969 ਕੇਸਾਂ ਦਾ ਨਿਪਟਾਰਾ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਤੇ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਲਾਈ ਗਈ ਕੌਮੀ ਲੋਕ ਅਦਾਲਤ ਵਿੱਚ ਕਰੀਬ 2969 ਕੇਸਾਂ ਦਾ ਨਿਪਟਾਰਾ ਕੀਤਾ ਗਿਆ ਅਤੇ ਕਰੀਬ 23 ਕਰੋੜ ਤੋਂ ਵੱਧ ਰਕਮ ਦੇ ਅਵਾਰਡ ਪਾਸ ਕੀਤੇ ਗਏ। ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵਿਖੇ ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਅਤੇ ਸਬ-ਡਵੀਜ਼ਨ ਪੱਧਰ ਦੀਆਂ ਅਦਾਲਤਾਂ ਵਿੱਚ ਵੱਡੇ ਪੱਧਰ ’ਤੇ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਕੁੱਲ 08 ਲੋਕ ਅਦਾਲਤ ਦੇ ਬੈਂਚ ਲੱਗੇ ਸਨ, ਜਿਸ ਵਿੱਚ ਸਾਰੇ ਪ੍ਰਕਾਰ ਨਾਲ ਸਬੰਧਤ ਕੇਸ ਜਿਵੇਂ ਰਾਜ਼ੀਨਾਮੇ ਯੋਗ ਫੌਜਦਾਰੀ ਕੇਸ, ਚੈਕ ਬਾਊਂਸ ਦੇ ਕੇਸ, ਮੋਟਰ ਐਕਸੀਡੈਂਟ ਕੇਸ, ਵਿਵਾਹਿਕ ਤੇ ਪਰਿਵਾਰਕ ਝਗੜਿਆਂ ਦੇ ਕੇਸ, ਕਿਰਤ ਮਾਮਲਿਆਂ ਦੇ ਕੇਸ, ਦੀਵਾਨੀ ਕੇਸ ਜਿਵੇਂ ਕਿਰਾਏ ਸਬੰਧੀ, ਬੈਂਕ ਰਿਕਵਰੀ, ਰੈਵੀਨਿਊ ਕੇਸ, ਬਿਜਲੀ ਤੇ ਪਾਣੀ ਦੇ ਚਲਦੇ ਤੇ ਪ੍ਰੀ ਲੰਬਿਤ ਕੇਸ ਫੈਸਲੇ ਲਈ ਰੱਖੇ ਗਏ ਸਨ।

### 10 ਗਰਾਮ ਹੈਰੋਇਨ ਸਣੇ ਗ੍ਰਿਫ਼ਤਾਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਨਵ-ਨਿਯੁਕਤ ਕਰਮਜੀਤ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਸ੍ਰੀ ਮੁਕਤਸਰ ਸਾਹਿਬ ਪੁਲਸ ਟੀਮ ਨੇ ਦੀਪਕ ਕੁਮਾਰ ਉਰਫ ਗੱਗੀ ਪੁੱਤਰ ਅਸ਼ੋਕ ਕੁਮਾਰ ਪੁੱਤਰ ਭਗਵਾਨ ਦਾਸ ਵਾਸੀ ਨੇੜੇ ਗੁਰੂਦੁਆਰਾ ਸਾਹਿਬ, ਪਿੰਡ ਗੋਬਿੰਦਗੜ੍ਹ ਥਾਣਾ ਸਦਰ ਅਬੋਹਰ ਜ਼ਿਲ੍ਹਾ ਫਾਜ਼ਿਲਕਾ ਨੂੰ ਸਮੇਤ 10 ਗਰਾਮ ਹੈਰੋਇਨ ਦੇ ਗ੍ਰਿਫਤਾਰ ਕੀਤਾ ਹੈ। ਮਾਨਯੋਗ ਅਦਾਲਤ ਪਾਸੋਂ ਦੀਪਕ ਕੁਮਾਰ ਉਰਫ ਗੱਗੀ ਦਾ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਕਰਮਜੀਤ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਨੇ ਸਮਾਜ ’ਚ ਨਸ਼ਾ ਵੇਚਣ ਵਾਲੇ ਸਮਗਰਲਾ ਨੂੰ ਸਖਤ ਹਦਾਇਤ ਕੀਤੀ ਕਿ ਉਹ ਆਪਣਾ ਇਹ ਧੰਦਾ ਬੰਦ ਕਰ ਦੇਣ ਨਹੀਂ ਤਾਂ ਉਨ੍ਹਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

### ਐੱਸ ਐੱਫ ਸੀ ਇਸਟੀਚਿਊਟ ’ਚ ਮਨਾਇਆ ਨਰਸਿੰਗ ਡੇਅ

**ਮੋਗਾ (ਅਮਰਜੀਤ ਬੱਬਰੀ)**-ਐੱਸ ਐੱਫ ਸੀ ਇਸਟੀਚਿਊਟ ਆਫ ਨਰਸਿੰਗ ’ਚ ਇੰਟਰਨੈਸ਼ਨਲ ਨਰਸਿੰਗ ਡੇਅ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਕਾਲਜ ਡਾਇਰੈਕਟਰ ਅਭਿਸ਼ੇਕ ਜਿੰਦਲ, ਪ੍ਰਿੰਸੀਪਲ ਮੈਡਮ ਸ੍ਰੀਮਤੀ ਗੁਰਪ੍ਰੀਤ ਕੌਰ ਬਰਾੜ, ਸਮੂਹ ਸਟਾਫ ਤੇ ਵਿਦਿਆਰਥੀ ਸ਼ਾਮਲ ਹੋਏ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਅਭਿਸ਼ੇਕ ਜੰਗਲ ਨੇ ਨਰਸਿੰਗ ਡੇਅ ਦੀ ਵਧਾਈ ਦਿੱਤੀ ਤੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਨਰਸਿੰਗ ਡੇਅ ਦੀ ਮਹੱਤਤਾ ਸਮਝਾਈ। ਕਾਲਜ ਪ੍ਰਿੰਸੀਪਲ ਗੁਰਪ੍ਰੀਤ ਕੌਰ ਬਰਾੜ ਨੇ ਬੱਚਿਆਂ ਨੂੰ ਸਹੁੰ ਚੁਕਾਈ ਤੇ ਭਵਿੱਖ ’ਚ ਬੱਚਿਆਂ ਨੂੰ ਮਰੀਜ਼ਾਂ ਦੀ ਸੇਵਾ ਕਰਨ ਦੀ ਪ੍ਰੇਰਣਾ ਦਿੱਤੀ। ਨਰਸਿੰਗ ਵਿਦਿਆਰਥੀਆਂ ਵੱਲੋਂ ਨਰਸਿੰਗ ਦੇ ਨਾਲ ਸਬੰਧਤ ਰੋਲ ਪਲੇਅ ਤੇ ਕੋਰੀਓਗ੍ਰਾਫੀ ਪੇਸ਼ ਕੀਤੀ ਗਈ। ਇਸ ਮੌਕੇ ਮਹਿੰਦੀ, ਰੰਗਲੀ ਤੇ ਪੋਸਟਰ ਮੇਕਿੰਗ ਦੇ ਮੁਕਾਬਲੇ ਵੀ ਕਰਵਾਏ ਗਏ ਅਤੇ ਜੇਤੂਆਂ ਨੂੰ ਇਨਾਮ ਵੀ ਵੰਡੇ ਗਏ।

# ਸੁਪਰੀਮ ਸਕੂਲ ਬਿਲਾਸਪੁਰ ਦਾ ਨਤੀਜਾ ਸੌ ਫੀਸਦੀ



**ਹਠੂਰ (ਨਛੱਤਰ ਸੰਧੂ)**-ਇਲਾਕੇ ਦੀ ਮੋਹਰੀ ਵਿੱਦਿਅਕ ਸੰਸਥਾ ਸੁਪਰੀਮ ਕਾਨਵੈਂਟ ਸਕੂਲ ਬਿਲਾਸਪੁਰ ਦਾ ਦਸਵੀਂ ਦਾ ਨਤੀਜਾ ਬਹੁਤ ਵਧੀਆ ਰਿਹਾ। ਸੀ ਬੀ ਐੱਸ ਈ ਨਵੀਂ ਦਿੱਲੀ ਵੱਲੋਂ ਐਲਾਨੇ ਗਏ ਨਤੀਜਿਆਂ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਤੋਂ ਮੱਲਾਂ ਮਾਰੀਆਂ। ਸਕੂਲ ਦੀ ਵਿਦਿਆਰਥਣ ਜਸ਼ਨਦੀਪ ਕੌਰ ਧਾਲੀਵਾਲ ਨੇ 96.8% ਨੰਬਰ ਲੈ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਵੰਸ਼ਿਕਾ ਜੈਨ 95.8%, ਸੁਖਪ੍ਰੀਤ ਕੌਰ 95.4%, ਗੁਰਲੀਨ ਕੌਰ ਸਿੱਧੂ 94.6%, ਸੁਖਵੀਰ ਕੌਰ ਮਾਨ 93.8%, ਜਸਲੀਨ ਕੌਰ 93%, ਮਨਵੀਰ ਕੌਰ ਸਰਾਂ 92.4%, ਦਿਲਪ੍ਰੀਤ ਕੌਰ ਮਾਨ 91.8%, ਰਾਜਵੀਰ ਕੌਰ ਧਾਲੀਵਾਲ 90.6%, ਦਿਲਜਾਨ ਸਿੰਘ 90.6%, ਜੈਸਮੀਨ ਕੌਰ ਸਿੱਧੂ 90%, ਜਸ਼ਨਦੀਪ ਕੌਰ ਢਿੱਲੋਂ 89.4% ਹਰਪ੍ਰੀਤ ਕੌਰ 86%, ਹਰਲੀਨ ਕੌਰ 85.2% ਮਨਿੰਦਰਪ੍ਰੀਤ ਸਿੰਘ 84.4%, ਬਲਦੀਪ ਕੌਰ 84%, ਗੋਬਿੰਦਦੀਪ 83.2% ਅਰਸ਼ਪ੍ਰੀਤ ਕੌਰ 83%, ਦਿਲਪ੍ਰੀਤ ਕੌਰ 81.6%, ਪਵਨਦੀਪ ਸਿੰਘ 81.4% ਤੇ ਗੁਰਨੂਰ ਕੌਰ ਨੇ 81% ਅੰਕ ਲੈ ਕੇ ਦਸਵੀਂ ਪਾਸ ਕੀਤੀ। ਸਕੂਲ ਦਾ ਨਤੀਜਾ 100% ਰਿਹਾ। ਸਕੂਲ ਮੈਨੇਜਮੈਂਟ ਵੱਲੋਂ ਸਮੂਹ ਵਿਦਿਆਰੀਆਂ, ਸਟਾਫ ਤੇ ਮਾਪਿਆਂ ਨੂੰ ਵਧਾਈ ਦਿੱਤੀ। ਪ੍ਰੈਜ਼ੀਡੈਂਟ ਚਰਨ ਸਿੰਘ ਤੇ ਚੇਅਰਮੈਨ ਯੋਗਿੰਦਰ ਸ਼ਰਮਾ ਨੇ ਇਸ ਕਾਮਯਾਬੀ ਤੇ ਸਕੂਲ ਦੇ ਪ੍ਰਿੰਸੀਪਲ ਸੰਦੀਪ ਕੁਮਾਰ ਅਤੇ ਮਿਹਨਤੀ ਸਟਾਫ ਨੂੰ ਵੀ ਵਧਾਈ ਦਿੱਤੀ।

# ‘ਬਨੇਗਾ’ ਵਲੰਟੀਅਰ ਪੈਦਲ ਮਾਰਚ ਦੌਰਾਨ ਵੱਡੀ ਗਿਣਤੀ ’ਚ ਲੜਕੀਆਂ ਵੀ ਬਾ-ਵਰਦੀ ਹਿੱਸਾ ਲੈਣਗੀਆਂ : ਸੰਜਨਾ ਢਾਬਾਂ

## ਪਿੰਡ ਭੜੋਲੀ ਵਾਲਾ ’ਚ ਲੜਕੀਆਂ ਦੀ ਇਕਾਈ ਦਾ ਗਠਨ



ਭੜੋਲੀ ਵਾਲਾ ਵਿਖੇ ਮੀਟਿੰਗ ਦੌਰਾਨ ਸੰਬੋਧਨ ਕਰਦੇ ਹੋਏ ਸੰਜਨਾ ਢਾਬਾਂ।

**ਜਲਾਲਾਬਾਦ (ਰਣਬੀਰ ਢਾਬਾਂ, ਜੀਤ ਕੁਮਾਰ, ਸਤਨਾਮ ਸਿੰਘ)**-ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਜ਼ਿਲ੍ਹਾ ਕੌਂਸਲ ਫਾਜ਼ਿਲਕਾ ਵੱਲੋਂ ਸਭ ਲਈ ਰੁਜ਼ਗਾਰ ਦੀ ਪ੍ਰਾਪਤੀ ਲਈ ‘ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ’ (ਬਨੇਗਾ) ਪਾਸ ਕਰਵਾਉਣ ਲਈ ਪਿੰਡਾਂ ਤੋਂ ਜ਼ਿਲ੍ਹਾ ਹੈੱਡਕੁਆਰਟਰ ਵੱਲ ਪੈਦਲ ਮਾਰਚ ਕਰਨ ਦੀਆਂ ਤਿਆਰੀਆਂ ਨੇ ਪੂਰੀ ਤਰ੍ਹਾਂ ਜ਼ੋਰ ਫੜ ਲਿਆ ਹੈ ਅਤੇ ਪਿੰਡਾਂ-ਕਸਬਿਆਂ ’ਚ ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਉਕਤ ਮਾਰਚ ’ਚ ਸ਼ਾਮਲ ਹੋਣ ਲਈ ਲਾਮਬੰਦ ਕੀਤਾ ਜਾ ਰਿਹਾ ਹੈ। ਇਸੇ ਕੜੀ ਤਹਿਤ ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੀ ਮੀਟਿੰਗ ਭੜੋਲੀ ਵਾਲਾ ਵਿਖੇ ਕੀਤੀ ਗਈ। ਇਸ ਮੌਕੇ ਵੱਡੀ ਗਿਣਤੀ ’ਚ ਹਾਜ਼ਰ ਲੜਕੀਆਂ ਤੇ ਨੌਜਵਾਨ ਲੜਕਿਆਂ ਨੂੰ ਸੰਬੋਧਨ ਕਰਦਿਆਂ ਵਿਦਿਆਰਥਣ ਲੜਕੀਆਂ ਦੀ ਪੰਜਾਬ ਦੀ ਕੋ-ਕਨਵੀਨਰ ਸੰਜਨਾ ਢਾਬਾਂ ਨੇ ਕਿਹਾ ਕਿ ਸਭ ਲਈ ਮੁਫਤ ਤੇ ਲਾਜ਼ਮੀ ਵਿੱਦਿਆ ਦੀ ਪ੍ਰਾਪਤੀ ਤੇ ਸਭ ਲਈ ਰੁਜ਼ਗਾਰ ਦੀ ਗਰੰਟੀ ਲਈ ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਸਾਡੀਆਂ ਸਰਕਾਰਾਂ ਦੇ ਚੁਣੇ ਜਾਂਦੇ ਨੁਮਾਇੰਦਿਆਂ ਵੱਲੋਂ ਵੋਟਾਂ ਤੋਂ ਪਹਿਲਾਂ ਸਿੱਖਿਆ ਤੇ ਰੁਜ਼ਗਾਰ ਸਬੰਧੀ ਅਨੇਕਾਂ ਵਾਅਦੇ ਕੀਤੇ ਜਾਂਦੇ ਹਨ, ਪ੍ਰੰਤੂ ਸੱਤਾ ਹਥਿਆਉਣ ਤੋਂ ਬਾਅਦ ਲੋਕਾਂ ਵੱਲੋਂ ਚੁਣੇ ਜਾਂਦੇ ਸਿਆਸੀ ਆਗੂ ਸਭ ਵਾਅਦਿਆਂ ਤੋਂ ਮੁੱਕਰ ਜਾਂਦੇ ਹਨ। ਉਨ੍ਹਾ ਕਿਹਾ ਕਿ ਸਭ ਲਈ ਰੁਜ਼ਗਾਰ ਤੇ ਵਿੱਦਿਆ ਦੀ ਪ੍ਰਾਪਤੀ ਲਈ ਦੇਸ਼ ਦੀ ਪਾਰਲੀਮੈਂਟ ’ਚ ‘ਬਨੇਗਾ’ ਨੂੰ ਬਣਾਉਣ ਲਈ ਨੌਜਵਾਨ ਚੇਤੰਨ ਹੋ ਰਹੇ ਹਨ। ਉਨ੍ਹਾ ਦੱਸਿਆ ਕਿ ਦੇਸ਼ ਦੀ ਪਾਰਲੀਮੈਂਟ ਵਿੱਚ ਸਭ ਲਈ ਰੁਜ਼ਗਾਰ ਦੀ ਗਾਰੰਟੀ ਲਈ ‘ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ’ (ਬਨੇਗਾ) ਬਣਨਾ ਚਾਹੀਦਾ ਹੈ, ਜਿਸ ਲਈ ਵਿਦਿਆਰਥੀਆਂ ਤੇ ਨੌਜਵਾਨਾਂ ਵੱਲੋਂ ਲਗਾਤਾਰ ਸਰਗਰਮੀ ਕੀਤੀ ਜਾ ਰਹੀ ਹੈ। ‘ਬਨੇਗਾ’ ਕਾਨੂੰਨ ਬਾਰੇ ਬੋਲਦਿਆਂ ਆਗੂਆਂ ਨੇ ਕਿਹਾ ਕਿ ਇਸ ਕਾਨੂੰਨ ਤਹਿਤ ਹਰੇਕ ਅਣਪੜ੍ਹ ਤੇ ਅਣਸਿੱਖਿਅਤ ਲਈ ਘੱਟੋ-ਘੱਟ 25 ਹਜ਼ਾਰ ਰੁਪਏ, ਅਰਧ-ਸਿੱਖਿਅਤ ਲਈ 30 ਹਜ਼ਾਰ ਰੁਪਏ, ਸਿੱਖਿਅਤ ਲਈ 35 ਹਜ਼ਾਰ ਰੁਪਏ ਤੇ 45 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਦੀ ਗਾਰੰਟੀ ਹੋਵੇ ਤੇ ਕੰਮ/ਰੁਜ਼ਗਾਰ ਨਾ ਮਿਲਣ ਦੀ ਸੂਰਤ ’ਚ ਤਨਖਾਹ ਦਾ ਅੱਧ ਦਿੱਤਾ ਜਾਵੇ। ਰੁਜ਼ਗਾਰ ਦੀ ਪ੍ਰਾਪਤੀ ਲਈ ਵੱਖ-ਵੱਖ ਪਿੰਡਾਂ ਤੋਂ ਸ਼ੁਰੂ ਹੋ ਕੇ ਤਿੰਨ ਕਾਫਲੇ 28 ਮਈ ਨੂੰ ਲਾਧੂਕਾ ਵਿਖੇ ਪਹੁੰਚਣਗੇ ਤੇ ਅਗਲੇ ਦਿਨ 29 ਮਈ ਨੂੰ ਪੈਦਲ ਰਵਾਨਾ ਹੋ ਕੇ ਫਾਜ਼ਿਲਕਾ ਪਹੁੰਚਣਗੇ। ਇਸ ਮੌਕੇ ਸ਼ਿਮਲਾ ਰਾਣੀ ਨੂੰ ਪਿੰਡ ਭੜੋਲੀ ਵਾਲਾ ਇਕਾਈ ਦੀ ਪ੍ਰਧਾਨ, ਅਮਨਦੀਪ ਕੌਰ ਸਕੱਤਰ, ਪ੍ਰਿੰਕਾ ਮੀਤ ਪ੍ਰਧਾਨ, ਅਨੀਤਾ ਰਾਣੀ ਮੀਤ ਸਕੱਤਰ ਤੇ ਕਮਲਦੀਪ ਕੌਰ ਨੂੰ ਖਜ਼ਾਨਚੀ ਚੁਣਿਆ ਗਿਆ।

# ਭਲਕੇ ਸਾਰੇ ਬਲਾਕਾਂ ’ਚ ਰੋਸ ਪ੍ਰਦਰਸ਼ਨ ਕੀਤੇ ਜਾਣਗੇ : ਸੁਨੀਲ ਕੌਰ ਬੇਦੀ



ਸੂਬਾ ਆਗੂ ਸੁਨੀਲ ਕੌਰ ਬੇਦੀ ਜਾਣਕਾਰੀ ਦਿੰਦੇ।

**ਜਲਾਲਾਬਾਦ (ਜੀਤ ਕੁਮਾਰ, ਸਤਨਾਮ ਸਿੰਘ)**-ਆਲ ਇੰਡੀਆ ਆਂਗਨਵਾੜੀ ਵਰਕਰਜ਼-ਹੈਲਪਰਜ਼ ਯੂਨੀਅਨ (ਏਟਕ) ਦੀ ਸੂਬਾ ਸਕੱਤਰ ਸੁਨੀਲ ਕੌਰ ਬੇਦੀ ਨੇ ਕਿਹਾ ਕਿ ਜਦੋਂ ਤੋਂ ਪੰਜਾਬ ’ਚ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਬਣੀ ਹੈ, ਉਦੋਂ ਤੋਂ ਹੀ ਸਾਨੂੰ ਹੋਰ ਕੁਝ ਤਾਂ ਕਿ ਮਿਲਣਾ ਸੀ, ਜਦਕਿ ਪਹਿਲਾਂ ਤੋਂ ਮਿਲਦਾ ਮਾਣਭੱਤਾ ਵੀ ਸਾਨੂੰ ਧਰਨੇ ਲਾ ਕੇ ਲੈਣਾ ਪੈਂਦਾ ਹੈ। ਉਨ੍ਹਾ ਕਿਹਾ ਕਿ ਹੁਣ ਫਿਰ ਉਨ੍ਹਾਂ ਨੂੰ ਬੀਤੇ 2 ਮਹੀਨਿਆਂ ਤੋਂ ਮਾਣਭੱਤਾ ਨਹੀਂ ਮਿਲਿਆ, ਉਪਰੋਂ ਹਾੜ੍ਹੀ ਦਾ ਸੀਜ਼ਨ ਹੋਣ ਕਾਰਨ ਸਭ ਨੇ ਕਣਕ ਆਦਿ ਖਰੀਦ ਕੇ ਰੱਖਣੀ ਹੁੰਦੀ ਹੈ। ਇਸ ਦੇ ਇਲਾਵਾ ਦੁੱਧ ਦਾ ਬਿੱਲ, ਰਾਸ਼ਨ ਤੇ ਹੋਰ ਕਈ ਘਰੇਲੂ ਲੋੜਾਂ ਹੁੰਦੀਆਂ, ਜੋ ਉਨ੍ਹਾਂ ਨੇ ਇਸੇ ਨਿਗੂਣੀ ਜਿਹੀ ਰਕਮ ਵਿੱਚੋਂ ਪੂਰੀਆਂ ਕਰਨੀਆਂ ਹੁੰਦੀਆਂ ਹਨ। ਇੰਨਾ ਸਬਰ ਕਰਨ ਦੇ ਬਾਅਦ ਵੀ ਪੰਜਾਬ ਸਰਕਾਰ ਦੇ ਦੂਜੀਆਂ ਪਾਰਟੀਆਂ ਦੀ ਤਰ੍ਹਾਂ ਕੰਨ ’ਤੇ ਜੂੰ ਨਹੀਂ ਸਰਕ ਰਹੀ ਹੈ, ਜਦਕਿ ਮੁੱਖ ਮੰਤਰੀ ਭਗਵੰਤ ਮਾਨ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਸਾਡੇ ਮਾਣਭੱਤੇ ਨੂੰ ਦੁੱਗਣਾ ਕਰਨ ਦਾ ਵਾਅਦਾ ਕੀਤਾ ਸੀ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਵਧਾਏ ਮਾਣਭੱਤੇ 40 ਪ੍ਰਤੀਸ਼ਤ 3 ਸਾਲਾਂ ਦਾ ਬਕਾਇਆ, 3 ਤੋਂ 6 ਸਾਲਾਂ ਦੇ ਬੱਚੇ ਵਾਪਸ ਲੈਣੇ, ਪੀ.ਐੱਮ.ਵੀ.ਵਾਈ. ਦੇ ਪੈਸੇ ਤੇ ਹੋਰ ਕਈ ਮੰਗਾਂ ਨਾ ਮੰਨੇ ਜਾਣ ਕਾਰਨ ਪੰਜਾਬ ਭਰ ਦੀਆਂ ਆਂਗਨਵਾੜੀ ਵਰਕਰਾਂ-ਹੈਲਪਰਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ, ਜਿਸ ਕਾਰਨ ਉਨ੍ਹਾਂ ਨੂੰ ਮਜਬੂਰਨ ਸੜਕਾਂ ’ਤੇ ਆਉਣਾ ਪੈ ਰਿਹਾ ਹੈ।

ਉਨ੍ਹਾਂ ਕਿਹਾ ਕਿ 16 ਮਈ ਨੂੰ ਸਾਰੇ ਬਲਾਕਾਂ ਵਿੱਚ ਰੋਸ ਪ੍ਰਦਰਸ਼ਨ ਕਰਕੇ ਸੀ.ਡੀ.ਪੀ.ਓ. ਰਾਹੀਂ ਸਰਕਾਰ ਨੂੰ ਮੰਗ ਪੱਤਰ ਭੇਜੇ ਜਾਣਗੇ, ਜੇ ਫਿਰ ਵੀ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਦੀ ਹੋਵੇਗੀ। ਉਨ੍ਹਾ ਦੱਸਿਆ ਕਿ ਜਲਾਲਾਬਾਦ ਵਿੱਚ ਵੀ ਸੂਬਾ ਕਮੇਟੀ ਵੱਲੋਂ ਲਏ ਗਏ ਫੈਸਲੇ ਮੁਤਾਬਿਕ 16 ਮਈ ਨੂੰ ਰੋਸ ਪ੍ਰਦਰਸ਼ਨ ਕਰਕੇ ਸੀਡੀਪੀਓ ਜਲਾਲਾਬਾਦ ਰਾਹੀਂ ਮੰਗ ਪੱਤਰ ਸਰਕਾਰ ਤੱਕ ਭੇਜਿਆ ਜਾਵੇਗਾ।

# ਪੰਜਾਬ ਕਾਨਵੈਂਟ ਸਕੂਲ ਦਾ ਬਾਰ੍ਹਵੀਂ ਦਾ ਨਤੀਜਾ ਸ਼ਾਨਦਾਰ ਰਿਹਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸੀ.ਬੀ.ਐੱਸ.ਈ ਬੋਰਡ ਵੱਲੋਂ ਬਾਰ੍ਹਵੀਂ ਕਲਾਸ ਦਾ ਨਤੀਜਾ ਐਲਾਨਿਆ ਗਿਆ। ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪੰਜਾਬ ਕਾਨਵੈਂਟ ਸਕੂਲ ਬਾਘਾ ਪੁਰਾਣਾ ਦੇ ਬੱਚਿਆ ਨੇ ਹਰ ਵਾਰ ਦੀ ਤਰ੍ਹਾਂ ਬਹੁਤ ਹੀ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਅਤੇ ਨਤੀਜਾ 100 ਫੀਸਦੀ ਰਿਹਾ। ਬਾਰ੍ਹਵੀਂ ਕਲਾਸ ਦੀ ਮੈਡੀਕਲ ਸਟਰੀਮ ਵਿੱਚੋਂ ਪਰਿਕਸ਼ਾ 96.2%, ਸਾਹਿਲ ਸਿੰਗਲਾ 94%, ਸਨਨ ਸਿੰਗਲਾ 92%, ਕਿਰਨਦੀਪ ਕੌਰ 91.6%, ਮਾਨਿਆ ਅਨੇਜਾ 91.4%, ਪ੍ਰਿੰਸਦੀਪ ਕੌਰ 90% ਅਤੇ ਨਾਨ ਮੈਡੀਕਲ ਸਟਰੀਮ ਵਿੱਚੋਂ ਅਰਸ਼ੀਆ ਸਿੰਗਲਾ 94.4%, ਰਿਸ਼ਭ ਗੋਇਲ 94%, ਪ੍ਰਥਮ ਸਿੰਗਲਾ 93.2%, ਗੁਰਲੀਨ ਕੌਰ ਬਰਾੜ 92.2%, ਮੀਸ਼ਾ ਬਾਸਲ 90.6%, ਪਰਮਵੀਰ ਕੌਰ 90% ਅਤੇ ਕਾਮਰਸ ਸਟਰੀਮ ਵਿੱਚੋਂ ਅਨਾਮਿਕਾ ਸ਼ਰਮਾ 92.2%, ਰਵਨੀਤ ਕੌਰ 88.4%, ਅਮਨਜੋਤ ਕੌਰ 88%, ਸੁਖਬੀਰ ਕੌਰ 88%, ਸੁਖਮਨਪ੍ਰੀਤ ਸਿੰਘ ਨੇ 86.4% ਅੰਕ ਪ੍ਰਾਪਤ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਪ੍ਰਿੰਸੀਪਲ ਮੈਡਮ ਨੀਲਿਮਾ ਅਰੋੜਾ ਨੇ ਬੱਚਿਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਚੇਅਰਮੈਨ ਆਰ ਕੇ ਗੁਪਤਾ, ਡਾਇਰੈਕਟਰ ਅਜੇਪਾਲ ਸਿੰਘ, ਵਾਈਸ ਚੇਅਰਮੈਨ ਰਮਨ ਮਿੱਤਲ, ਬਲਵਿੰਦਰ ਸਿੰਘ, ਪਰਮਜੀਤ ਸਿੰਘ, ਮੈਡਮ ਰਚਨਾ ਮਿੱਤਲ ਆਦਿ ਹਾਜ਼ਰ ਸਨ।

# ਪੰਜਾਬੀ ਸਾਹਿਤ ਅਕਾਦਮੀ ਵੱਲੋਂ ਪੰਜ ਸਾਹਿਤਕਾਰਾਂ ਦਾ ਫ਼ੈਲੋਸ਼ਿਪ ਨਾਲ ਸਨਮਾਨ



**ਲੁਧਿਆਣਾ (ਭਾਟੀਆ, ਕਥੂਰੀਆ)**
ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਅਕਾਦਮੀ ਦੇ ਸਰਵਉੱਚ ਸਨਮਾਨ ਫ਼ੈਲੋਸ਼ਿਪ ਨਾਲ ਉੱਘੇ ਸਾਹਿਤਕਾਰ ਸ. ਗੁਲਜ਼ਾਰ ਸਿੰਘ ਸੰਧੂ, ਸ੍ਰੀ ਪ੍ਰੇਮ ਪ੍ਰਕਾਸ਼, ਸ੍ਰੀ ਰਵਿੰਦਰ ਰਵੀ (ਕੈਨੇਡਾ), ਪ੍ਰੋ. ਰਵਿੰਦਰ ਸਿੰਘ ਭੱਠਲ ਤੇ ਡਾ. ਸ. ਪ. ਸਿੰਘ ਨੂੰ ਸਨਮਾਨਤ ਕੀਤਾ ਗਿਆ। ਫ਼ੈਲੋਸ਼ਿਪ ਸਨਮਾਨ ਵਿੱਚ ਸਾਹਿਤਕਾਰਾਂ ਨੂੰ ਇੱਕੀ-ਇੱਕੀ ਹਜ਼ਾਰ ਰੁਪਏ ਦੇ ਰਾਸ਼ੀ, ਸ਼ੋਭਾ ਪੱਤਰ, ਦੋਸ਼ਾਲੇ, ਪੁਸਤਕਾਂ ਦੇ ਸੈੱਟ ਦੇ ਕੇ ਸਨਮਾਨਤ ਕੀਤਾ ਗਿਆ।

ਮੁੱਖ ਮਹਿਮਾਨ ਡਾ. ਸਰਦਾਰਾ ਸਿੰਘ ਜੌਹਲ ਨੇ ਪ੍ਰਧਾਨਗੀ ਭਾਸ਼ਣ ’ਚ ਕਿਹਾ ਕਿ ਪੰਜੇ ਫ਼ੈਲੋਜ਼ ਦਾ ਸਨਮਾਨ ਉਨ੍ਹਾਂ ਦੀਆਂ ਪੰਜਾਬੀ ਸਾਹਿਤ ਨੂੰ ਉਮਰ ਭਰ ਦੀਆਂ ਪ੍ਰਾਪਤੀਆਂ ਦਾ ਸਨਮਾਨ ਹੈ। ਉਨ੍ਹਾ ਕਿਹਾ ਪੰਜਾਬੀ ਭਾਸ਼ਾ ਨਾਲ ਜੁੜੇ ਹੋਏ ਇਹ ਨਾਮਵਰ ਲੇਖਕ ਦੀ ਉਮਰ ਭਰ ਦੀ ਕਮਾਈ ਨੂੰ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨੇ ਸਤਿਕਾਰ ਕਰਕੇ ਆਪਣਾ ਫ਼ਰਜ਼ ਨਿਭਾਇਆ ਹੈ। ਸਮਾਗਮ ਦੇ ਆਰੰਭ ਵਿੱਚ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਨੇ ਸਨਮਾਨਤ ਸ਼ਖ਼ਸੀਅਤਾਂ ਨੂੰ ਮੁਬਾਰਕਬਾਦ ਦਿੰਦਿਆਂ ਸਭ ਨੂੰ ਜੀ ਆਇਆਂ ਨੂੰ ਕਿਹਾ। ਉਨ੍ਹਾ ਕਿਹਾ ਕਿ ਇਨ੍ਹਾਂ ਸ਼ਖ਼ਸੀਅਤਾਂ ਨੂੰ ਸਨਮਾਨਤ ਕਰਕੇ ਅਕਾਦਮੀ ਗੌਰਵ ਮਹਿਸੂਸ ਕਰ ਰਹੀ ਹੈ।

ਇਸ ਮੌਕੇ ਸ. ਗੁਲਜ਼ਾਰ ਸਿੰਘ ਸੰਧੂ ਬਾਰੇ ਡਾ. ਜੇ. ਬੀ. ਸਿੰਘ ਨੇ ਪੇਪਰ ਪੜ੍ਹਦਿਆਂ ਸੰਧੂ ਸਾਹਿਬ ਦੇ ਜੀਵਨ ਤੇ ਰਚਨਾ ਸੰਸਾਰ ਬਾਰੇ ਜਾਣਕਾਰੀ ਦਿੱਤੀ। ਸ. ਸੰਧੂ ਬਾਰੇ ਸ਼ੋਭਾ ਪੱਤਰ ਡਾ. ਹਰਜਿੰਦਰ ਸਿੰਘ ਸਿਰਸਾ ਨੇ ਪੇਸ਼ ਕੀਤਾ। ਸ੍ਰੀ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਬਾਰੇ ਡਾ. ਰਵਿੰਦਰ ਘੁੰਮਣ ਨੇ ਵਿਸਥਾਰ ਪੂਰਵਕ ਪਰਚਾ ਪੇਸ਼ ਕੀਤਾ ਤੇ ਸ਼ੋਭਾ ਪੱਤਰ ਸ੍ਰੀ ਭਗਵੰਤ ਰਸੂਲਪੁਰੀ ਨੇ ਪੜ੍ਹਿਆ। ਸ੍ਰੀ ਰਵਿੰਦਰ ਰਵੀ (ਕੈਨੇਡਾ) ਬਾਰੇ ਡਾ. ਹਰਜਿੰਦਰ ਸਿੰਘ ਅਟਵਾਲ ਨੇ ਪੇਪਰ ਪੇਸ਼ ਕਰਦਿਆਂ ਉਨ੍ਹਾਂ ਦੇ ਕਵਿਤਾ ਸੰਸਾਰ ਬਾਰੇ ਬਹੁਤ ਮੁੱਲਵਾਨ ਗੱਲਾਂ ਕੀਤੀਆਂ ਤੇ ਸ਼ੋਭਾ ਪੱਤਰ ਸ੍ਰੀ ਜਤਿੰਦਰ ਹਾਂਸ ਨੇ ਪੇਸ਼ ਕੀਤਾ। ਸ੍ਰੀ ਰਵਿੰਦਰ ਰਵੀ ਦਾ ਸਨਮਾਨ ਡਾ. ਹਰਜਿੰਦਰ ਸਿੰਘ ਨੇ ਪ੍ਰਾਪਤ ਕੀਤਾ।

ਪ੍ਰੋ. ਰਵਿੰਦਰ ਸਿੰਘ ਭੱਠਲ ਬਾਰੇ ਸ੍ਰੀ ਜਸਵੀਰ ਰਾਣਾ ਦਾ ਲਿਖਿਆ ਪਰਚਾ ਡਾ. ਆਤਮਜੀਤ ਹੁਰਾਂ ਪੇਸ਼ ਕਰਦਿਆਂ ਭੱਠਲ ਸਾਹਿਬ ਦੀਆਂ ਸਾਹਿਤਕ ਪ੍ਰਾਪਤੀਆਂ ਤੇ ਅਕਾਦਮੀ ਪ੍ਰਤੀ ਉਨ੍ਹਾਂ ਦੀਆਂ ਨਿਭਾਈਆਂ ਸੇਵਾਵਾਂ ਦਾ ਬਾਖ਼ੂਬੀ ਜ਼ਿਕਰ ਕੀਤਾ। ਪ੍ਰੋ. ਭੱਠਲ ਬਾਰੇ ਸ਼ੋਭਾ ਪੱਤਰ ਸ੍ਰੀ ਤ੍ਰੈਲੋਚਨ ਲੋਚੀ ਨੇ ਪੇਸ਼ ਕੀਤਾ। ਪ੍ਰੋ. ਰਵਿੰਦਰ ਸਿੰਘ ਭੱਠਲ ਨੇ ਅਕਾਦਮੀ ਵੱਲੋਂ ਦਿੱਤੀ ਰਾਸ਼ੀ ਨੂੰ ਬੜੀ ਨਿਮਰਤਾ ਨਾਲ ਅਕਾਦਮੀ ਨੂੰ ਵਾਪਸ ਕਰਦਿਆਂ ਕਿਹਾ ਕਿ ਇਹ ਸਨਮਾਨ ਮੇਰੀ ਮਾਂ ਵੱਲੋਂ ਮਿਲਿਆ ਸਨਮਾਨ ਹੈ, ਜਿਸ ਕਰਕੇ ਮੈਂ ਰਾਸ਼ੀ ਨਹੀਂ ਲੈ ਸਕਦਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਉੱਪ-ਕੁਲਪਤੀ ਡਾ. ਸ. ਪ. ਸਿੰਘ ਬਾਰੇ ਪੇਪਰ ਡਾ. ਤੇਜਿੰਦਰ ਕੌਰ ਨੇ ਪੜ੍ਹਿਆ ਤੇ ਸ੍ਰੀ ਕੇ. ਸਾਧੂ ਸਿੰਘ ਨੇ ਉਨ੍ਹਾਂ ਬਾਰੇ ਸ਼ੋਭਾ ਪੱਤਰ ਪੇਸ਼ ਕੀਤਾ।

ਸ. ਗੁਲਜ਼ਾਰ ਸਿੰਘ ਸੰਧੂ ਨੇ ਕਿਹਾ ਕਿ ਕਹਾਣੀ ਲਿਖਣਾ ਤਾਂ ਸਬੱਬ ਹੀ ਸੀ। ਮੇਰੇ ਆਲੇ ਦੁਆਲੇ ਦੇ ਮਾਹੌਲ/ਵਾਤਾਵਰਨ ਨੇ ਮੈਨੂੰ ਕਹਾਣੀਕਾਰ ਬਣਾ ਦਿੱਤਾ। ਸ੍ਰੀ ਪ੍ਰੇਮ ਪ੍ਰਕਾਸ਼ ਨੇ ਕਿਹਾ ਕਿ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਫ਼ੈਲੋਸ਼ਿਪ ਮਿਲਣਾ ਮੇਰੇ ਲਈ ਮਾਣ ਵਾਲੀ ਗੱਲ ਹੈ। ਪ੍ਰੋ. ਰਵਿੰਦਰ ਸਿੰਘ ਭੱਠਲ ਨੇ ਕਿਹਾ ਕਿ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨਾਲ ਮੇਰਾ ਰੂਹਾਨੀ ਰਿਸ਼ਤਾ ਹੈ। ਅਕਾਦਮੀ ਨੇ ਮੈਨੂੰ ਸਿਹਤ, ਹੌਸਲਾ, ਰਾਹਤ ਤੇ ਪਛਾਣ ਦਿੱਤੀ ਹੈ। ਡਾ. ਸ. ਪ. ਸਿੰਘ ਨੇ ਕਿਹਾ ਕਿ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਮੈਨੂੰ ਫ਼ੈਲੋਸ਼ਿਪ ਦੇ ਕੇ ਜੋ ਸਨਮਾਨ ਦਿੱਤਾ ਗਿਆ ਹੈ, ਮੇਰੇ ਲਈ ਮਾਣ ਦੀ ਗੱਲ ਹੈ ਤੇ ਨਾਲ ਨਾਲ ਬਹੁਤ ਵੱਡੀ ਜ਼ਿੰਮੇਵਾਰੀ ਹੈ।

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਨੇ ਮੰਚ ਸੰਚਾਲਨ ਕਰਦੇ ਹੋਏ ਅੱਜ ਦੇ ਸਮਾਗਮ ਦੀ ਰੂਪ ਰੇਖਾ ਤੇ ਫ਼ੈਲੋਸ਼ਿਪ ਬਾਰੇ ਦੱਸਿਆ। ਉਨ੍ਹਾ ਕਿਹਾ ਕਿ ਅਕਾਦਮੀ ਇਕੋ ਸਮੇਂ ਵੱਧ ਤੋਂ ਵੱਧ 10 ਫ਼ੈਲੋਜ਼ ਹੁੰਦੇ ਹਨ। ਇਸ ਤੋਂ ਪਹਿਲਾ ਡਾ. ਰਤਨ ਸਿੰਘ ਜੱਗੀ, ਡਾ. ਸ. ਸ. ਜੌਹਲ, ਡਾ. ਸੁਰਜੀਤ ਪਾਤਰ, ਪ੍ਰੋ. ਗੁਰਭਜਨ ਸਿੰਘ ਗਿੱਲ ਤੇ ਡਾ. ਸੁਖਦੇਵ ਸਿੰਘ ਸਿਰਸਾ ਨੂੰ ਫ਼ੈਲੋਸ਼ਿਪ ਸਨਮਾਨ ਭੇਟਾ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਰੋਨਾ ਕਰਕੇ ਅਕਾਦਮੀ ਦੇ ਕਈ ਪ੍ਰੋਗਰਾਮ/ਸਨਮਾਨ ਪਿੱਛੇ ਚੱਲ ਰਹੇ ਸਨ, ਜਿਨ੍ਹਾਂ ਨੂੰ ਨਵੀਂ ਟੀਮ ਨੇ ਪੂਰਾ ਕਰਨ ਦਾ ਸੁਹਿਰਦ ਯਤਨ ਕੀਤਾ ਹੈ। ਪੰਜਾਬੀ ਸਾਹਿਤ ਅਕਾਦਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਸ਼ਿਆਮ ਸੁੰਦਰ ਦੀਪਤੀ ਨੇ ਸਨਮਾਨਤ ਸਾਹਿਤਕਾਰਾਂ ਨੂੰ ਵਧਾਈ ਦਿੰਦਿਆਂ ਇਥੇ ਪਹੁੰਚਣ ’ਤੇ ਸਭ ਦਾ ਸਵਾਗਤ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਭਜਨ ਸਿੰਘ ਬੇਦੀ ਸਿਰਸਾ, ਕਰਮ ਸਿੰਘ ਜ਼ਖ਼ਮੀ, ਹਰਦੀਪ ਢਿੱਲੋਂ, ਡਾ. ਸੁਰਿੰਦਰ ਕੌਰ ਭੱਠਲ, ਇੰਦਰਜੀਤਪਾਲ ਕੌਰ, ਡਾ. ਸੁਰਜੀਤ ਕੌਰ ਸੰਧੂ, ਊਸ਼ਾ ਦੀਪਤੀ, ਸੁਰਿੰਦਰ ਦੀਪ, ਇੰਜ. ਡੀ. ਐੱਮ. ਸਿੰਘ, ਦਲਵੀਰ ਲੁਧਿਆਣਵੀ, ਪਰਮਜੀਤ ਕੌਰ ਮਹਿਕ, ਜਸਮੇਰ ਢੱਟ, ਡਾ. ਬਲਵਿੰਦਰ ਔਲਖ ਗਲੈਕਸੀ, ਦੇਵਿੰਦਰ ਸਿੰਘ ਸੇਖਾ, ਅਮਰਜੀਤ ਸ਼ੇਰਪੁਰੀ, ਕਰਮਜੀਤ ਗਰੇਵਾਲ, ਦੀਪ ਜਗਦੀਪ ਸਿੰਘ, ਰਵੀ ਰਵਿੰਦਰ, ਸੋਮਪਾਲ ਹੀਰਾ, ਭੁਪਿੰਦਰ ਸਿੰਘ ਚੌਕੀਮਾਨ, ਕੰਵਲ ਢਿੱਲੋਂ, ਸੁਰਜੀਤ ਸਿੰਘ ਲਾਂਬੜਾ, ਰਜਿੰਦਰ ਸਿੰਘ, ਭਗਵਾਨ ਢਿੱਲੋਂ, ਹਰਦਿਆਲ ਪਰਵਾਨਾ, ਗੁਰਨੂਰ ਸਿੰਘ, ਗੁਰਦੀਪ ਸਿੰਘ, ਰਜਿੰਦਰ ਵਰਮਾ, ਦਲਜੀਤ ਸਿੰਘ ਸਮੇਤ ਕਾਫ਼ੀ ਗਿਣਤੀ ਵਿੱਚ ਲੇਖਕ ਤੇ ਪਾਠਕ ਹਾਜ਼ਰ ਸਨ।

# ਬੀ ਪੀ ਈ ਓ ਚੀਮਾ ਦੀਆਂ ਅਧਿਆਪਕ ਵਿਰੋਧੀ ਕਾਰਵਾਈਆਂ ਖਿਲਾਫ਼ ਵਫ਼ਦ ਅਮਨ ਅਰੋੜਾ ਨੂੰ ਮਿਲਿਆ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਡੈਮੋਕ੍ਰੈਟਿਕ ਟੀਚਰਜ ਫਰੰਟ ਪੰਜਾਬ ਦਾ ਇੱਕ ਵੱਡਾ ਵਫ਼ਦ ਬੀ.ਪੀ.ਈ.ਓ. ਚੀਮਾ ਸੱਤਪਾਲ ਸਿੰਘ ਦੀਆਂ ਅਧਿਆਪਕ ਵਿਰੋਧੀ ਕਾਰਵਾਈਆਂ ਤੇ ਡੀ.ਈ.ਓ. ਐਲੀਮੈਂਟਰੀ ਸੰਗਰੂਰ ਦੁਆਰਾ ਇਸ ਅਧਿਕਾਰੀ ਨੂੰ ਸ਼ਹਿ ਦੇਣ ਦੇ ਖ਼ਿਲਾਫ਼ ਹਲਕਾ ਸੁਨਾਮ ਤੋਂ ਵਿਧਾਇਕ ਤੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੂੰ ਮਿਲਿਆ। ਵਫ਼ਦ ਨੇ ਉਕਤ ਬੀ.ਪੀ.ਈ.ਓ. ਦੀਆਂ ਅਧਿਆਪਕ ਵਿਰੋਧੀ ਕਾਰਵਾਈਆਂ ਤੇ ਡੀ.ਈ.ਓ. ਦੁਆਰਾ ਉਸ ਨੂੰ ਸ਼ਹਿ ਦੇਣ ਨੂੰ ਇੱਕ ਮੰਗ ਪੱਤਰ ਤੇ ਗੱਲਬਾਤ ਰਾਹੀਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆ ਕੇ ਇਨ੍ਹਾਂ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ। ਜਥੇਬੰਦੀ ਨੇ ਮੰਗ-ਪੱਤਰ ਤੇ ਗੱਲਬਾਤ ਰਾਹੀਂ ਬੀ.ਪੀ.ਈ.ਓ. ਦੁਆਰਾ ਆਪਣੇ ਦਫ਼ਤਰ ਤੇ ਸਕੂਲਾਂ ਵਿੱਚ ਵਿਜ਼ਿਟ ਦੌਰਾਨ ਅਧਿਆਪਕਾਂ ਨਾਲ ਬਦਸਲੂਕੀ ਕਰਨ ਤੇ ਉਨ੍ਹਾਂ ਦੇ ਮਾਣ-ਸਨਮਾਨ ਨੂੰ ਠੇਸ ਪੁਚਾਉਣ, ਇੱਕ ਮਾਮਲੇ ਵਿੱਚ ਜ਼ਿਲ੍ਹੇ ਦੀਆਂ ਅਧਿਆਪਕ ਜਥੇਬੰਦੀਆਂ ਦੇ ਸਾਹਮਣੇ ਅਧਿਆਪਕ ਤੋਂ ਮਾਫ਼ੀ ਮੰਗ ਕੇ ਵੀ ਆਪਣਾ ਵਤੀਰਾ ਨਾ ਸੁਧਾਰਨ, ਅਧਿਆਪਕਾਂ ਨੂੰ ਤੰਗ ਪ੍ਰੇਸ਼ਾਨ ਕਰਕੇ ਬਲਾਕ ਤੋਂ ਬਾਹਰ ਡੈਪੂਟੇਸ਼ਨ ਕਰਾਉਣ ਲਈ ਮਜਬੂਰ ਕਰਨ, ਅਧਿਆਪਕਾਂ ਨੂੰ 5 ਵਜੇ ਤੋਂ ਬਾਅਦ ਮਿਲਣ ਦੀਆਂ ਧਮਕੀਆਂ ਦੇਣ, ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਅਧਿਆਪਕਾਂ ਨੂੰ ਗੈਰ-ਹਾਜ਼ਰ ਕਰਨ, ਛੁੱਟੀ ਸਬੰਧੀ ਸੂਚਨਾ ਹੋਣ ਦੇ ਬਾਵਜੂਦ ਅਧਿਆਪਕ ਵਿਰੁੱਧ ਗੈਰ-ਹਾਜ਼ਰੀ ਦੀ ਕਾਰਵਾਈ ਆਰੰਭਣ, ਬੇਨਿਯਮੇ ਤਰੀਕੇ ਨਾਲ ਅਧਿਆਪਕਾਂ ਦਾ ਪੂਰੀ ਤਿਮਾਹੀ ਦਾ ਆਮਦਨ ਕਰ ਇੱਕ ਕਿਸਤ ਵਿੱਚ ਕੱਟ ਕੇ ਅਧਿਆਪਕਾਂ ਦਾ ਵਿੱਤੀ ਨੁਕਸਾਨ ਕਰਨ,ਡੀ.ਈ.ਓ. ਦੁਆਰਾ ਆਪਣੇ ਦਫ਼ਤਰ ਵਿੱਚ ਜਥੇਬੰਦੀ ਨਾਲ ਮੀਟਿੰਗ ਕਰਨ ਲਈ ਕਹਿਣ ’ਤੇ ਮੀਟਿੰਗ ਤੋਂ ਭੱਜਣ, ਕੱਚੇ ਅਧਿਆਪਕਾਂ ਦੀ ਸਰਵਿਸ ਵੈਰੀਫਿਕੇਸ਼ਨ ਸਮੇਂ ਉਨ੍ਹਾਂ ਦੀ ਖੱਜਲ-ਖੁਆਰੀ ਕਰਾਉਣ ਅਤੇ ਡੀ.ਈ.ਓ.ਐਲੀਮੈਂਟਰੀ ਦੁਆਰਾ ਦਿੱਤੇ ਹੁਕਮਾਂ ਦੀ ਉਲੰਘਣਾ ਕਰਕੇ ਕੱਚੇ ਅਧਿਆਪਕਾਂ ਦੀ ਸਰਵਿਸ ਵੈਰੀਫਿਕੇਸ਼ਨ ਸਮੇਂ ਆਪਣੇ ਦਫ਼ਤਰ ਵਿੱਚ ਪੂਰਾ ਸਮਾਂ ਨਾ ਬੈਠਣ, 26 ਅਪ੍ਰੈਲ ਨੂੰ ਸਾਬਕਾ ਮੁੱਖ-ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦੇਹਾਂਤ ਕਾਰਨ ਛੁੱਟੀ ਸਬੰਧੀ ਅਸਮੰਜਸ ਦੀ ਸਥਿਤੀ ਵਿੱਚ ਸਾਰੀ ਸਥਿਤੀ ਤੋਂ ਜਾਣੂ ਹੋਣ ਦੇ ਬਾਵਜੂਦ ਅਧਿਆਪਕਾਂ ਦੀ ਛੁੱਟੀ ਤੇ ਬੱਚਿਆਂ ਦੀ ਘੱਟ ਗਿਣਤੀ ਸਬੰਧੀ ਨੋਟਿਸ ਜਾਰੀ ਕਰਕੇ ਆਪਣਾ ਅਧਿਆਪਕ ਵਿਰੋਧੀ ਕਿਰਦਾਰ ਜ਼ਾਹਰ ਕਰਨ, ਇੱਕ ਸਕੂਲ ਦੀ ਵਿਜ਼ਿਟ ਸਮੇਂ ਅਧਿਆਪਕਾਵਾਂ ਦੇ ਫੋਨ ਜ਼ਬਤ ਕਰਨ ਤੇ ਉਨ੍ਹਾਂ ਨਾਲ ਬਦਸਲੂਕੀ ਕਰਨ, ਮੁੱਖ-ਅਧਿਆਪਕਾਂ ਨੂੰ ਗ੍ਰਾਂਟਾਂ ਦੇ ਚੋਰ ਅਤੇ ਮਿਡ-ਡੇਅ ਮੀਲ ਦੇ ਰਾਸ਼ਨ ਘਰੇ ਲਿਜਾਣ ਵਾਲੇ ਕਹਿਣ, ਮੰਗ-ਪੱਤਰਾਂ ਤੇ ਮੀਟਿੰਗਾਂ ਰਾਹੀਂ ਜਥੇਬੰਦੀ ਦੁਆਰਾ ਵਾਰ-ਵਾਰ ਅਧਿਆਪਕਾਂ ਨੂੰ ਘੱਟ ਪਾਇਆ ਪੇ-ਕਮਿਸ਼ਨ ਦਾ ਬਕਾਇਆ ਸੋਧ ਕੇ ਨਾ ਪਾਉਣ ਨੂੰ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਗਿਆ। ਮੰਤਰੀ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਗਿਆ ਕਿ ਜਥੇਬੰਦੀ ਕਈ ਵਾਰ ਇਸ ਅਧਿਕਾਰੀ ਦੀਆਂ ਅਧਿਆਪਕ ਵਿਰੋਧੀ ਕਾਰਵਾਈਆਂ ਖ਼ਿਲਾਫ ਡੀ.ਈ.ਓ. ਐਲੀਮੈਂਟਰੀ ਸੰਗਰੂਰ ਨੂੰ ਮਿਲ ਚੁੱਕੀ ਹੈ, ਪ੍ਰੰਤੂ ਉਹ ਵੀ ਇਸ ਅਧਿਕਾਰੀ ਖਿਲਾਫ਼ ਕੋਈ ਕਾਰਵਾਈ ਨਹੀਂ ਕਰ ਰਹੇ, ਜਿਸ ਕਰਕੇ ਬੀ.ਪੀ.ਈ.ਓ. ਨੂੰ ਇਨ੍ਹਾਂ ਕਾਰਵਾਈਆਂ ਨੂੰ ਕਰਨ ਦੀ ਸ਼ਹਿ ਮਿਲ ਰਹੀ ਹੈ।

ਬੀ ਪੀ ਈ ਓ ਦੁਆਰਾ ਅਧਿਆਪਕਾਂ ਨੂੰ ਨਜਾਇਜ਼ ਪ੍ਰੇਸ਼ਾਨ ਕਰਨ ਵਾਲੀਆਂ ਕਾਗਜ਼ੀ ਕਾਰਵਾਈਆਂ ਦਾ ਡੀ.ਈ.ਓ. ਦੁਆਰਾ ਨਿਪਟਾਰਾ ਕਰਨ ਦੀ ਬਜਾਏ ਉਨ੍ਹਾਂ ਨੂੰ ਲੰਮੇ ਸਮੇਂ ਲਈ ਲਮਕਾ ਕੇ ਅਧਿਆਪਕਾਂ ਦੀ ਪ੍ਰੇਸ਼ਾਨੀ ਵਿੱਚ ਵਾਧਾ ਕੀਤਾ ਜਾਂਦਾ ਹੈ। ਵਫਦ ਨੇ ਕਿਹਾ ਕਿ ਇਸ ਮਸਲੇ ਵਿੱਚ ਜੇਕਰ ਸਰਕਾਰ ਵੱਲੋਂ ਕੋਈ ਹੱਲ ਨਾ ਕੀਤਾ ਗਿਆ ਤਾਂ ਜਥੇਬੰਦੀ ਕਰੜੇ ਜਥੇਬੰਦਕ ਐਕਸ਼ਨਾਂ ਲਈ ਮਜਬੂਰ ਹੋਵੇਗੀ।

# ਸਤਲੁਜ ਦੇ ਦੂਸ਼ਿਤ ਪਾਣੀ ਕਾਰਨ ਸਰਹੱਦੀ ਪਿੰਡਾਂ ਦੇ ਲੋਕਾਂ ’ਚ ਬਿਮਾਰੀਆਂ ਫੈਲਣ ਦਾ ਖਦਸ਼ਾ

- ਡ੍ਰੇਨੇਜ ਵਿਭਾਗ ਨੂੰ ਨਹੀਂ ਇਸ ਦੀ ਕੋਈ ਖਬਰ
- ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਤੋਂ ਆਸ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**
ਬਾਰਡਰ ਪੱਟੀ ’ਤੇ ਵੱਸਦੇ ਪਿੰਡਾਂ ਦੇ ਲੋਕ ਅਕਸਰ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਨਾਲ ਘਿਰੇ ਰਹਿੰਦੇ ਹਨ। ਸਰਹੱਦ ’ਤੇ ਹੋਣ ਕਾਰਨ ਇੱਥੇ ਕਦੇ ਜੰਗ ਦਾ ਖਤਰਾ ਵਧ ਜਾਂਦਾ ਹੈ ਤੇ ਕਦੇ ਇੱਥੇ ਵਗਦੇ ਸਤਲੁੱਜ ਦਰਿਆ ਕਾਰਨ ਇਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਇਸ ਦਰਿਆ ਵਿੱਚ ਅਕਸਰ ਹਰ ਸਾਲ ਹੜ੍ਹ ਆ ਜਾਣ ਕਾਰਨ ਇੱਥੋਂ ਦੇ ਕਿਸਾਨਾਂ ਦੀ ਸੈਂਕੜੇ ਏਕੜ ਫਸਲ ਬਰਬਾਦ ਹੋ ਜਾਂਦੀ ਹੈ। ਇਸ ਤੋਂ ਇਲਾਵਾ ਇਸ ਦਰਿਆ ਵਿੱਚ ਛੱਡੇ ਜਾ ਰਹੇ ਕੈਮੀਕਲ ਯੁਕਤ ਗੰਦੇ ਪਾਣੀ ਦੀ ਮਾਰ ਵੀ ਇੱਥੇ ਵਸਦੇ ਲੋਕਾਂ ਨੂੰ ਹੀ ਸਹਿਣੀ ਪੈਂਦੀ ਹੈ। ਦੂਜੇ ਪਾਸੇ ਗੱਲ ਕਰੀਏ ਡ੍ਰੇਨੇਜ ਵਿਭਾਗ ਦੀ ਤਾਂ ਵਿਭਾਗ ਦੇ ਅਧਿਕਾਰੀ ਲਗਦੈ ਗੂੜ੍ਹੀ ਨੀਂਦ ਸੁੱਤੇ ਹੋਏ ਹਨ, ਜਿਸ ਕਾਰਨ ਇਨ੍ਹਾਂ ਨੂੰ ਇਸ ਤਰ੍ਹਾਂ ਛੱਡੇ ਜਾ ਰਹੇ ਕੈਮੀਕਲ ਯੁਕਤ ਗੰਦੇ ਪਾਣੀ ਦੀ ਕੋਈ ਖਬਰ ਨਹੀਂ ਹੈ। ਇਸ ਬਾਰੇ ਗੱਲਬਾਤ ਕਰਨ ’ਤੇ ਇੱਥੋਂ ਦੇ ਵਸਨੀਕ ਰਾਜ ਸਿੰਘ, ਕਾਲਾ ਸਿੰਘ, ਸੀਤਾ ਸਿੰਘ ਤੇ ਹੋਰਨਾਂ ਨੇ ਦੱਸਿਆ ਕਿ ਇੱਥੇ ਵਗਦੇ ਸਤਲੁੱਜ ਦਰਿਆ ਵਿੱਚ ਜ਼ਹਿਰੀਲਾ ਪਾਣੀ ਛੱਡਿਆ ਜਾ ਰਿਹਾ ਹੈ। ਇਹ ਜ਼ਹਿਰੀਲਾ ਪਾਣੀ ਇੱਥੋਂ ਦੇ ਲੋਕਾਂ ’ਚ ਕਈ ਤਰ੍ਹਾਂ ਦੀਆਂ ਬੀਮਾਰੀਆਂ ਦੇ ਫੈਲਣ ਦਾ ਕਾਰਨ ਤਾਂ ਬਣ ਹੀ ਰਿਹਾ ਹੈ, ਨਾਲ ਹੀ ਇਸ ਨਾਲ ਧਰਤੀ ਹੇਠਲਾ ਪਾਣੀ ਵੀ ਦੂਸ਼ਿਤ ਹੋ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਇਸੇ ਜ਼ਹਿਰੀਲੇ ਪਾਣੀ ਕਾਰਨ ਹੀ ਉਨ੍ਹਾਂ ਦੀਆਂ ਮੋਟਰਾਂ ਦਾ ਪਾਣੀ ਖੇਤੀ ਲਈ ਕੱਲਰ ਦਾ ਕਾਰਨ ਬਣ ਰਿਹਾ ਹੈ। ਦੂਜੇ ਪਾਸੇ ਸਬੰਧਤ ਵਿਭਾਗ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਨ ਵੀ ਗੂੜ੍ਹੀ ਨੀਂਦ ਸੁੱਤਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵੀ ਫਾਜ਼ਿਲਕਾ ਦੇ ਬਾਰਡਰ ਪੱਟੀ ਤੇ ਵਸਦੇ ਪਿੰਡਾਂ ਦਾ ਦੌਰਾ ਕੀਤਾ ਗਿਆ ਸੀ। ਸਭ ਤੋਂ ਪਹਿਲਾਂ ਉਨ੍ਹਾਂ ਵੱਲੋਂ ਹੀ ਤਤਕਾਲੀਨ ਬਾਦਲ ਸਰਕਾਰ ਦੇ ਸਮੇਂ ਗੰਦੇ ਪਾਣੀ ਦਾ ਮੁੱਦਾ ਚੁੱਕਿਆ ਗਿਆ ਸੀ। ਹੈਰਾਨੀ ਦੀ ਗੱਲ ਹੈ ਕਿ ਦੂਜੀਆਂ ਸਰਕਾਰਾਂ ਵੇਲੇ ਇੱਥੋਂ ਦੇ ਦੂਸ਼ਿਤ ਪਾਣੀਆਂ ਬਾਰੇ ਗੱਲ ਕਰਨ ਵਾਲੇ ਭਗਵੰਤ ਮਾਨ ਸਾਹਿਬ ਅੱਜ ਆਪਣੀ ਸਰਕਾਰ ਆਉਣ ਤੋਂ ਬਾਅਦ ਵੀ ਕਿਓਂ ਚੁੱਪ ਹਨ? ਕੀ ਉਨ੍ਹਾਂ ਨੂੰ ਇਨ੍ਹਾਂ ਪਿੰਡਾਂ ਦੇ ਹਾਲਾਤਾਂ ਬਾਰੇ ਪਤਾ ਨਹੀਂ ਜਾਂ ਜਾਣਬੁੱਝ ਕੇ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ। ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਸਾਹਿਬ ਤੋਂ ਅਜੇ ਵੀ ਥੋੜ੍ਹੀ ਆਸ ਹੈ ਕਿ ਉਹ ਇਨ੍ਹਾਂ ਪਿੰਡਾਂ ਦੇ ਦੂਸ਼ਿਤ ਪਾਣੀ ਦੇ ਹੱਲ ਦੇ ਨਾਲ ਨਾਲ ਬਾਕੀ ਸਮੱਸਿਆਵਾਂ ਦਾ ਵੀ ਕੋਈ ਹੱਲ ਕੱਢਣਗੇ।

ਜਦੋਂ ਇਸ ਬਾਰੇ ਡ੍ਰੇਨੇਜ ਵਿਭਾਗ ਦੇ ਐਕਸੀਅਨ ਫਾਜ਼ਿਲਕਾ ਆਲੋਕ ਚੌਧਰੀ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਪਾਣੀ ਮੁਕਤਸਰ ਤੋਂ ਆ ਰਿਹਾ ਹੈ ਤੇ ਇਸ ਬਾਰੇ ਮੁਕਤਸਰ ਸਾਹਿਬ ਦੇ ਅਧਿਕਾਰੀ ਹੀ ਦੱਸ ਸਕਦੇ ਹਨ। ਜਦੋਂ ਮੁਕਤਸਰ ਸਾਹਿਬ ਦੇ ਡ੍ਰੇਨੇਜ ਵਿਭਾਗ ਦੇ ਐੱਸ ਡੀ ਓ ਨਵਦੀਪ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਐਕਸੀਅਨ ਫਾਜ਼ਿਲਕਾ ਆਲੋਕ ਚੌਧਰੀ ਕੋਲ ਹੀ ਮੁਕਤਸਰ ਸਾਹਿਬ ਦਾ ਚਾਰਜ ਵੀ ਹੈ। ਇਸ ਲਈ ਉਹ ਹੀ ਇਸ ਬਾਰੇ ਸਪੱਸ਼ਟ ਦੱਸ ਸਕਦੇ ਹਨ।

ਉਧਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਜਲਦੀ ਹੀ ਸ਼ੁੱਧ ਪੀਣ ਵਾਲੇ ਪਾਣੀ ਦੇ ਮਿਲਣ ਦੀ ਗੱਲ ਕਹੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਫਾਜ਼ਿਲਕਾ ਡਾ. ਸੈਨੂ ਦੁੱਗਲ ਨਾਲ ਗੱਲਬਾਤ ਕਰਨ ’ਤੇ ਉਨ੍ਹਾ ਕਿਹਾ ਕਿ ਸਰਕਾਰ ਵੱਲੋਂ ਇਨ੍ਹਾਂ ਪਿੰਡਾਂ ਵਿੱਚ ਪੀਣ ਦੇ ਸਾਫ ਪਾਣੀ ਲਈ ਜ਼ਿਲ੍ਹੇ ਅੰਦਰ ਇੱਕ ਵੱਡਾ ਪ੍ਰੋਜੈਕਟ ਲਗਾਇਆ ਜਾ ਰਿਹਾ ਹੈ, ਜਿਸ ਕਾਰਨ ਇਨ੍ਹਾਂ ਨੂੰ ਜਲਦੀ ਹੀ ਪੀਣ ਵਾਲੇ ਸਾਫ ਪਾਣੀ ਮਿਲਣ ਦੀ ਉਮੀਦ ਹੈ। ਇੱਥੇ ਵਗਦੇ ਸਤਲੁੱਜ ਦਰਿਆ ਵਿੱਚ ਦੂਸ਼ਿਤ ਤੇ ਜ਼ਹਿਰੀਲਾ ਪਾਣੀ ਛੱਡੇ ਜਾਣ ਬਾਰੇ ਗੱਲ ਕਰਨ ’ਤੇ ਉਨ੍ਹਾ ਕਿਹਾ ਕਿ ਇੱਥੇ ਮੁਕਤਸਰ ਸਾਹਿਬ ਤੇ ਆਸ-ਪਾਸ ਦੇ ਕੁੱਝ ਸ਼ਹਿਰਾਂ ਦੇ ਸੇਮ ਨਾਲਿਆਂ ਦਾ ਗੰਦਾ ਪਾਣੀ ਆ ਰਿਹਾ ਹੈ। ਉਨ੍ਹਾ ਕਿਹਾ ਕਿ ਇਸ ਬਾਰੇ ਵੀ ਸਰਕਾਰ ਵੱਲੋਂ ਜਲਦੀ ਹੀ ਕੋਈ ਹੱਲ ਕੱਢ ਲਿਆ ਜਾਵੇਗਾ।

# ਬੀਬੀ ਕੌਲਾਂ ਜੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਵਿਖੇ ਮਾਂ ਦਿਵਸ ਮਨਾਇਆ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਦੀ ਸਰਪ੍ਰਸਤੀ ਹੇਠ ਚੱਲ ਰਹੇ ਬੀਬੀ ਕੌਲਾਂ ਜੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ (ਬਰਾਂਚ-2), ਨੇੜੇ ਗੁਰਦੁਆਰਾ ਟਾਹਲਾ ਸਾਹਿਬ ਤਰਨ ਤਾਰਨ ਰੋਡ, ਅੰਮ੍ਰਿਤਸਰ ਵਿਖੇ ਮਾਂ ਦਿਵਸ ਮਨਾਇਆ ਗਿਆ ਜਿਸ ਵਿੱਚ ਪ੍ਰੀ-ਪ੍ਰਾਇਮਰੀ ਦੇ ਬੱਚਿਆਂ ਦੀਆਂ ਮਾਵਾਂ ਨੇ ਹਿੱਸਾ ਲਿਆ। ਇਸ ਮੌਕੇ ਛੋਟੇ ਬੱਚਿਆਂ ਨੇ ਆਈਆਂ ਮਾਵਾਂ ਲਈ ਰੰਗਾਂ-ਰੰਗ ਪ੍ਰੋਗਰਾਮ ਪੇਸ਼ ਕੀਤਾ ਅਤੇ ਸਕੂਲ ਵਲੋਂ ਉਨ੍ਹਾਂ ਲਈ ਵੱਖ-ਵੱਖ ਖੇਡਾਂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਇੰਦਰਪ੍ਰੀਤ ਕੌਰ ਨੇ ਮਾਵਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਪਹਿਲੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਵੀ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲਿਆ। ਇਸ ਮੌਕੇ ਉਨ੍ਹਾਂ ਨੇ ਕਾਰਡ ਮੇਕਿੰਗ, ਪੋਸਟਰ ਮੇਕਿੰਗ, ਲੋਕ ਗੀਤ ਅਤੇ ਮਾਵਾਂ ਨੂੰ ਸਮਰਪਿਤ ਕਵਿਤਾਵਾਂ ਬੋਲੀਆਂ। ਸਕੂਲ ਦੇ ਐਮ. ਡੀ. ਰਜਿੰਦਰ ਸਿੰਘ ਨੇ ਬੱਚਿਆਂ ਦੀਆਂ ਗਤੀਵਿਧੀਆਂ ਦੇਖਦੇ ਹੋਏ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ।

# 'ਆਪ' ਵਰਕਰਾਂ ਨੇ ਰਿੰਕੂ ਦੀ ਬੇਮਿਸਾਲ ਜਿੱਤ ਦੇ ਜਸ਼ਨ ਮਨਾਏ

**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**-ਜਲੰਧਰ ਲੋਕ ਸਭਾ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਵੱਲੋਂ ਇਤਿਹਾਸਕ ਜਿੱਤ ਪ੍ਰਾਪਤ ਕਰਨ ਦੀ ਖੁਸ਼ੀ ਵਿੱਚ ਸਥਾਨਕ ਸ਼ਹਿਰ 'ਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਖੁਸ਼ਪਾਲ ਸਿੰਘ ਧਾਲੀਵਾਲ ਤੇ ਮਹਿਲਾ ਆਗੂ ਐਡਵੋਕੇਟ ਅਮਨਦੀਪ ਕੌਰ ਧਾਲੀਵਾਲ ਦੀ ਸਾਂਝੀ ਅਗਵਾਈ 'ਚ ਵਾਰਡ ਇੰਚਾਰਜ ਅਮਿਤ ਪੁਰੀ ਤੇ ਅਯੁੱਧਿਆ ਪੁਰੀ ਦੀ ਦੁਕਾਨ ਤੇ ਕਰਿਆਨਾ ਯੂਨੀਅਨ ਦੇ ਸਾਬਕਾ ਪ੍ਰਧਾਨ ਨੰਦ ਕਿਸ਼ੋਰ ਭੱਲਾ ਸਣੇ ਵਰਕਰਾਂ ਨੇ ਇਕੱਤਰ ਹੋ ਕੇ ਜਿੱਤ ਦੀ ਖੁਸ਼ੀ ਮਨਾਉਂਦਿਆਂ ਲੱਡੂ ਵੰਡੇ। ਇਸ ਮੌਕੇ ਮਹਿਲਾ ਆਗੂ ਐਡਵੋਕੇਟ ਅਮਨਦੀਪ ਕੌਰ ਧਾਲੀਵਾਲ ਨੇ ਗੱਲਬਾਤ ਕਰਦਿਆਂ ਕਿਹਾ ਕਿ ਜਲੰਧਰ ਦੇ ਲੋਕਾਂ ਨੇ ਰਵਾਇਤੀ ਪਾਰਟੀਆਂ ਤੋਂ ਖਹਿੜਾ ਛੁਡਾ ਕੇ ਪੰਜਾਬ ਦੇ ਚੰਗੇ ਭਵਿੱਖ ਲਈ ਆਮ ਆਦਮੀ ਪਾਰਟੀ ਨੂੰ ਵੱਡਾ ਸਹਿਯੋਗ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਜਿੱਤ ਨਾਲ ਸਮੁੱਚੇ ਦੇਸ਼ ਲਈ ਚੰਗੇ ਦਿਨਾਂ ਦੀ ਸ਼ੁਰੂਆਤ ਹੋਈ ਹੈ ਤੇ ਸਾਰੇ ਵਰਗਾਂ ਦੇ ਲੋਕ ਬਾਗੋਬਾਗ ਦਿਖਾਈ ਦੇ ਰਹੇ ਹਨ। ਪਾਰਟੀ ਵਰਕਰਾਂ ਤੇ ਕਰਿਆਨਾ ਯੂਨੀਅਨ ਨੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਭਗਵੰਤ ਸਿੰਘ ਮਾਨ ਤੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ, ਆਪ ਦੇ ਸ਼ਹਿਰੀ ਪ੍ਰਧਾਨ ਦੀਪਕ ਚੈਨਪੁਰੀਆ, ਸੋਨੂੰ ਸਤਪਾਲ, ਰਾਜੇਸ਼ ਜੱਜ , ਸੰਨੀ ਵਾਸਲ, ਸੰਨੀ ਗੱਗੋਮਾਹਲ, ਰੋਜ਼ੀ, ਰਾਮੇਸ਼ ਕੁਮਾਰ, ਰਮਨ, ਪ੍ਰਧਾਨ ਦਵਿੰਦਰ ਸਿੰਘ ਸੋਨੂੰ, ਪਵਿੱਤਰ ਸਿੰਘ ਫੈਂਸੀ, ਅਮਰਦੀਪ ਸਿੰਘ ਰਿੰਕੂ, ਰਸ਼ਪਾਲ ਸਿੰਘ ਕੋਟਲਾ ਆਦਿ ਹਾਜ਼ਰ ਸਨ।



ਏ ਐੱਸ ਆਰ ਸੁਖਤਿੰਦਰ ਸਿੰਘ ਰਾਜੂ

# ਰਿੰਕੂ ਦੀ ਸ਼ਾਨਦਾਰ ਜਿੱਤ 'ਤੇ ਭੁੱਲਰ ਨੇ ਵੋਟਰਾਂ/ਸਪੋਰਟਰਾਂ ਦਾ ਕੀਤਾ ਦਿਲੋਂ ਧੰਨਵਾਦ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਜਲੰਧਰ ਲੋਕ ਸਭਾ ਚੋਣ 'ਚ ਆਮ ਆਦਮੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੀ ਇਤਿਹਾਸਕ ਜਿੱਤ ਲਈ ਪੱਟੀ ਤੋ ਵਿਧਾਇਕ ਤੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਪਾਰਟੀ ਦੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਵਧਾਈ ਦਿੰਦੇ ਹੋਏ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਆਪ ਸਰਕਾਰ ਵੱਲੋਂ ਬੀਤੇ ਇੱਕ ਸਾਲ ਸੂਬੇ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਲਏ ਫੈਸਲਿਆਂ 'ਤੇ ਜਲੰਧਰ ਵਾਸੀਆਂ ਨੇ ਮੋਹਰ ਲਗਾ ਕੇ ਰੰਗਲਾ ਪੰਜਾਬ ਬਣਾਉਣ ਲਈ ਸਾਡਾ ਹੋਰ ਵਿਸ਼ਵਾਸ ਪੱਕਾ ਕੀਤਾ। ਉਨ੍ਹਾਂ ਆਖਿਆ ਕਿ ਜਿਹੜੀ ਨਵੀਂ ਜ਼ੁੰਮੇਵਾਰੀ ਸੌਂਪੀ ਗਈ ਉਸਨੂੰ ਸੁਸ਼ੀਲ ਕੁਮਾਰ ਰਿੰਕੂ ਪੂਰੀ ਇਮਾਨਦਾਰੀ ਨਿਭਾਉਣਗੇ ਅਤੇ ਜਲੰਧਰ ਵਾਸੀਆਂ ਨੂੰ ਕਦੇ ਸ਼ਿਕਾਇਤ ਦਾ ਮੌਕਾ ਨਹੀਂ ਦੇਣਗੇ। ਜਲੰਧਰ ਦੇ ਵਿਕਾਸ ਵਿਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਕੈਬਨਿਟ ਮੰਤਰੀ ਨੇ ਪੱਟੀ ਹਲਕੇ ਤੋਂ ਉਨ੍ਹਾਂ ਨਾਲ ਜਲੰਧਰ ਚੋਣ ਪ੍ਰਚਾਰ ਲਈ ਗਏ ਸਮੂਹ ਆਗੂਆਂ, ਵਲੰਟੀਅਰਾਂ, ਵੋਟਰਾਂ, ਸਪੋਰਟਰਾਂ ਦਾ ਧੰਨਵਾਦ ਕਰਦਿਆਂ ਇਹ ਵੀ ਆਖਿਆ ਕਿ ਪੰਜਾਬ ਦੇ ਲੋਕਾਂ ਨਾਲ ਕੀਤੀਆਂ ਗਰੰਟੀਆਂ ਹਰੇਕ ਘਰ ਨੂੰ 600 ਯੂਨਿਟ ਬਿਜਲੀ ਮੁਆਫੀ, ਕਿਸਾਨਾਂ ਦੀਆਂ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ, ਔਰਤਾਂ ਲਈ ਫਰੀ ਸਫਰ, ਕਣਕ ਤੇ ਝੋਨੇ ਦੀਆਂ ਫਸਲਾਂ ਦੀ ਸਮੇਂ ਸਿਰ ਅਦਾਇਗੀ, ਕਿਸਾਨਾਂ ਦੀਆਂ ਫਸਲਾਂ ਮੰਡੀਆਂ ਵਿਚ ਰੁਲਣ ਨਹੀਂ ਦਿੱਤੀਆਂ। ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਦੌਰਾਨ ਨਿਰਵਿਘਨ ਬਿਜਲੀ ਸਪਲਾਈ ਦੇ ਨਾਲ ਨਾਲ ਜਿਥੇ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਸਮੇਂ ਖੇਤੀਬਾੜੀ ਸੈਕਟਰ ਨੂੰ ਸਿਰਫ ਰਾਤ ਵੇਲੇ ਬਿਜਲੀ ਦਿੱਤੀ ਜਾਂਦੀ ਸੀ। ਆਪ ਸਰਕਾਰ ਵੱਲੋਂ ਜ਼ਰੂਰਤ ਅਨੁਸਾਰ ਦਿਨ ਵੇਲੇ ਖੇਤੀਬਾੜੀ ਸੈਕਟਰ ਨੂੰ ਬਿਜਲੀ ਦਿੱਤੀ ਜਾ ਰਹੀ। ਆਪ ਸਰਕਾਰ ਸੂਬੇ ਦੇ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਉਤਰਨ ਲਈ ਪੂਰੀ ਵਾਹ ਲਾ ਦੇਵੇਗੀ।

# ਬੀ.ਬੀ.ਐੱਸ.ਬੀ. ਕਾਨਵੈਂਟ ਸਕੂਲ 'ਚ 'ਮਾਂ ਦਿਵਸ' ਮਨਾਇਆ



**ਜਗਰਾਓਂ (ਅਮਿਤ ਖੰਨਾ, ਸੰਜੀਵ ਅਰੋੜਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਬੀ.ਬੀ.ਐੱਸ.ਬੀ. ਕਾਨਵੈਂਟ ਸਕੂਲ, ਸਿੱਧਵਾਂ ਬੇਟ ਵਿਖੇ ਮਾਂ ਦਿਵਸ ਮਨਾਇਆ ਗਿਆ, ਜਿਸ ਵਿੱਚ ਨਰਸਰੀ ਤੋਂ ਲੈ ਕੇ ਯੂ. ਕੇ. ਜੀ. ਕਲਾਸ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਮੌਕੇ ਸਮੂਹ ਮੈਨੇਜਮੈਂਟ ਵੱਲੋਂ ਨੰਨ੍ਹੇ-ਮੁੰਨੇ ਬੱਚਿਆਂ ਨੂੰ ਮਾਂ ਦਿਵਸ ਦੀਆਂ ਵਧਾਈਆਂ ਦਿੱਤੀਆਂ ਗਈਆਂ ਤੇ ਉਨ੍ਹਾਂ ਨੂੰ ਆਪਣੇ ਮਾਪਿਆਂ ਦਾ ਆਦਰ ਤੇ ਸਤਿਕਾਰ ਕਰਨ ਦੀ ਪ੍ਰੇਰਣਾ ਦਿੱਤੀ। ਨੰਨ੍ਹੇ-ਮੁੰਨੇ ਬੱਚੇ ਇਨ੍ਹਾਂ ਗਤੀਵਿਧੀਆਂ ਨੂੰ ਕਰਦੇ ਹੋਏ ਬਹੁਤ ਹੀ ਖੁਸ਼ ਦਿਖਾਈ ਦੇ ਰਹੇ ਸਨ। ਇਸ ਮੌਕੇ ਸਮੂਹ ਮੈਨੇਜਮੈਂਟ ਕਮੇਟੀ ਮੈਂਬਰ ਹਾਜ਼ਰ ਸਨ ਤੇ ਉਨ੍ਹਾਂ ਬੱਚਿਆਂ ਨੂੰ ਇਸ ਦਿਵਸ ਦੀਆਂ ਵਧਾਈਆਂ ਵੀ ਦਿੱਤੀਆਂ।

# ਪ੍ਰਭਜੀਤ ਸਿੰਘ ਨੇ ਥਾਣਾ ਹਰੀਕੇ ਵਿਖੇ ਮੁੱਖ ਮੁਨਸ਼ੀ ਵਜੋਂ ਅਹੁਦਾ ਸੰਭਾਲਿਆ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਥਾਣਾ ਵਲਟੋਹਾ ਤੋਂ ਬਦਲ ਕੇ ਆਏ ਪ੍ਰਭਜੀਤ ਸਿੰਘ ਨੇ ਥਾਣਾ ਹਰੀਕੇ ਵਿਖੇ ਮੁਖ ਮੁਨਸ਼ੀ ਵਜੋਂ ਕਾਰਜਭਾਰ ਸੰਭਾਲ ਲਿਆ ਜਿਨ੍ਹਾਂ ਦਾ ਇਲਾਕੇ ਭਰ ਤੋਂ ਆਮ ਆਦਮੀ ਪਾਰਟੀ ਦੇ ਮੋਹਤਬਰਾਂ ਦੇ ਨਾਲ ਨਾਲ ਸਮਾਜਸੇਵੀ, ਸੰਘਰਸ਼ਸ਼ੀਲ ਅਤੇ ਇਨਸਾਫ ਪਸੰਦ ਲੋਕਾਂ ਨੇ ਭਰਵਾਂ ਸੁਆਗਤ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਪ੍ਰਭਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਗੁਰਮੀਤ ਸਿੰਘ ਚੌਹਾਨ ਦੀ ਕਲਪਨਾ ਦੇ ਮਿਆਰ ਤੇ ਖਰ੍ਹਾ ਉਤਰਦਿਆਂ ਨਸ਼ਾ ਮੁਕਤੀ ਮੁਹਿੰਮ ਨੂੰ ਅੱਗੇ ਵਧਾਉਣ ਦੇ ਨਾਲ ਨਾਲ ਇਨਸਾਫ ਦੇਣ ਦੀ ਪਾਰਦਰਸ਼ਤਾ ਕਾਇਮ ਰੱਖੀ ਜਾਵੇਗੀ। ਡੀਐਸਪੀ ਸਤਨਾਮ ਸਿੰਘ ਦੇ ਨਿਰਦੇਸ਼ਾਂ ਅਤੇ ਸਾਥੀ ਕਰਮਚਾਰੀਆਂ ਦੇ ਸਹਿਯੋਗ ਨਾਲ ਹਰੇਕ ਫਰਿਆਦੀ ਨੂੰ ਕਾਨੂੰਨ ਅਨੁਸਾਰ ਇਨਸਾਫ ਦੇ ਕੇ ਪੁਲਸ ਪਬਲਿਕ ਦੀ ਗੰਢ ਨੂੰ ਪੀਡਾ ਰੱਖਣਾ ਯਕੀਨੀ ਬਣਾਇਆ ਜਾਵੇਗਾ। ਦੱਸਣਯੋਗ ਹੈ ਕਿ ਖੁਫੀਆ ਸੂਤਰਾਂ 'ਤੇ ਮਜ਼ਬੂਤ ਪਕੜ, ਸਮਰਪਣ ਭਾਵਨਾ ਨਾਲ ਲਬਰੇਜ਼ ਪ੍ਰਭਜੀਤ ਸਿੰਘ ਇਸ ਤੋਂ ਪਹਿਲਾਂ ਦੀ ਮੱਧ 'ਤੇ ਮਿਸਾਲੀ ਸੇਵਾਵਾਂ ਦੇਣ ਬਦਲੇ ਸਰਹੱਦੀ ਖੇਤਰ ਦੇ ਲੋਕਾਂ 'ਚ ਸਤਿਕਾਰ ਦੇ ਪਾਤਰ ਬਣੇ ਰਹੇ। ਹਰੀਕੇ ਵਿਖੇ ਤਾਇਨਾਤੀ ਤੋਂ ਬਾਅਦ ਕਸਬੇ ਦੇ ਲੋਕਾਂ ਅਤੇ ਇਲਾਕਾ ਨਿਵਾਸੀਆਂ ਨੂੰ ਪ੍ਰਭਜੀਤ ਸਿੰਘ ਤੋਂ ਵੱਡੀਆਂ ਆਸਾਂ ਹਨ ਜੋ ਜੁਰਮ ਨੂੰ ਨੱਥ ਪਾਉਣ ਦੇ ਗਵਾਹ ਬਣਨ ਲਈ ਪ੍ਰਸ਼ਾਸ਼ਨ ਦਾ ਸਾਥ ਦੇਣ ਲਈ ਤੱਤਪਰ ਹਨ। ਮੁੱਖ ਮੁਨਸ਼ੀ ਨੂੰ ਜੀ ਆਇਆਂ ਕਹਿਣ ਵਾਲਿਆਂ ਵਿੱਚ ਥਾਣਾ ਮੁਖੀ ਸੁਨੀਤਾ ਰਾਣੀ, ਨਿਸ਼ਾਨ ਸਿੰਘ ਬੁੱਟਰ ਪ੍ਰਧਾਨ ਟਰੱਕ ਯੂਨੀਅਨ ਹਰੀਕੇ, ਰੋਸ਼ਨ ਲਾਲ ਪੁਰੀ, ਸੁਰਜਨ ਪੁਰੀ ਪ੍ਰਧਾਨ ਦਾਣਾ ਮੰਡੀ ਹਰੀਕੇ, ਗੁਲਸ਼ਨ ਮਲਹੋਤਰਾ, ਪ੍ਰਗਟ ਸਿੰਘ ਹਰੀਕੇ, ਸ਼ਿਵਮ ਪੁਰੀ, ਪਰਮਜੀਤ ਸਿੰਘ ਕਰੀਰ, ਅੰਗਰੇਜ਼ ਸਿੰਘ ਗਿੱਲ, ਸੁਖਵਿੰਦਰ ਸਿੰਘ ਸੰਧੂ, ਗਗਨਦੀਪ ਸਿੰਘ ਭਾਟੀਆ, ਡਾਕਟਰ ਜੋਗਾ ਸਿੰਘ ਵਿਰਕ, ਠੇਕੇਦਾਰ ਸ਼ਿਵ ਕੁਮਾਰ ਸ਼ਰਮਾ, ਸਮਾਜ ਸੇਵੀ ਬਲਬੀਰ ਸਿੰਘ ਸ਼ਾਹ, ਸਹਾਇਕ ਮੁਨਸ਼ੀ ਹਰਚਰਨਜੀਤ ਸਿੰਘ, ਪ੍ਰਗਟ ਸਿੰਘ ਸਰਹਾਲੀ, ਸੁਖਵੰਤ ਸਿੰਘ ਸਭਰਾ, ਜਰਮਨਜੀਤ ਸਿੰਘ, ਭੁਪਿੰਦਰ ਸਿੰਘ ਸੰਧੂ ਆਦਿ ਸ਼ਾਮਲ ਸਨ।

# ਟੈਕਨੀਕਲ ਸਟਾਫ ਦੀ ਘਾਟ ਕਾਰਨ ਥਰਮਲ ਪਲਾਂਟ ਦਾ ਉਤਪਾਦਨ ਪ੍ਰਭਾਵਤ ਹੋਣ ਦਾ ਖਦਸ਼ਾ



ਇੰਪਲਾਈਜ਼ ਫੈਡਰੇਸ਼ਨ (ਚਾਹਲ) ਥਰਮਲ ਪਲਾਂਟ ਲਹਿਰਾ ਮੁਹੱਬਤ ਦੀ ਮੀਟਿੰਗ ਵਿੱਚ ਸ਼ਾਮਲ ਜਥੇਬੰਦੀ ਦੇ ਪ੍ਰਧਾਨ ਬਲਜੀਤ ਸਿੰਘ ਬਰਾੜ ਤੇ ਹੋਰ।

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)**-ਇੰਪਲਾਈਜ਼ ਫੈਡਰੇਸ਼ਨ (ਚਾਹਲ) ਥਰਮਲ ਪਲਾਂਟ ਲਹਿਰਾ ਮੁਹੱਬਤ ਦੀ ਮੀਟਿੰਗ ਜਥੇਬੰਦੀ ਦੇ ਪ੍ਰਧਾਨ ਬਲਜੀਤ ਸਿੰਘ ਬਰਾੜ ਦੀ ਅਗਵਾਈ ਹੇਠ ਹੋਈ। ਇਸ ਦੌਰਾਨ ਥਰਮਲ ਲਹਿਰਾ ਮੁਹੱਬਤ ਵਿਖੇ ਟੈਕਨੀਕਲ ਸਟਾਫ ਦੀ ਭਾਰੀ ਘਾਟ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਪਾਵਰਕਾਮ ਦੀ ਉਸ ਸਮੇਂ ਦੀ ਮੈਨੇਜਮੈਂਟ ਵੱਲੋਂ ਕੇਡਰ ਭਾਗ ਪਟਿਆਲਾ ਦੇ ਦਫਤਰੀ ਹੁਕਮ ਨੰ: 721 ਮਿਤੀ 27-05-2021 ਰਾਹੀਂ ਥਰਮਲ ਲਹਿਰਾ ਦੀਆਂ ਕਰੀਬ 1100 ਨੰ: ਪੋਸਟਾ 'ਚੋਂ 274 ਨੰ: ਵੱਖ-ਵੱਖ ਟੈਕਨੀਕਲ ਪੋਸਟਾਂ ਨੂੰ ਖਤਮ ਕਰ ਦਿੱਤਾ ਗਿਆ, ਜਦਕਿ ਇੱਥੇ ਮਨਜ਼ੂਰਸ਼ੁਦਾ ਪੋਸਟਾਂ ਦੂਜੇ ਥਰਮਲਾਂ ਦੇ ਮੁਕਾਬਲੇ ਪਹਿਲਾਂ ਹੀ ਘੱਟ ਰਚਨਾ ਕੀਤੀ ਗਈ ਸੀ। ਹਰ ਮਹੀਨੇ ਅੱਠ ਤੋਂ ਦਸ ਮੁਲਾਜ਼ਮਾਂ ਦੀ ਰਿਟਾਇਰਮੈਂਟ ਹੋ ਰਹੀ ਹੈ ਤੇ ਪਿਛਲੇ 8 ਸਾਲ ਤੋਂ ਨਵੀਂ ਭਰਤੀ ਨਾ ਹੋਣ ਕਰਕੇ ਹੁਣ ਟੈਕਨੀਕਲ ਸਟਾਫ ਦੀਆਂ ਮਨਜ਼ੂਰਸ਼ੁਦਾ ਮੌਜੂਦਾ 600 ਨੰ: ਪੋਸਟਾਂ ਵਿੱਚੋਂ ਤਕਰੀਬਨ 250 ਨੰ: ਪੋਸਟਾਂ ਖਾਲੀ ਪਈਆਂ ਹਨ। ਤਾਇਨਾਤ ਕਰਮਚਾਰੀਆਂ ਨੂੰ 3-3 ਲੋਕੇਸ਼ਨਾਂ 'ਤੇ ਕੰਮ ਕਰਨਾ ਪੈ ਰਿਹਾ ਹੈ। ਘਰੇਲੂ ਕੰਮਾਂ ਲਈ ਛੁੱਟੀਆਂ ਵੀ ਨਹੀਂ ਮਿਲ ਰਹੀਆਂ ਤੇ ਅਧਿਕਾਰੀਆਂ ਨਾਲ ਤਕਰਾਰਬਾਜ਼ੀ ਵਧ ਰਹੀ ਹੈ। ਸਟਾਫ ਦੀ ਘਾਟ ਹੋਣ ਕਰਕੇ ਕਈ ਮਹੱਤਵਪੂਰਨ ਲੋਕੇਸ਼ਨਾਂ ਨੂੰ ਤਾਲੇ ਲਗਾਉਣੇ ਪੈ ਰਹੇ ਹਨ ਤੇ ਵੱਡੇ-ਵੱਡੇ ਹਾਦਸੇ ਹੋ ਰਹੇ ਹਨ, ਜਿਵੇਂ ਯੂਨਿਟ ਨੰ: 2 ਦਾ ਈ. ਐੱਸ. ਪੀ. ਦਾ ਸਮੁੱਚਾ ਢਾਂਚਾ ਡਿੱਗਣ ਕਰਕੇ ਵਿਭਾਗ ਦਾ ਲਗਭਗ 200 ਕਰੋੜ ਰੁਪਏ ਦਾ ਨੁਕਸਾਨ ਹੋ ਚੁੱਕਾ ਹੈ। ਹੁਣ ਅੱਗੇ ਗਰਮੀ ਦਾ ਮੌਸਮ ਤੇ ਪੈਡੀ ਸੀਜ਼ਨ ਦਾ ਸਮਾਂ ਆ ਗਿਆ। ਨਿਰਵਿਘਨ ਬਿਜਲੀ ਸਪਲਾਈ ਦੇਣ ਲਈ ਯੂਨਿਟਾਂ ਨੂੰ ਪੂਰੀ ਸਮਰੱਥਾ 'ਤੇ ਚਲਾਇਆ ਜਾਣਾ ਹੈ, ਪ੍ਰੰਤੂ ਟੈਕਨੀਕਲ ਸਟਾਫ ਦੀ ਘਾਟ ਹੋਣ ਕਰਕੇ ਉਤਪਾਦਨ ਪ੍ਰਭਾਵਿਤ ਹੋ ਸਕਦਾ ਹੈ। ਜਥੇਬੰਦੀ ਨੇ ਸਰਕਾਰ ਤੇ ਮੈਨੇਜਮੈਂਟ ਤੋਂ ਖਤਮ ਕੀਤੀਆਂ ਪੋਸਟਾਂ ਨੂੰ ਬਹਾਲ ਕਰਨ ਤੇ ਸਿੱਧੀ ਭਰਤੀ ਕੋਟੇ ਦੀਆਂ ਖਾਲੀ ਪਈਆਂ ਪੋਸਟਾਂ ਨੂੰ ਭਰਨ ਲਈ ਤੁਰੰਤ ਕਾਰਵਾਈ ਸ਼ੁਰੂ ਕਰਨ ਦੀ ਮੰਗ ਕੀਤੀ ਹੈ। ਮੀਟਿੰਗ ਵਿੱਚ ਲਖਵੰਤ ਸਿੰਘ ਬਾਂਡੀ, ਰਜਿੰਦਰ ਸਿੰਘ ਨਿੰਮਾ, ਰਘਬੀਰ ਸਿੰਘ ਸੈਣੀ, ਦਾਨਸ਼, ਰਜਿੰਦਰ ਬਹਾਦਰ, ਯਾਦਵਿੰਦਰ ਸਿੰਘ ਸਿੱਧੂ, ਦਮਨਜੀਤ ਸਿੰਘ, ਮਲਕੀਤ ਸਿੰਘ ਚੈਨਾ, ਗੁਰਲਾਲ ਸਿੰਘ, ਰਾਜ ਕੁਮਾਰ ਤੇ ਪ੍ਰੇਮ ਕੁਮਾਰ ਉੱਪਲ ਸ਼ਾਮਲ ਸਨ।

# ਸਪਾਰਕਲਿੰਗ ਸਕੂਲ ਦਾ ਬਾਰ੍ਹਵੀਂ ਦਾ ਨਤੀਜਾ ਸ਼ਾਨਦਾਰ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸਪਾਰਕਲਿੰਗ ਕਿਡਜ਼ ਫਾਊਂਡਸ਼ਨ ਸਕੂਲ ਪਾਤੜਾਂ ਨੇ ਸੀ ਬੀ ਐੱਸ ਈ ਵੱਲੋਂ ਬਾਰ੍ਹਵੀਂ ਜਮਾਤ ਦੇ ਐਲਾਨੇ ਨਤੀਜੇ ਵਿੱਚ ਸਕੂਲ ਦੇ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਨੇ ਸ਼ਾਨਦਾਰ ਉਪਲਬਧੀ ਹਾਸਲ ਕੀਤੀ ਹੈ। ਸਾਇੰਸ, ਕਾਮਰਸ ਤੇ ਆਰਟਸ ਤਿੰਨੋਂ ਗਰੁੱਪਾਂ 'ਚੋਂ 62 ਵਿਦਿਆਰਥੀਆਂ ਨੇ ਭਾਗ ਲਿਆ ਤੇ ਸਾਰੇ ਵਿਦਿਆਰਥੀਆਂ ਨੇ 100 ਫੀਸਦੀ ਸਫਲਤਾ ਹਾਸਲ ਕੀਤੀ। ਸਕੂਲੀ ਵਿਦਿਆਰਥੀਆਂ ਵੱਲੋਂ ਹਾਸਲ ਕੀਤੀ ਉਪਲਬਧੀ ਨੂੰ ਲੈ ਕੇ ਖੁਸ਼ੀ ਦਾ ਮਾਹੌਲ ਪਾਇਆ ਗਿਆ। ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਸ੍ਰੀਮਤੀ ਹਰਮਨਦੀਪ ਕੌਰ ਨੇ ਦੱਸਿਆ ਕਿ ਮਨਪ੍ਰੀਤ ਕੌਰ ਨੇ ਹਿਊਮੈਨਟੀਜ਼ ਗਰੁੱਪ ਵਿੱਚੋਂ 97.2 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ 'ਚੋਂ ਟਾਪ ਕੀਤਾ, ਜਦੋਂਕਿ ਪਲਕ ਨੇ ਕਾਮਰਸ ਗਰੁੱਪ ਵਿੱਚੋਂ 96.2 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ। ਵਿਦਿਆਰਥਣ ਪ੍ਰਾਚੀ ਨੇ ਹਿਊਮੈਨਟੀਜ਼ ਵਿੱਚੋਂ 95.8 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਉਨ੍ਹਾ ਕਿਹਾ ਕਿ ਵਿਦਿਆਰਥੀਆਂ ਦੀ ਅਣਥੱਕ ਮਿਹਨਤ ਤੇ ਤਜਰਬੇਕਾਰ ਸਟਾਫ ਵੱਲੋਂ ਸਕੂਲ ਦੇ ਸੰਸਥਾਪਕ ਸਵਰਗੀ ਗੁਰਸਿਮਰਨ ਸਿੰਘ ਹਰੀਕਾ ਦੀ ਅਗਵਾਈ ਹੇਠ ਦਿੱਤੀ ਗਈ ਸਿੱਖਿਆ ਸਦਕਾ ਹੀ ਇਹ ਸ਼ਾਨਦਾਰ ਨਤੀਜੇ ਸਾਹਮਣੇ ਆਏ ਹਨ। ਸਕੂਲ ਦੀ ਚੇਅਰਪਰਸਨ ਗੁਰਮੀਤ ਕੌਰ ਨੇ ਸ਼ਾਨਦਾਰ ਨਤੀਜੇ ਲਈ ਸਕੂਲ ਦੇ ਸਟਾਫ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਨਿਸ਼ਾਨ ਅਕੈਡਮੀ ਦਾ ਬਾਰ੍ਹਵੀਂ ਜਮਾਤ ਦਾ ਨਤੀਜਾ ਸ਼ਾਨਦਾਰ



ਨਿਸ਼ਾਨ ਅਕੈਡਮੀ ਔਲਖ ਦੇ ਨਤੀਜਿਆਂ 'ਚ ਅੱਵਲ ਆਉਣ ਵਾਲੇ ਵਿਦਿਆਰਥੀ।

**ਮਲੋਟ, (ਗੁਰਮੀਤ ਸਿੰਘ ਮੱਕੜ)** : 2022-2023 ਦੇ ਸੀ.ਬੀ.ਐੱਸ.ਈ. ਵੱਲੋਂ ਐਲਾਨੇ ਗਏ ਬਾਰ੍ਹਵੀਂ ਦੇ ਨਤੀਜੇ ਵਿੱਚ ਨਿਸ਼ਾਨ ਅਕੈਡਮੀ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਨਤੀਜਾ ਹਾਸਲ ਕੀਤਾ ਹੈ। ਨਿਸ਼ਾਨ ਅਕੈਡਮੀ ਦੇ ਡਾਇਰੈਕਟਰ ਸ੍ਰ. ਇਕਓਂਕਾਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਕੈਡਮੀ ਦੇ ਹਰ ਸਟਰੀਮ ਮੈਡੀਕਲ, ਨਾਨ-ਮੈਡੀਕਲ, ਕਾਮਰਸ ਤੇ ਆਰਟਸ ਦੇ ਸਾਰੇ ਵਿਦਿਆਰਥੀਆਂ ਨੇ ਬਹੁਤ ਵਧੀਆ ਅੰਕ ਪ੍ਰਾਪਤ ਕੀਤੇ ਹਨ। ਉਨ੍ਹਾ ਦੱਸਿਆ ਕਿ ਅਕੈਡਮੀ ਦੇ ਅਧਿਆਪਕਾਂ ਦੀ ਸਖ਼ਤ ਮਿਹਨਤ ਦਾ ਸਦਕਾ ਹੀ ਇਹ ਸਫ਼ਲਤਾਵਾਂ ਪ੍ਰਾਪਤ ਕੀਤੀਆਂ ਜਾ ਰਹੀਆਂ ਹਨ। ਜਾਣਕਾਰੀ ਅਨੁਸਾਰ ਮੈਡੀਕਲ ਵਿੱਚੋਂ ਸਹਿਜਪ੍ਰੀਤ ਕੌਰ ਨੇ 92 ਫੀਸਦੀ ਅੰਕ ਲੈ ਕੇ ਪਹਿਲਾ, ਨਵਨੀਤ ਕੌਰ ਨੇ 90 ਫੀਸਦੀ ਅੰਕ ਲੈ ਕੇ ਦੂਜਾ, ਗੁਰਲੀਨ ਕੌਰ ਨੇ 89 ਫੀਸਦੀ ਲੈ ਕੇ ਤੀਜਾ ਸਥਾਨ ਹਾਸਲ ਕੀਤਾ।ਨਾਨ-ਮੈਡੀਕਲ ਦੇ ਵਿਸ਼ਿਆਂ ਵਿੱਚੋਂ ਕਿਰਨਦੀਪ ਕੌਰ ਨੇ 84 ਫੀਸਦੀ ਅੰਕ ਲੈ ਕੇ ਪਹਿਲਾ ਸਥਾਨ, ਸੁਖਮਨ ਕੌਰ ਨੇ 83 ਫੀਸਦੀ ਅੰਕ ਲੈ ਕੇ ਦੂਜਾ ਸਥਾਨ, ਲਵਪ੍ਰੀਤ ਕੌਰ ਨੇ 81 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ ਹੈ। ਕਾਮਰਸ ਦੇ ਵਿਸ਼ਿਆਂ ਵਿੱਚੋਂ ਸੁਖਮਨ ਦੀਪ ਕੌਰ ਨੇ 92 ਫੀਸਦੀ ਅੰਕ ਲੈ ਕੇ ਪਹਿਲਾ, ਕੋਮਲਜੀਤ ਕੌਰ ਨੇ 91 ਫੀਸਦੀ ਅੰਕ ਲੈ ਕੇ ਦੂਜਾ, ਹਰਤਾਜ ਸਿੰਘ ਨੇ 88 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ।

ਆਰਟਸ ਦੇ ਵਿਸ਼ਿਆਂ ਵਿੱਚੋਂ ਕਰਮਵੀਰ ਕੌਰ ਨੇ 92 ਫੀਸਦੀ ਅੰਕ ਲੈ ਕੇ ਪਹਿਲਾ, ਜੈਸਮੀਨ ਕੌਰ ਨੇ 89 ਫੀਸਦੀ ਅੰਕ ਲੈ ਕੇ ਦੂਜਾ, ਜਸਮੀਤ ਕੌਰ ਨੇ 88 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ।

ਇਨ੍ਹਾਂ ਸਾਰੇ ਵਿਦਿਆਰਥੀਆਂ ਦੇ ਚੰਗੇ ਨਤੀਜੇ 'ਤੇ ਅਕੈਡਮੀ ਦੇ ਚੇਅਰਮੈਨ ਕਸ਼ਮੀਰ ਸਿੰਘ, ਡਾਇਰੈਕਟਰ ਇਕਓਂਕਾਰ ਸਿੰਘ, ਪ੍ਰਿੰ. ਮੈਡਮ ਹਰਪ੍ਰੀਤ ਕੌਰ ਤੇ ਵਾਇਸ ਪ੍ਰਿੰਸੀਪਲ ਮੈਡਮ ਵੀਰਪਾਲ ਕੌਰ ਨੇ ਸਾਰੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਨਾਲ ਹੀ ਜ਼ਿੰਦਗੀ ਦੀਆਂ ਹੋਰ ਸਫ਼ਲਤਾਵਾਂ ਪ੍ਰਾਪਤ ਕਰਨ ਲਈ ਪ੍ਰਮਾਤਮਾ ਅੱਗੇ ਕਾਮਨਾ ਕੀਤੀ।

# ਆਤਮਾ ਰਾਮ ਮੈਮੋਰੀਅਲ ਕਾਨਵੈਂਟ ਸਕੂਲ ਦਾ ਨਤੀਜਾ ਸ਼ਾਨਦਾਰ

**ਬਰੇਟਾ (ਗੀਤਵਾਲ)**-ਸੀ ਬੀ ਐੱਸ ਈ ਵੱਲੋਂ ਐਲਾਨੇ ਗਏ ਬਾਰ੍ਹਵੀਂ ਤੇ ਦਸਵੀਂ ਦੇ ਨਤੀਜੇ ਵਿੱਚ ਆਤਮਾ ਰਾਮ ਮੈਮੋਰੀਅਲ ਸਕੂਲ ਬਰੇਟਾ ਦਾ ਨਤੀਜਾ ਸੌ ਫੀਸਦੀ ਰਿਹਾ, ਜਿਸ ਵਿੱਚ ਸਾਰੇ ਸਟਰੀਮਸ ਦੇ ਵਿਦਿਆਰਥੀਆਂ ਨੇ ਬਹੁਤ ਚੰਗਾ ਪ੍ਰਦਰਸ਼ਨ ਕੀਤਾ ਹੈ। ਮੈਡੀਕਲ ਦੀ ਵਿਦਿਆਰਥਣ ਪਲਕ ਨੇ 93 ਪ੍ਰਤੀਸ਼ਤ ਅੰਕ ਲੈ ਕੇ ਪਹਿਲਾ, ਸੀਰਤ ਨੇ 92.4 ਪ੍ਰਤੀਸ਼ਤ ਅੰਕ ਲੈ ਕੇ ਦੂਜਾ ਤੇ ਹਰਸ਼ ਨੇ 88.6% ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ। ਕਾਮਰਸ ਦੀ ਵਿਦਿਆਰਥਣ ਅਰਸ਼ਦੀਪ ਕੌਰ ਨੇ 84.2 ਪ੍ਰਤੀਸ਼ਤ ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਮੈਡੀਕਲ ਦੇ ਵਿਦਿਆਰਥੀ ਤੁਸ਼ਾਰ ਨੇ 88% ਅੰਕ ਲੈ ਕੇ ਪਹਿਲਾ, ਪਵਨੀਤ ਸਿੰਘ ਨੇ 83.8 ਪ੍ਰਤੀਸ਼ਤ ਅੰਕ ਲੈ ਕੇ ਦੂਜਾ ਤੇ ਰਣਦੀਪ ਸਿੰਘ ਨੇ 80.4 ਪ੍ਰਤੀਸ਼ਤ ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ। ਆਰਟਸ ਦੇ ਵਿਦਿਆਰਥੀ ਆਸ਼ੂਤੋਸ਼ ਨੇ 83.6 ਪ੍ਰਤੀਸ਼ਤ ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਦਸਵੀਂ ਦੇ ਵਿਦਿਆਰਥੀਆਂ ਵਿੱਚੋਂ ਵਿਸ਼ਾਲੀ ਨੇ 92.2 ਪ੍ਰਤੀਸ਼ਤ ਅੰਕ ਲੈ ਕੇ ਪਹਿਲਾ, ਕ੍ਰਿਸ਼ਮਾ ਨੇ 92 ਪ੍ਰਤੀਸ਼ਤ ਅੰਕ ਲੈ ਕੇ ਦੂਜਾ ਤੇ ਰਾਜੀਵ ਨੇ 91 ਪ੍ਰਤੀਸ਼ਤ ਲੈ ਕੇ ਤੀਜਾ ਸਥਾਨ ਹਾਸਲ ਕੀਤਾ। ਸਕੂਲ ਦੇ ਪ੍ਰਿੰਸੀਪਲ ਵਿਜੇ ਕੁਮਾਰ ਤੇ ਚੇਅਰਮੈਨ ਸੈਰਿਕ ਗਰਗ ਨੇ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ

# ਸੀ ਬੀ ਐੱਸ ਈ ਦਸਵੀਂ ਦੇ ਨਤੀਜੇ 'ਚ ਪੀ ਪੀ ਐੱਸ ਦੇ ਬੱਚੇ ਅੱਵਲ



**ਭੀਖੀ, (ਧਰਮਵੀਰ ਸ਼ਰਮਾ)**-ਸੀ.ਬੀ.ਐੱਸ.ਈ. ਦਿੱਲੀ ਵੱਲੋਂ ਦਸਵੀਂ ਜਮਾਤ ਦੇ ਐਲਾਨੇ ਨਤੀਜੇ ਵਿੱਚ ਪੈਰਾਮਾਊਂਟ ਪਬਲਿਕ ਸਕੂਲ ਚੀਮਾਂ ਦੇ ਬੱਚਿਆਂ ਦਾ ਪਾਸ ਪ੍ਰਤੀਸ਼ਤ 100 ਫੀਸਦੀ ਰਿਹਾ, ਜਿਸ ਵਿੱਚ ਰਾਸ਼ੀ ਨੇ (97.2%) ਅੰਕ ਪ੍ਰਾਪਤ ਕੀਤੇ।

ਇਸ ਤੋਂ ਇਲਾਵਾ ਪਾਰਸ ਗਰਗ (96.4%), ਸਹਿਜਪ੍ਰੀਤ ਸਿੰਘ (96%), ਜਯੰਤ ਕੁਮਾਰ (95.2%), ਅਵਨੀਤ ਕੌਰ (95%), ਅਨੁਪਮਵਿੰਦਰ ਸਿੰਘ (94.8%), ਹਸ਼ਮੀਤ ਸਿੰਘ (94.2%), ਹਰਸਿਮਰਨ ਕੌਰ (93%), ਸੁਜਾਲ ਗੋਇਲ (92.8%), ਗੁਨਿਤ ਕੌਰ (92.4%), ਜਸਕਰਨ ਕੌਰ (89.8%), ਸਹਿਜਦੀਪ ਸਿੰਘ ਨੇ (89.2%), ਨਵਜੋਤ ਕੌਰ (88.4%), ਸੁਹਾਨੀ ਚੌਪੜਾ (88.4%), ਹਰਸ਼ਪ੍ਰੀਤ ਕੌਰ (86.8%), ਮਹਿਕਦੀਪ ਸਿੰਘ (86.2%), ਖੁਸ਼ਪ੍ਰੀਤ ਕੌਰ (85.6%), ਹਰਲੀਨ ਕੌਰ (85.4%), ਹਰਲੀਨ ਸਿੰਘ ਜਵੰਧਾ (85.2%), ਕਵਲਜੀਤ ਸਿੰਘ (83.4%), ਭਵਿਤ ਬਾਂਸਲ (82.6%), ਪ੍ਰਭਮਨ ਸਿੰਘ ਸਰਵਾਰਾ (82.6%), ਰਿਤੇਸ਼ ਬਾਂਸਲ (82.2%), ਜਸ਼ਨਪ੍ਰੀਤ ਕੌਰ (82%), ਜਸਮੀਨ ਕੌਰ (81.8%), ਨਿਖਿਲ ਗਰਗ (81.6%), ਖੁਸ਼ਵਿੰਦਰਪਾਲ ਸ਼ਰਮਾ (81.2%), ਜਸਕਰਨ ਸਿੰਘ (80.8%), ਧਰੁਵ ਆਰਿਆ (80.2%) ਤੇ ਸੁਖਜਿੰਦਰ ਸਿੰਘ (80.2%) ਅੰਕ ਪ੍ਰਾਪਤ ਕਰਕੇ ਸਕੂਲ, ਇਲਾਕੇ ਏਤੇ ਆਪਣੇ ਮਾਤਾ-ਪਿਤਾ ਦਾ ਨਾਮ ਰੋਸ਼ਨ ਕੀਤਾ। ਨਤੀਜਾ ਘੋਸ਼ਤ ਹੋਣ 'ਤੇ ਸਾਰੇ ਬੱਚਿਆਂ, ਮਾਪਿਆਂ ਤੇ ਅਧਿਆਪਕਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਗਈ। ਸਕੂਲ ਦੇ ਐੱਮ.ਡੀ. ਜਸਵੀਰ ਸਿੰਘ ਚੀਮਾਂ ਨੇ ਬੱਚਿਆਂ ਨੂੰ ਚੰਗੇ ਨਤੀਜੇ ਲਈ ਵਧਾਈ ਦਿੱਤੀ ਤੇ ਸ਼ੁਭ-ਕਾਮਨਾਵਾਂ ਦਿੱਤੀਆਂ।

ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸੰਜੇ ਕੁਮਾਰ, ਮੈਡਮ ਕਿਰਨਪਾਲ ਕੌਰ ਤੇ ਸਮੂਹ ਸਟਾਫ ਹਾਜ਼ਰ ਸੀ।

# ਦਸਵੀਂ ਤੇ ਬਾਰ੍ਹਵੀਂ ਦੇ ਨਤੀਜੇ 'ਚ ਨਨਕਾਣਾ ਸਾਹਿਬ ਪਬਲਿਕ ਸਕੂਲ ਦੇ ਵਿਦਿਆਰਥੀਆਂ ਮਾਰੀਆਂ ਮੱਲਾਂ



**ਸਮਰਾਲਾ (ਸੁਰਜੀਤ ਸਿੰਘ)**-ਸੀ.ਬੀ.ਐੱਸ.ਈ. ਵੱਲੋਂ ਐਲਾਨੇ ਗਏ ਦਸਵੀਂ ਤੇ ਬਾਰ੍ਹਵੀਂ ਦੇ ਨਤੀਜਿਆਂ ਵਿੱਚੋਂ ਨਨਕਾਣਾ ਸਾਹਿਬ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਵਧੀਆ ਨੰਬਰ ਲੈ ਕੇ ਮੱਲਾਂ ਮਾਰੀਆਂ ਹਨ। ਮੈਡੀਕਲ ਸਟ੍ਰੀਮ ਵਿੱਚੋਂ ਗੁਰਲੀਨ ਕੌਰ ਮਾਂਗਟ ਨੇ ਪਹਿਲਾ, ਕਿਰਨਦੀਪ ਕੌਰ ਨੇ ਦੂਸਰਾ ਤੇ ਪ੍ਰਭਜੋਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਨਾਨ-ਮੈਡੀਕਲ ਸਟ੍ਰੀਮ 'ਚੋਂ ਸਨੇਹਾ ਡੱਲਾ ਨੇ ਪਹਿਲਾ, ਪੀਹੂ ਮੌਰਿਆ ਨੇ ਦੂਸਰਾ ਤੇ ਨਵਜੋਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

ਕਾਮਰਸ ਸਟ੍ਰੀਮ 'ਚੋਂ ਅਜੇਪਾਲ ਸਿੰਘ ਨੇ ਪਹਿਲਾ, ਗੁਰਕੋਮਲ ਕੌਰ ਨੇ ਦੂਸਰਾ ਤੇ ਏਕਮਪ੍ਰੀਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਆਰਟਸ ਸਟ੍ਰੀਮ ਵਿੱਚੋਂ ਸੁਰਭੀ ਨੇ ਪਹਿਲਾ, ਜੈਸਮੀਨ ਕੌਰ ਨੇ ਦੂਸਰਾ ਤੇ ਹਰਮਨਪ੍ਰੀਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

ਇਸ ਤੋਂ ਇਲਾਵਾ ਦਸਵੀਂ ਜਮਾਤ 'ਚੋਂ ਅਰਮਾਨਦੀਪ ਸਿੰਘ ਗਿੱਲ ਨੇ ਪਹਿਲਾ, ਹਰਸਿਮਰਤ ਕੌਰ ਨੇ ਦੂਸਰਾ ਤੇ ਪ੍ਰਿਯਾਂਸ਼ੀ ਮਿਗਲਾਨੀ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਸਕੂਲ ਤੇ ਆਪਣੇ ਮਾਤਾ-ਪਿਤਾ ਦਾ ਨਾਂਅ ਰੌਸ਼ਨ ਕੀਤਾ। ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਤੇ ਪ੍ਰਿੰਸੀਪਲ ਮਾਲਇੰਦਰ ਸਿੰਘ ਨੇ ਸਾਰੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਇਸ ਸਫ਼ਲਤਾ 'ਤੇ ਵਧਾਈ ਦਿੱਤੀ।


## ਜਨਤਕ ਨੋਟਿਸ

ਮੈਂ, ਹਰਪ੍ਰੀਤ ਕੌਰ ਪਤਨੀ ਗੁਰਪ੍ਰੀਤ ਸਿੰਘ ਮਾਰਫਤ ਬੇਦੀ ਇੰਟਰਪ੍ਰਾਈਜ਼ਜ਼ ਰੇਖੀ ਸਿਨੇਮਾ ਚੌਕ ਲੁਧਿਆਣਾ ਵੱਲੋਂ ਸੂਚਿਤ ਕੀਤਾ ਜਾਂਦਾ ਹੈ ਕਿ ਇੱਕ ਰਜਿਸਟਰੀ, ਜਿਸ ਦਾ ਵਸੀਕਾ ਨੰ. 13338 ਮਿਤੀ 4.2.2011 ਹੈ, ਕਿਧਰੇ ਗੁੰਮ ਹੋ ਗਈ ਹੈ, ਜੋ ਅਜੇ ਤੱਕ ਮਿਲ ਨਹੀਂ ਸਕੀ। ਜੇਕਰ ਕਿਸੇ ਨੂੰ ਮਿਲੇ ਤਾਂ ਕਿਰਪਾ ਕਰਕੇ ਮੋਬਾਇਲ ਨੰ. 98550-49313 'ਤੇ ਸੰਪਰਕ ਕਰੋ।

**Aakarshan College of Education**
**National Highway, Narot Jaimal Singh, District Pathankot.**
**(Mobile : 91494-59532)**

Invites online applications for the post of Assistant Professor on regular basis. (aakarshancollege@yahoo.co.in) Qualification and Grade as per UGC/NCTE/Punjab Govt./GNDU norms. Reservation Policy will be as per Punjab Govt. rules. Candidates must submit online application within 15 days from the date of publication of advertisement. Candidates must fill up the Score Card Proforma (as per Annexure-IV) available in CDC Portal on University Website (www.gndu.ac.in) and submit it alongwith the application.

**Aakarshan College of Education**
**National Highway, Narot Jaimal Singh, District Pathankot.**
**(Mobile : 91494-59532)**

Invites online applications for the post of Principal on regular basis. (aakarshancollege@yahoo.co.in) Qualification and Grade as per UGC/NCTE/Punjab Govt./GNDU norms. Reservation Policy will be as per Punjab Govt. Rules. Candidates must submit online application within 15 days from the date of publication of advertisement. A copy of the application alongwith a demand draft of Rs. 1180/- (non-refundable) in favour of Registrar, Guru Nanak Dev University, Amritsar may also be sent to Dean, CDC, Guru Nanak Dev University, Amritsar within stipulated time through Registered Post. Candidate must send the required documents alongwith the application as per the list available for Unaided Colleges in the CDC Portal on University website (www.gndu.ac.in). Incomplete application (without the required documents) 'or' the application received after due date will not be entertained.

## Public Notice

I, Raghav Dhiman S/o Lalit Kumar R/o SCF 2/3, AKS Colony, Shivalik Vihar Gate-1,Zirakpur, SAS Nagar ( Mohali), Punjab-140603. Declare that Name of My Father and My Mother has been wrongly written as Lalit Dhiman and Tarun Dhiman in my 10th Class Certificate. The actual name of My Father and My Mother are Lalit Kumar and Tara Rani, which may be amended accordingly.

I, Hanish Kumar S/o Ashok Kumar R/o Dera Baba Nanak, Tehsil Dera Baba Nanak, Distt. Gurdsapur declare that my daughter Arshiya is studying in Nineth Class in Saint Francis Convent School, Dera Baba Nanak. In School Record my daughters name is recorded as Arshia (wrong name) whereas her name according in Birth Certificate and Aadhar Card is Arshiya (Correct Name). Her name to be recorded as Arshiya in School Record.

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀ ਰਾਜਪ੍ਰਿਤਪਾਲ ਸਿੰਘ ਝਾਵਰ ਨਾਇਬ ਤਹਿਸੀਲਦਾਰ ਅਜਨਾਲਾ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ।

ਹਰਭਿੰਦਰ ਸਿੰਘ ਬਨਾਮ-ਜਨਰਲ ਪਬਲਿਕ

ਵਿਸ਼ਾ-ਮਾਲ ਰਿਕਾਰਡ ਵਿੱਚ ਪਿਤਾ ਦੇ ਨਾਂਅ ਦੀ ਦਰੁਸਤੀ ਕਰਾਉਣ ਸੰਬੰਧੀ।

ਉਪਰੋਕਤ ਵਿਸ਼ੇ ਸੰਬੰਧੀ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਅਦਾਲਤ ਨੂੰ ਸ੍ਰੀ ਹਰਿੰਦਰਬੀਰ ਸਿੰਘ ਪੁੱਤਰ ਹਰਭਿੰਦਰ ਸਿੰਘ ਵਾਸੀ ਪਿੰਡ ਨਾਨੋਕੇ, ਤਹਿ: ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸ ਦੀ ਮਾਲਕੀ ਜ਼ਮੀਨ ਵਾਕਿਆ ਰਕਬਾ ਪਿੰਡ ਬੱਲ ਲੱਭੇ ਦਰਿਆ, ਤਹਿ: ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੈ, ਜਿਸ ਦੇ ਖੇਵਟ/ਖਤੌਨੀ ਨੰਬਰ 417/830 ਅਤੇ 831 ਜਮਾਂਬੰਦੀ ਸਾਲ 2020-2021 ਵਿੱਚ ਦੋ ਵੱਖ-ਵੱਖ ਨਾਂਅ ਦਰਜ ਹਨ। ਖਤੌਨੀ ਨੰਬਰ 830 ਵਿੱਚ ਹਰਭਿੰਦਰ ਸਿੰਘ ਪੁੱਤਰ ਗਿਆਨ ਸਿੰਘ ਪੁੱਤਰ ਕਰਮ ਸਿੰਘ ਅਤੇ ਖਤੌਨੀ ਨੰ: 831 ਵਿੱਚ ਭੁਪਿੰਦਰ ਸਿੰਘ ਪੁੱਤਰ ਗਿਆਨ ਸਿੰਘ ਪੁੱਤਰ ਕਰਮ ਸਿੰਘ ਦਰਜ ਹੈ। ਜਦ ਕਿ ਉਸ ਦੇ ਪਿਤਾ ਦੇ ਸਾਰੇ ਪਰੂਫਾਂ 'ਤੇ ਉਸ ਦਾ ਨਾਂਅ ਹਰਭਿੰਦਰ ਸਿੰਘ ਚਲਦਾ ਹੈ, ਜੋ ਕਿ ਬਿਲਕੁੱਲ ਸਹੀ ਹੈ। ਦਰਖਾਸਤ ਕਰਤਾ ਨੇ ਬੇਨਤੀ ਕੀਤੀ ਹੈ ਕਿ ਉਸ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ ਅਤੇ ਮਾਲ ਰਿਕਾਰਡ ਵਿੱਚ ਉਸ ਦੇ ਪਿਤਾ ਦਾ ਨਾਂਅ ਭੁਪਿੰਦਰ ਸਿੰਘ ਪੁੱਤਰ ਗਿਆਨ ਸਿੰਘ ਪੁੱਤਰ ਕਰਮ ਸਿੰਘ ਤੋਂ ਬਦਲ ਕੇ ਸਹੀ ਨਾਂਅ ਹਰਭਿੰਦਰ ਸਿੰਘ ਪੁੱਤਰ ਗਿਆਨ ਸਿੰਘ ਪੁੱਤਰ ਕਰਮ ਸਿੰਘ ਦਰੁੱਸਤ ਕੀਤਾ ਜਾਵੇ। ਜੇਕਰ ਕਿਸੇ ਵੀ ਵਿਅਕਤੀ ਨੂੰ ਇਸ ਨਾਂਅ ਦੀ ਤਬਦੀਲੀ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਕਿਸੇ ਵੀ ਕੰਮ ਵਾਲੇ ਦਿਨ 10 ਦਿਨਾਂ ਦੇ ਅੰਦਰ-ਅੰਦਰ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਆਪਣਾ ਉਜ਼ਰ/ਇਤਰਾਜ਼ ਪੇਸ਼ ਕਰ ਸਕਦਾ ਹੈ। ਬਾਅਦ ਗੁਜਰਨੇ ਮਿਆਦ ਕੋਈ ਉਜਰ ਨਹੀਂ ਸੁਣਿਆ ਜਾਵੇਗਾ ਅਤੇ ਦਰਖਾਸਤਕਰਤਾ ਦੀ ਦਰਖਾਸਤ ਮੁਤਾਬਕ ਮਾਲ ਰਿਕਾਰਡ ਵਿੱਚ ਦਰੁੱਸਤੀ ਕਰ ਦਿੱਤੀ ਜਾਵੇਗੀ।

ਇਹ ਇਸ਼ਇਜਤਹਾਰ ਅੱਜ ਮਿਤੀ 9.5.2023 ਨੂੰ ਮੇਰੇ ਦਸਤਖਤਾਂ ਹੇਠ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ ਹੈ।

ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ
ਦਰਜਾ ਪਹਿਲਾ, ਅਜਨਾਲਾ
ਨੰਬਰ ਰੀਡਰ/ਐਨ ਟੀ/13/ਮਿਤੀ : 9.5.2023






## ਬੇਦਖਲੀ ਨੋਟਿਸ

ਮੈਂ, ਬਲਜੀਤ ਕੁਮਾਰ ਪੁੱਤਰ ਕਰਤਾਰ ਚੰਦ ਵਾਸੀ ਪਿੰਡ ਕਾਹਲਵਾਂ, ਜ਼ਿਲ੍ਹਾ ਜਲੰਧਰ ਦਾ ਹੇਠ ਲਿਖੇ ਅਨੁਸਾਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਨੀਲ ਕੁਮਾਰ, ਜੋ ਕਿ ਮੇਰੇ ਕਹਿਣੇ ਤੇ ਕੰਟਰੋਲ ਵਿੱਚ ਨਹੀਂ ਹੈ। ਮੇਰੀ ਤੇ ਮੇਰੇ ਪਰਵਾਰ ਦੀ ਇੱਜ਼ਤ-ਮਾਣ ਨਹੀਂ ਕਰਦਾ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਵੀ ਇਸ ਨਾਲ ਕਿਸੇ ਕਿਸਮ ਦਾ ਲੈਣ-ਦੇਣ ਜਾਂ ਸੰਬੰਧ ਰੱਖੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਇਸ ਵਿੱਚ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। (ਅਰਪਿਤ)

ਮੈਂ ਜਸਪਾਲ ਸਿੰਘ ਪੁੱਤਰ ਜੋਤ ਸਿੰਘ ਵਾਸੀ 138-ਸੀ, ਮਾਡਲ ਟਾਊਨ, ਫਗਵਾੜਾ, ਜ਼ਿਲ੍ਹਾ ਕਪੂਰਥਲਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਇਕਜੋਤ ਸਿੰਘ ਅਤੇ ਮੇਰੀ ਨੂੰਹ ਹਰਸੀਨ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਸਾਰੇ ਪਰਿਵਾਰ ਨੂੰ ਤੰਗ ਪਰੇਸ਼ਾਨ ਕਰਦੇ ਹਨ ਇਸ ਲਈ ਮੈਂ ਆਪਣੇ ਲੜਕੇ ਅਤੇ ਆਪਣੀ ਨੂੰਹ ਵਾ ਇਨ੍ਹਾਂ ਦੇ ਪਰਿਵਾਰ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (kamal rai)

ਮੈਂ, ਜਸਵਿੰਦਰ ਸਿੰਘ ਪੁੱਤਰ ਰਤਨ ਲਾਲ, ਵਾਸੀ ਧਾਰੀਵਾਲ ਦੋਨਾਂ ਕਲੋਨੀ, ਮਨਸੂਰਵਾਲ, ਜ਼ਿਲ੍ਹਾ ਕਪੂਰਥਲਾ-144601, ਪੰਜਾਬ, ਦਾ ਰਹਿਣ ਵਾਲਾ ਹਾਂ। ਇਹ ਕਿ ਮੇਰਾ ਲੜਕਾ ਸਾਗਰ ਥਾਪਰ ਅਤੇ ਉਸਦੀ ਪਤਨੀ ਅੰਜਲੀ, ਜੋ ਕਿ ਮੇਰੇ ਕਹਿਣੇਕਾਰ ਤੋਂ ਬਾਹਰ ਹਨ ਅਤੇ ਆਪਣੀ ਮਰਜ਼ੀ ਨਾਲ ਸਾਰੇ ਫੈਸਲੇ ਲੈ ਰਹੇ ਹਨ, ਜਿਸ ਕਰਕੇ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ ਅੱਜ ਤੋਂ ਬਾਅਦ ਇਨ੍ਹਾਂ ਦੋਵਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਵਿੱਚ ਮੇਰੀ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ

ਮੈਂ, ਜਸਵਿੰਦਰ ਸਿੰਘ ਪੁੱਤਰ ਰਤਨ ਲਾਲ, ਵਾਸੀ ਧਾਰੀਵਾਲ ਦੋਨਾਂ ਕਲੋਨੀ, ਮਨਸੂਰਵਾਲ, ਜ਼ਿਲ੍ਹਾ ਕਪੂਰਥਲਾ-144601, ਪੰਜਾਬ, ਦਾ ਰਹਿਣ ਵਾਲਾ ਹਾਂ। ਇਹ ਕਿ ਮੇਰਾ ਲੜਕਾ ਵਿਸ਼ਾਲ ਥਾਪਰ, ਜੋ ਕਿ ਮੇਰੇ ਕਹਿਣੇਕਾਰ ਤੋਂ ਬਾਹਰ ਹੈ ਅਤੇ ਆਪਣੀ ਮਰਜ਼ੀ ਨਾਲ ਸਾਰੇ ਫੈਸਲੇ ਲੈ ਰਿਹਾ ਹੈ, ਜਿਸ ਕਰਕੇ ਮੈਂ ਇਸਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਅੱਜ ਤੋਂ ਬਾਅਦ ਮੇਰੇ ਉਕਤ ਲੜਕੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਵਿੱਚ ਮੇਰੀ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ।

## Change of Name

I hitherto Known as, MANPREET KAUR SANDHU W/O RANJIT SINGH Residing at: H.NO.B1/149 NAV NIRMAN JANTA COLONY MAQSUDAN JALANDHAR 144008 PUNJAB, INDIA. Have changed my name and shall hereafter be known as MANPREET KAUR . (Arpit)

I, hitherto known as Heera Masih S/O Raju Masih residing at House No. 143, VPO Kala Afghana, Tehsil Batala, Distt. Gurdaspur - 143513, Punjab, India have changed my name and shall hereafter be known as Rajveer Rana Malik. (Arpit)

I, hitherto known as Suman Kanta W/O Bimal Kumar residing at H.No. 135/11, Central Town, Distt. Jalandhar - 144001, Punjab, India have changed my name and shall hereafter be known as Suman. (Arpit)

I Neha d/o Chander Parkash r/o VPO Madhopur, Tehsil Phagwara, Distt. Kapurthala have changed my name from Neha to Neha Kaur. All concerned note.

I, Gurpreet Singh s/o Updesh Singh r/o VPO. Nadala, Tehsil Bholath, Distt. Kapurthala, Punjab-144624 have changed the name of my minor daughter Harnoor Walia to Harnoor Kaur. All Please Note.

I, Harwant Kaur d/o Gurmail Singh w/o Daljeet Singh r/o VPO.Urapar, SBS Nagar, Punjab-144422 have changed my name to Halwant Kaur. All Please Note.

I, Neeraj Kumar Kakkar s/o Rakesh Kumar R/o Flat No. 1202, Block-N, 66 Feet Road, Jalandhar Heights-2, Pholriwala, Jalandhar-144022, Punjab have changed my name to Neeraj Kakkar. All Please Note.

I, Bipan Alias Vipan Kumar Kakar s/o Ram Parkash Kakar r/o 9-A, New Model Town, Jalandhar-144001, Punjab have changed my name to Bipan Kumar Kakar. All Please Note.

I, Kamlesh w/o Balwinder Singh r/o VPO. Sandhu Chatha, Distt.Kapurthala, Punjab have changed my name to Kamlesh Kaur. All Please Note.

I, Kuldeep Kumar Atriwal S/o Shri Mangal Singh R/o E-13/1,Palam Vihar Extension, Dharam Colony Gurgaon,Choma (62),Gurgaon, Haryana-122017, have changed my name as Kuldeep Kumar. All Please Note.

I, Surbhi Tejesh Anand D/o Rajvir Singh Chahar R/o B-1801, Umang Winter Hills, Sector-77, Shikohpur, Gurgaon, Haryana-122004. have changed my name and shall hereafter be Known as Surbhi Chahar. All Please Note.

## Change of Name

I, Rajinder Kumar S/o Milkhi Ram R/o H.No. E.P-305, Saidan Gate, Tenchi Wali Gali, Jalandhar have changed name of my minor son from Jatin to Jatin Kumar. All Please Note.

I, Priyanka Rani W/o Sandeep Arora R/o Vill. Khurampur, Tehsil Nakodar, Distt. Jalandhar, Punjab have changed my name from Priyanka Rani to Priyanka Arora, After marriage. All Please Note.

## ਨਾਂਅ ਦੀ ਬਦਲੀ

ਮੈਂ ਸੁਖਵਿੰਦਰ ਸਿੰਘ (SUKHVINDER SINGH ) ਪੁੱਤਰ ਸ. ਬਾਵਾ ਸਿੰਘ, ਵਾਸੀ ਪਿੰਡ ਕਲਾਰਾਂ, ਡਾਕ ਤੇ ਤਹਿਸੀਲ ਮੋਰਿੰਡਾ, ਜ਼ਿਲ੍ਹਾ ਰੋਪੜ ਆਪਣਾ ਨਾਂ ਬਦਲ ਕੇ ਸੁਖਵਿੰਦਰ ਸਿੰਘ ਕਲੇਰ (SUKHVINDER SINGH KLER) ਰੱਖ ਲਿਆ ਹੈ । ਸੰਬੰਧਤ ਨੋਟ ਕਰਨ।

## PHF LEASING LIMITED

Registered Office: 923, G.T. Road Jalandhar - 144001, Punjab
Corporate Office: 87, Radio Colony, Mahavir Marg, BMC Chowk, Jalandhar - 144001, Punjab
CIN No. L65110PB1992PLC012488 Ph.No.0181-4639903-04, Website : www.phfleasing.com Email id : phf_leasingltd@yahoo.co.in

31 ਮਾਰਚ 2023 ਨੂੰ ਖਤਮ ਹੋਈ ਤਿਮਾਹੀ ਅਤੇ ਖਤਮ ਹੋਏ ਸਾਲ ਦੇ ਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ (ਰੁਪਏ ਲੱਖਾਂ 'ਚ)

| | | ਤਿਮਾਹੀ ਖਤਮ | | | ਸਾਲ ਖਤਮ | |
|---|---|---|---|---|---|---|
| | | 31/03/2023 ਅਣ-ਪੜਤਾਲੇ | 31/12/2022 ਅਣ-ਪੜਤਾਲੇ | 31/03/2022 ਪੜਤਾਲੇ | 31/03/2023 ਪੜਤਾਲੇ | 31/03/2022 ਪੜਤਾਲੇ |
| 1 | ਕਾਰੋਬਾਰਾਂ ਤੋਂ ਕੁੱਲ ਆਮਦਨ | 656.63 | 386.49 | 277.09 | 1774.74 | 863.44 |
| 2 | ਸਮੇਂ ਲਈ ਸ਼ੁੱਧ ਲਾਭ/(ਹਾਨੀ) (ਟੈਕਸ ਤੋਂ ਪਹਿਲਾਂ, ਅਸਧਾਰਨ ਅਤੇ/ਜਾਂ ਗੈਰ-ਸਧਾਰਨ ਆਇਟਮਾਂ) | 87.13 | (45.37) | 8.33 | 144.57 | 16.47 |
| 3 | ਟੈਕਸ ਤੋਂ ਪਹਿਲਾਂ ਸਮੇਂ ਲਈ ਸ਼ੁੱਧ ਲਾਭ/(ਹਾਨੀ) (ਖਾਸ ਅਤੇ/ਜਾਂ ਅਸਧਾਰਨ ਆਇਟਮਾਂ ਮਗਰੋਂ) | 87.13 | (45.37) | 8.33 | 144.57 | 91.47 |
| 4 | ਟੈਕਸ ਮਗਰੋਂ ਸਮੇਂ ਲਈ ਸ਼ੁੱਧ ਲਾਭ/(ਹਾਨੀ) (ਖਾਸ ਅਤੇ/ਜਾਂ ਅਸਧਾਰਨ ਆਇਟਮਾਂ ਮਗਰੋਂ) | 57.16 | (18.00) | (3.94) | 115.64 | 70.90 |
| 5 | ਸਮੇਂ ਲਈ ਕੁੱਲ ਵਿਆਪਕ ਆਮਦਨ ਸਮੇਂ ਲਈ ਲਾਭ/(ਹਾਨੀ) ਸ਼ਾਮਲ (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ ਟੈਕਸ ਤੋਂ ਬਾਅਦ | 71.85 | (19.17) | 5.03 | 137.30 | 75.80 |
| 6 | ਇਕੁਇਟੀ ਸ਼ੇਅਰ ਕੈਪੀਟਲ | 1,238.68 | 550.00 | 550.00 | 1,238.68 | 550.00 |
| 7 | ਰਿਜ਼ਰਵਜ਼ (ਰੀਵੈਲੂਏਸ਼ਨ ਰਿਜ਼ਰਵ ਤੋਂ ਬਗੈਰ) ਜਿਵੇਂ ਕਿ ਪਿਛਲੇ ਸਾਲ ਦੀ ਪੜਤਾਲੀ ਬੈਲੇਂਸ ਸ਼ੀਟ 'ਚ ਦਰਸਾਇਆ ਗਿਆ | 1,488.77 | 590.53 | 525.07 | 1,488.77 | 525.07 |
| 8 | ਕਮਾਈ ਪ੍ਰਤੀ ਸ਼ੇਅਰ 10 ਰੁ:/- ਹਰੇਕ (ਚਾਲੂ ਅਤੇ ਬੰਦ ਕਾਰੋਬਾਰਾਂ ਲਈ) | | | | | |
| | ਬੇਸਿਕ (ਰੁਪਏ) | 1.00 | (0.33) | (0.07) | 2.08 | 2.04 |
| | ਡਿਲਿਊਟਡ (ਰੁਪਏ) | 1.00 | (0.33) | (0.07) | 2.08 | 2.04 |

ਨੋਟਿਸ :-
1. ਪੀ ਐੱਚ ਐੱਫ ਲੀਜ਼ਿੰਗ ਲਿਮਟਿਡ ("ਦਾ ਕੰਪਨੀ") ਦੇ ਉਪਰੋਕਤ ਨਤੀਜੇ ਆਡਿਟ ਕਮੇਟੀ ਦੀ ਮੀਟਿੰਗ ਵਿੱਚ ਨਜ਼ਰਸਾਨੀ ਕੀਤੇ ਗਏ ਹਨ ਅਤੇ ਬੋਰਡ ਦੇ ਡਾਇਰੈਕਟਰਾਂ ਦੀਆਂ 13 ਮਈ 2023 ਨੂੰ ਹੋਈਆਂ ਮੀਟਿੰਗਾਂ 'ਚ ਮਨਜ਼ੂਰ ਕੀਤੇ ਗਏ ਹਨ।
2. ਉਪਰੋਕਤ 31 ਮਾਰਚ 2023 ਨੂੰ ਖਤਮ ਹੋਈ ਤਿਮਾਹੀ ਤੇ ਖਤਮ ਹੋਏ ਸਾਲ ਦੇ ਪੜਤਾਲੇ ਵਿੱਤੀ ਨਤੀਜਿਆਂ ਦੇ ਵਿਸਥਾਰਤ ਫਾਰਮਟ ਦਾ ਸਾਰ ਹੈ, ਜੋ ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਮੈਂਟਸ) ਰੈਗੂਲੇਸ਼ਨਜ਼ 2015, ਸੋਧੇ ਰੈਗੂਲੇਸ਼ਨ 33 ਅਧੀਨ ਸਟਾਕ ਐਕਸਚੇਂਜ ਕੋਲ ਦਾਇਰ ਕੀਤਾ ਗਿਆ ਹੈ। ਉਕਤ ਵਿੱਤੀ ਨਤੀਜਿਆਂ ਦਾ ਪੂਰਾ ਸਾਰ ਸਟਾਕ ਐਕਸਚੇਂਜ ਦੀ ਵੈੱਬਸਾਈਟ www. msei.in ਅਤੇ ਕੰਪਨੀ ਦੀ ਵੈੱਬਸਾਈਟ www. phfleasing.com 'ਤੇ ਉਪਲੱਬਧ ਹੈ।

ਬੋਰਡ ਦੇ ਡਾਇਰੈਕਟਰਾਂ ਦੇ ਹੁਕਮਾਂ ਨਾਲ
ਪੀ ਐੱਚ ਐੱਫ ਲੀਜ਼ਿੰਗ ਲਿਮਟਿਡ
ਸਹੀ/- ਵਿਜੇ ਕੁਮਾਰ ਸਰੀਨ
ਹੋਲ-ਟਾਈਮ ਡਾਇਰੈਕਟਰ, ਡੀ ਆਈ ਐੱਨ : 07978240

ਸਥਾਨ : ਜਲੰਧਰ
ਮਿਤੀ : 13 ਮਈ 2023

## Fullerton India Credit Company Limited

Fullerton India — Rishta Sammaan Ka

ਕਾਰਪੋਰੇਟ ਦਫਤਰ : ਸੁਪਰੀਮ ਬਿਜ਼ਨਸ ਪਾਰਕ, ਮੰਜ਼ਲ 6, ਬੀ ਵਿੰਗ, ਪੋਵਾਈ, ਮੁੰਬਈ 400076

### ਅਚੱਲ ਜਾਇਦਾਦਾਂ ਦੀ ਵਿਕਰੀ ਵਾਸਤੇ ਵਿਕਰੀ ਨੋਟਿਸ

ਸਕਿਉਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਅਤੇ 9 ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਵਾਸਤੇ 30 ਦਿਨਾਂ ਦਾ ਈ-ਨਿਲਾਮੀ ਵਿਕਰੀ ਨੋਟਿਸ

ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੇਠਾਂ ਦਰਸਾਈਆਂ ਅਚੱਲ ਜਾਇਦਾਦਾਂ, ਜਿਨ੍ਹਾਂ ਦਾ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਦੇ ਅਧਿਕਾਰਤ ਅਫ਼ਸਰ/ਸਕਿਉਰਡ ਕ੍ਰੈਡਿਟਰ ਵੱਲੋਂ ਭੌਤਿਕ ਕਬਜ਼ਾ ਪ੍ਰਾਪਤ ਕੀਤਾ ਜਾ ਚੁੱਕਾ ਹੈ। ਕਰਜ਼ਦਾਰਾਂ ਅਤੇ ਗਰੰਟਰਾਂ ਦਵਿੰਦਰ ਕੁਮਾਰ, ਇੰਦੂ ਸ਼ਰਮਾ, ਲਾਲ ਚੰਦ ਵੱਲ 4.10.2021 ਨੂੰ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮ:/ਸਕਿਉਰਡ ਕ੍ਰੈਡਿਟਰ ਦੀ ਬਕਾਇਆ ਖੜੀ ਰਕਮ ਰੁਪਏ 44,88,278 (ਰੁ: ਚਤਾਲੀ ਲੱਖ ਅਠਾਸੀ ਹਜ਼ਾਰ ਦੋ ਸੌ ਅਠੱਤਰ ਕੇਵਲ) ਅਤੇ ਉਸ ਉਪਰ ਵਸੂਲੀ ਮਿਤੀ ਤੱਕ ਭਵਿੱਖੀ ਵਿਆਜ ਅਤੇ ਹੋਰ ਖਰਚੇ ਵਸੂਲਣ ਲਈ 'ਜਿਵੇਂ ਹੈ, ਜਿੱਥੇ ਹੈ', 'ਜੋ ਵੀ ਹੈ, ਜਿਵੇਂ ਹੈ' ਅਤੇ 'ਉੱਥੇ ਜੋ ਵੀ ਹੈ' ਦੇ ਆਧਾਰ 'ਤੇ 21.6.2023 ਨੂੰ ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ (ਹਰੇਕ 5 ਮਿੰਟ ਦੇ ਅਸੀਮਤ ਵਾਧਿਆਂ ਨਾਲ) ਵਿਕਰੀ ਕਰ ਦਿੱਤੀ ਜਾਵੇਗੀ।

ਰਾਖਵੀਂ ਕੀਮਤ ਰੁਪਏ 42,88,000/- (ਰੁਪਏ ਬਤਾਲੀ ਲੱਖ ਅਠਾਸੀ ਹਜ਼ਾਰ ਕੇਵਲ) ਅਤੇ ਬਿਆਨਾ ਰਕਮ ਡਿਪਾਜ਼ਟ (ਈ ਐੱਮ ਡੀ) ਰੁਪਏ 4,28,800/- (ਰੁਪਏ ਚਾਰ ਲੱਖ ਅਠਾਈ ਹਜ਼ਾਰ ਅੱਠ ਸੌ ਕੇਵਲ) ਹੋਵੇਗੀ। ਈ ਐੱਮ ਡੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ 19.6.2023 ਹੈ। ਵਧੇਰੇ ਵੇਰਵਿਆਂ ਲਈ ਕਿਰਪਾ ਕਰਕੇ ਅਧਿਕਾਰਤ ਅਫਸਰ ਹਰਮਾਨੀ ਸਿੰਘ ਜੌਲੀ +91 8655901470 (harmani.jolly@fullertonindia.com) ਅਤੇ ਸਤਨਾਮ ਸਿੰਘ + 8655990348 (satnam singh@fullertonindia.com) ਨਾਲ ਸੰਪਰਕ ਕੀਤਾ ਜਾਵੇ।

ਅਚੱਲ ਜਾਇਦਾਦ ਦਾ ਵੇਰਵਾ : ਅਚੱਲ ਜਾਇਦਾਦ ਨਾਲ ਸੰਬੰਧਤ ਸਭ ਕੁਝ ਮਕਾਨ ਨੰ: 12, ਵਾਰਡ ਨੰ: 14, ਨੇੜੇ ਖੇੜਾ ਮੰਦਰ, ਬਲਟਾਣਾ ਜ਼ੀਰਕਪੁਰ ਮੁਹਾਲੀ, ਪੰਜਾਬ-140604 ਹੱਦਾਂ ਹੇਠਾਂ ਅਨੁਸਾਰ ਹਨ : ਪੂਰਬ : ਸ੍ਰੀ ਕਰਨੈਲ ਸਿੰਘ, ਪੱਛਮ : ਸ੍ਰੀ ਜਰਨੈਲ ਸਿੰਘ, ਉੱਤਰ : ਗਲੀ, ਦੱਖਣ : ਸ੍ਰੀ ਕੇਹਰ ਸਿੰਘ ਅਤੇ ਸ੍ਰੀ ਮੇਹਰ ਸਿੰਘ

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮ:/ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ, ਜੋ ਕਿ www.fullertonindia.com ਹੈ 'ਤੇ ਮੁਹੱਈਆ ਲਿੰਕ ਦਾ ਹਵਾਲਾ ਲਿਆ ਜਾਵੇ।

ਸਥਾਨ : ਜ਼ੀਰਕਪੁਰ
ਮਿਤੀ : 15.5.2023

ਸਹੀ/- ਅਧਿਕਾਰਤ ਅਫਸਰ
ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ, ਲਿਮ:

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

15-MAY-PAGE-7.qxd 5/14/2023 10:12 PM Page 1



# ਸਕੂਟਰੀ ਸਵਾਰ ਲੜਕੀ ਦੀ ਸੜਕ ਹਾਦਸੇ 'ਚ ਮੌਤ

## ਮਾਪਿਆਂ ਦਾ ਦੋਸ਼, ਨੌਜਵਾਨ ਨੇ ਧੱਕਾ ਦੇ ਕੇ ਸੜਕ 'ਤੇ ਸੁੱਟਿਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਚਕਲੀ ਮੰਗਾ ਦੀ ਵਾਸੀ ਨੌਜਵਾਨ ਲੜਕੀ ਗੁਰਪ੍ਰੀਤ ਕੌਰ (22) ਦੀ ਮੌਤ ਹੋ ਗਈ ਤੇ ਉਸ ਦੇ ਮਾਪਿਆਂ ਨੇ ਦੋਸ਼ ਲਗਾਇਆ ਕਿ ਸਕੂਟਰੀ 'ਤੇ ਜਾਂਦੀ ਹੋਈ ਨੂੰ ਇੱਕ ਨੌਜਵਾਨ ਲੜਕੇ ਨੇ ਧੱਕਾ ਦੇ ਕੇ ਉਸ ਨੂੰ ਸੜਕ 'ਤੇ ਸੁੱਟ ਦਿੱਤਾ। ਮ੍ਰਿਤਕ ਲੜਕੀ ਦੇ ਚਾਚਾ ਸੁਰਜੀਤ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਸ ਦੀ ਭਤੀਜੀ ਗੁਰਪ੍ਰੀਤ ਕੌਰ ਮਾਛੀਵਾੜਾ ਵਿਖੇ ਨੌਕਰੀ ਕਰਦੀ ਹੈ ਤੇ ਰੋਜ਼ਾਨਾ ਦੀ ਤਰ੍ਹਾਂ 2 ਮਈ ਨੂੰ ਉਹ ਆਪਣੀ ਸਕੂਟਰੀ 'ਤੇ ਸਵਾਰ ਹੋ ਕੇ ਘਰੋਂ ਕੰਮ 'ਤੇ ਨਿਕਲੀ। ਪਰਿਵਾਰਕ ਮੈਂਬਰਾਂ ਨੇ ਦੋਸ਼ ਲਗਾਇਆ ਕਿ ਪਿੰਡ ਜੁਲਫਗੜ੍ਹ ਦਾ ਰਹਿਣ ਵਾਲਾ ਨੌਜਵਾਨ ਰਵਿੰਦਰ ਸਿੰਘ ਉਨ੍ਹਾਂ ਦੀ ਲੜਕੀ ਗੁਰਪ੍ਰੀਤ ਕੌਰ ਨਾਲ ਸੜਕ 'ਤੇ ਜਾਂਦੇ ਸਮੇਂ ਛੇੜਛਾੜ ਕਰ ਰਿਹਾ ਸੀ, ਜਿਸ ਨੇ ਧੱਕਾ ਦੇ ਕੇ ਲੜਕੀ ਨੂੰ ਸੁੱਟ ਦਿੱਤਾ, ਜਿਸ ਕਾਰਨ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਗੁਰਪ੍ਰੀਤ ਕੌਰ ਦੇ ਸਿਰ ਵਿੱਚ ਗਹਿਰੀ ਸੱਟ ਵੱਜੀ, ਜਿਸ ਨੂੰ ਲੁਧਿਆਣਾ ਦੇ ਸੀ ਐੱਮ ਸੀ ਹਸਪਤਾਲ ਭਰਤੀ ਕਰਵਾਇਆ ਤੇ ਗਰੀਬ ਮਾਪੇ ਕਰੀਬ 4 ਲੱਖ ਰੁਪਏ ਦਾ ਕਰਜ਼ਾ ਚੁੱਕ ਕੇ ਆਪਣੀ ਧੀ ਦਾ ਇਲਾਜ ਕਰਵਾਉਂਦੇ ਰਹੇ, ਪਰ ਉਸ ਨੂੰ ਬਚਾ ਨਾ ਸਕੇ। ਸ਼ਨੀਵਾਰ ਸਵੇਰੇ ਗੁਰਪ੍ਰੀਤ ਕੌਰ ਦੀ ਇਲਾਜ ਦੌਰਾਨ ਮੌਤ ਹੋ ਗਈ। ਮਾਪਿਆਂ ਵੱਲੋਂ ਪੁਲਸ ਨੂੰ ਬਿਆਨ ਦਰਜ ਕਰਵਾਏ ਗਏ ਕਿ ਜ਼ੁਲਫ਼ਗੜ੍ਹ ਦੇ ਨੌਜਵਾਨ ਰਵਿੰਦਰ ਸਿੰਘ ਵੱਲੋਂ ਧੱਕਾ ਦਿੱਤੇ ਜਾਣ ਕਾਰਨ ਉਨ੍ਹਾਂ ਦੀ ਧੀ ਗੁਰਪ੍ਰੀਤ ਕੌਰ ਦੀ ਮੌਤ ਹੋਈ ਹੈ ਅਤੇ ਉਸ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰ ਗ੍ਰਿਫ਼ਤਾਰ ਕੀਤਾ ਜਾਵੇ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਕੁਲਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਲੜਕੀ ਦੇ ਮਾਪਿਆਂ ਵੱਲੋਂ ਦਿੱਤੇ ਬਿਆਨਾਂ ਦੇ ਅਧਾਰ 'ਤੇ ਜ਼ੁਲਫ਼ਗੜ੍ਹ ਦੇ ਰਵਿੰਦਰ ਸਿੰਘ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# ਮਰਹੂਮ ਹਰਬੰਸ ਲਾਲ ਦੀ ਯਾਦ 'ਚ ਖ਼ੂਨਦਾਨ ਕੈਂਪ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਸਰਕਾਰੀ ਕਿਰਤੀ ਕਾਲਜ ਨਿਆਲ ਵਿਖੇ ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਰੋਇਲ ਪਾਤੜਾਂ ਵੱਲੋਂ ਐੱਨ ਐੱਸ ਐੱਸ ਵਿਭਾਗ ਤੇ ਰੈੱਡ ਰਿਬਨ ਕਲੱਬ ਵੱਲੋਂ ਸਵਰਗੀ ਹਰਬੰਸ ਲਾਲ ਕਕਰਾਲੇ ਵਾਲਿਆਂ ਦੀ ਯਾਦ ਵਿੱਚ ਵਿਸ਼ਾਲ ਖ਼ੂਨਦਾਨ ਕੈਂਪ ਲਾਇਆ ਗਿਆ। ਕੈਂਪ ਦੌਰਾਨ ਖ਼ੂਨਦਾਨੀਆਂ ਤੋਂ ਖ਼ੂਨ ਇਕੱਤਰ ਕਰਨ ਲਈ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਦੇ ਬਲੱਡ ਬੈਂਕ ਦੀ ਟੀਮ ਪਹੁੰਚੀ। ਕਾਲਜ ਪ੍ਰਿੰਸੀਪਲ ਪ੍ਰੋ. ਅਮਰਜੀਤ ਸਿੰਘ ਨੇ ਕਿਹਾ ਕਿ ਖ਼ੂਨ ਦਾਨ ਮਹਾਂਦਾਨ ਹੈ, ਮਨੁੱਖ ਦੇ ਬਾਕੀ ਜ਼ਿੰਦਗੀ ਦੀਆਂ ਜ਼ਰੂਰਤਾਂ ਦੀਆਂ ਵਸਤਾਂ ਕਿਤੋਂ ਵੀ ਖ਼ਰੀਦ ਸਕਦੇ ਹਾਂ, ਪਰ ਖ਼ੂਨ ਇੱਕ ਅਜਿਹੀ ਵਸਤ ਹੈ, ਜੋ ਅਸੀਂ ਕਿਤੋਂ ਹੋਰ ਖਰੀਦ ਨਹੀਂ ਸਕਦੇ। ਰੋਟਰੀ ਕਲੱਬ ਰੋਇਲ ਦੇ ਪ੍ਰਧਾਨ ਅਸ਼ੋਕ ਕੁਮਾਰ ਗਰਗ ਨੇ ਦੱਸਿਆ ਕਿ ਕੈਂਪ ਕਾਲਜ ਦੇ ਸਹਿਯੋਗ ਨਾਲ ਬਹੁਤ ਹੀ ਸਫ਼ਲ ਰਿਹਾ ਹੈ। ਇਸ ਦੌਰਾਨ ਕਲੱਬ ਵੱਲੋਂ ਖ਼ੂਨ ਦਾਨ ਕਰਨ ਵਾਲੇ ਵਲੰਟੀਅਰਾਂ ਨੂੰ ਰਿਫਰੈਸ਼ਮੈਂਟ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਰੋਟਰੀ ਕਲੱਬ ਦੇ ਸੈਕਟਰੀ ਹਰਮੇਸ਼ ਕੁਮਾਰ, ਅਮਨਦੀਪ ਸਿੰਘ, ਰਾਕੇਸ਼ ਕੁਮਾਰ ਸਿੰਗਲਾ, ਐੱਨ ਐੱਸ ਐੱਸ ਪ੍ਰੋਗਰਾਮ ਅਫਸਰ ਪ੍ਰੋ. ਰਮਨਜੀਤ ਕੌਰ, ਪ੍ਰੋ. ਮਨਿੰਦਰ ਸਿੰਘ, ਪ੍ਰੋ. ਬਲਕਾਰ ਸਿੰਘ, ਰੈੱਡ ਰਿਬਨ ਕਲੱਬ ਦੇ ਇੰਚਾਰਜ ਪ੍ਰੋ. ਹਰਮੀਤ ਸਿੰਘ, ਕਲੱਬ ਦੇ ਸੈਕਟਰੀ ਕਪਿਲ ਕੌਸ਼ਲ ਮਲਿਕ, ਚੇਅਰਮੈਨ ਹਰਮੇਸ਼ ਕੁਮਾਰ, ਡਾ. ਗੁਰਜੀਤ ਸਿੰਘ, ਡਾ. ਜਸਵਿੰਦਰ ਸ਼ਰਮਾ, ਡਾ. ਅਨੁਰਾਗ, ਪ੍ਰੋ. ਮੀਨੂੰ ਗੌੜ, ਪ੍ਰੋ. ਨੇਹਾਂ ਬਾਂਸਲ, ਪ੍ਰੋ. ਜਗਦੀਸ਼ ਸਿੰਘ, ਪ੍ਰੋ. ਸੰਦੀਪ ਕੌਰ ਤੇ ਪ੍ਰੋ. ਸੰਜੀਵ ਕੁਮਾਰ ਹਾਜ਼ਰ ਸਨ।

# ਬਜ਼ੁਰਗ ਔਰਤ ਦੀ ਕਾਰ ਦੀ ਲਪੇਟ 'ਚ ਆਉਣ ਕਾਰਨ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਆਵਾਰਾ ਪਸ਼ੂ ਕਾਰਨ ਬੀਤੀ ਸ਼ਾਮ ਸਰਹਿੰਦ ਵਿਖੇ ਵਾਪਰੇ ਇੱਕ ਹਾਦਸੇ 'ਚ 73 ਸਾਲਾ ਬਜ਼ੁਰਗ ਔਰਤ ਦੀ ਮੌਤ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਸਰਹਿੰਦ ਦੀ ਪ੍ਰੋਫੈਸਰ ਕਲੋਨੀ ਦੇ ਵਸਨੀਕ ਬਜ਼ੁਰਗ ਸੂਰਤ ਸਿੰਘ ਨੇ ਸਰਹਿੰਦ ਮੰਡੀ ਚੌਂਕੀ ਦੀ ਪੁਲਿਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਹ ਤੇ ਉਸਦੀ ਪਤਨੀ ਸੁਖਵਿੰਦਰ ਕੌਰ (73) ਰੋਜ਼ਾਨਾ ਦੀ ਤਰਾਂ ਸ਼ਾਮ ਸਾਢੇ ਕੁ ਪੰਜ ਵਜੇ ਦੇ ਕਰੀਬ ਸਰਹਿੰਦ ਦੇ ਬਾਈਪਾਸ ਰੋਡ 'ਤੇ ਸੈਰ ਕਰ ਰਹੇ ਸਨ ਤਾਂ ਸੰਧੂ ਸਕਿਨ ਹਸਪਤਾਲ ਨਜ਼ਦੀਕ ਪੁੱਜਣ 'ਤੇ ਇੱਕ ਅਵਾਰਾ ਗਾਂ ਉਨ੍ਹਾਂ ਸਾਹਮਣੇ ਆ ਗਈ, ਜਿਸ ਤੋਂ ਡਰ ਕੇ ਉਸਦੀ ਪਤਨੀ ਭੱਜ ਕੇ ਸੜਕ ਵਿਚਾਲੇ ਚਲੇ ਗਈ, ਜੋ ਪਿੱਛੋਂ ਆ ਰਹੀ ਇੱਕ ਸਵਿਫਟ ਕਾਰ ਨਾਲ ਟਕਰਾ ਕੇ ਗੰਭੀਰ ਜ਼ਖਮੀ ਹੋ ਗਈ। ਉਸ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਾਇਆ ਗਿਆ, ਪਰ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਸੂਰਤ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਇਹ ਹਾਦਸਾ ਅਵਾਰਾ ਪਸ਼ੂ ਦੇ ਅਚਾਨਕ ਸੜਕ ਵਿਚਾਲੇ ਆ ਜਾਣ ਕਾਰਨ ਵਾਪਰਿਆ ਹੈ, ਜਿਸ ਵਿੱਚ ਕਾਰ ਚਾਲਕ ਦਾ ਕੋਈ ਕਸੂਰ ਨਹੀਂ ਤੇ ਉਹ ਉਸ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਨਹੀਂ ਕਰਾਉਣਾ ਚਾਹੁੰਦੇ। ਸਰਹਿੰਦ ਮੰਡੀ ਪੁਲਸ ਵੱਲੋਂ ਉਪਰਕੋਤ ਮਾਮਲੇ 'ਚ 174 ਸੀ.ਆਰ.ਪੀ.ਸੀ. ਤਹਿਤ ਕਾਰਵਾਈ ਅਮਲ 'ਚ ਲਿਆਂਦੀ ਜਾ ਰਹੀ ਹੈ।

# ਸਾਨੂੰ ਸਮਾਜਿਕ ਕੰਮਾਂ 'ਤੇ ਇਕੱਠੇ ਹੋਣ ਦੀ ਲੋੜ : ਖੁਸ਼ੀ ਰਾਮ



**ਸੰਗਰੂਰ (ਪ੍ਰਵੀਨ ਸਿੰਘ)**-ਗੁਰਦੁਆਰਾ ਨਾਨਕਿਆਣਾ ਸਾਹਿਬ ਵਿਖੇ ਸਮਾਜਿਕ ਸਮਾਨਤਾ ਸੰਗਠਨ ਦੇ ਪ੍ਰਧਾਨ ਸ੍ਰੀ ਖੁਸ਼ੀ ਰਾਮ ਰਿਟਾਇਰਡ ਆਈ ਏ ਐੱਸ ਤੇ ਆਲ ਇੰਡੀਆ ਐੱਸ ਸੀ,ਬੀ ਸੀ ਸੰਯੁਕਤ ਮੋਰਚੇ ਦੇ ਕੌਮੀ ਪ੍ਰਧਾਨ ਜਥੇਦਾਰ ਮਲਕੀਤ ਸਿੰਘ ਚੰਗਾਲ ਦੀ ਇੱਕ ਸਾਂਝੀ ਮੀਟਿੰਗ ਹੋਈ, ਜਿਸ ਵਿੱਚ ਲੰਬੀ ਸੋਚ ਵਿਚਾਰ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਕਿ ਸੰਵਿਧਾਨ ਬਚਾਓ, ਲੋਕਤੰਤਰ ਬਚਾਓ, ਦੇਸ਼ ਬਚਾਓ ਵਿਚਾਰਧਾਰਾ 'ਤੇ ਕੰਮ ਕਰਨ ਲਈ ਸਾਨੂੰ ਸਾਰੇ ਹੀ ਸਮਾਜਿਕ ਕੰਮਾਂ 'ਤੇ ਇਕੱਠੇ ਹੋ ਹੋਣ ਦੀ ਲੋੜ ਹੈ। ਇਸ ਉਪਰੰਤ ਦੋਵਾਂ ਸੰਗਠਨਾਂ ਨੇ ਸਮਾਜ ਵਿਚ ਆ ਰਹੀਆਂ ਦਿੱਕਤਾਂ ਨੂੰ ਦੂਰ ਕਰਨ ਲਈ ਵਿਸ਼ਵਾਸ ਦਿਵਾਇਆ। ਦੋਨਾਂ ਆਗੂਆਂ ਨੇ ਪੰਜਾਬ ਵਿੱਚ ਵੱਖ-ਵੱਖ ਨਾਮਾਂ 'ਤੇ ਸੰਗਠਨਾਂ ਨੂੰ ਇਕੱਠੇ ਹੋਣ ਦੀ ਅਪੀਲ ਕੀਤੀ ਅਤੇ ਸੰਵਿਧਾਨ ਬਚਾਉਣ ਦੀ ਵੀ ਅਪੀਲ ਕੀਤੀ। ਇਸ ਮੌਕੇ ਉਨ੍ਹਾਂ ਨਾਲ ਵਰਿਆਮ ਸਿੰਘ ਚੰਦੜ, ਡਾਕਟਰ ਸੁਖਚੈਨ ਸਿੰਘ ਸਾਰੋਂ, ਜਗਸੀਰ ਸਿੰਘ ਖੇੜੀ ਚੰਦਵਾ, ਸਰਬਜੀਤ ਕੌਰ ਸਾਬਕਾ ਚੇਅਰਮੈਨ ਬਲਾਕ ਸੰਮਤੀ, ਬਲਵਿੰਦਰ ਸਿੰਘ ਚੰਡੀਗੜ੍ਹ ਆਦਿ ਹਾਜ਼ਰ ਸਨ।

# ਯੂਨੀਵਰਸਲ ਕਾਲਜ ਤੇ ਆਈ ਟੀ ਆਈ 'ਚ ਮਾਂ ਦਿਵਸ ਮਨਾਇਆ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਯੂਨੀਵਰਸਲ ਕਾਲਜ ਪਾਤੜਾਂ ਤੇ ਨਾਟਾਸ ਦੇ ਸਹਿਯੋਗ ਨਾਲ ਮਾਂ ਦਿਵਸ ਮਨਾਇਆ ਗਿਆ। ਸਮਾਗਮ ਦੌਰਾਨ ਨਾਟਕ ਤੇ ਕਲਾਕਾਰਾਂ ਵੱਲੋਂ ਮਾਂ ਦੀ ਅਹਿਮੀਅਤ ਨੂੰ ਦਰਸਾਉਂਦੇ ਨਾਟਕਾਂ ਦਾ ਸਫਲ ਮੰਚਨ ਕੀਤਾ ਗਿਆ। ਇਸ ਤੋਂ ਇਲਾਵਾ ਗੀਤ ਤੇ ਕਵਿਤਾਵਾਂ ਵੀ ਪੇਸ਼ ਕੀਤੀਆਂ ਗਈਆਂ। ਸਮਾਗਮ ਦੌਰਾਨ ਪ੍ਰਸਿੱਧ ਨਾਟਕਕਾਰਾ ਸੁਨੀਤਾ ਪ੍ਰਾਨ ਸੱਭਰਵਾਲ ਦੀ ਨਿਰਦੇਸ਼ਨਾ ਹੇਠ ਚਰਚਿਤ ਨਾਟਕ ਲੱਖੀ ਸ਼ਾਹ ਵਣਜਾਰਾ ਤੇ ਸੁੱਕੀ ਕੁੱਖ ਅਤੇ ਆਈ ਸੀ ਨੰਦਾ ਦਾ ਲਿਖਿਆ ਨਾਟਕ ਸੁਹਾਗ ਤੇ ਅਸਵੱਲੇ ਯੁੱਗ ਦੀ ਨਾਇਕਾ ਪੇਸ਼ ਕੀਤੇ ਗਏ। ਕਾਲਜ ਦੇ ਪ੍ਰਬੰਧਕ ਬਲਜੀਤ ਸਿੰਘ ਤੇ ਵਰਿੰਦਰ ਸਿੰਘ ਨੇ ਸੁਨੀਤਾ ਪ੍ਰਾਨ ਸੱਭਰਵਾਲ ਦੀ ਪੂਰੀ ਟੀਮ ਦਾ ਧੰਨਵਾਦ ਕੀਤਾ ਤੇ ਸਨਮਾਨ ਚਿੰਨ੍ਹ ਭੇਟ ਕੀਤੇ। ਕਾਲਜ ਦੇ ਡਾਇਰੈਕਟਰ ਡਾ. ਅਮਰੀਸ਼ ਧਵਨ ਨੇ ਪਾਸ ਹੋਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਕਾਲਜ ਦੇ ਪ੍ਰਿੰਸੀਪਲ ਯਾਦਵਿੰਦਰ ਸਿੰਘ ਨੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ ਤੇ ਕਾਲਜ ਵਿੱਚ ਚੱਲ ਰਹੇ ਤਕਨੀਕੀ ਕੋਰਸਾਂ ਬਾਰੇ ਬੱਚਿਆਂ ਨੂੰ ਜਾਗਰੂਕ ਕੀਤਾ।

## ਕਾਤਰਾਂ

### ਮਾਤਾ ਸ਼ਾਂਤੀ ਨਮਿਤ ਗਰੁੜ ਪ੍ਰਾਣ ਦਾ ਭੋਗ 18 ਨੂੰ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਪਵਨ ਕੁਮਾਰ ਬੱਬਲਾ, ਡਿਪਟੀ ਰਾਮ, ਡਾ. ਛੱਜੂ ਰਾਮ ਗਰਗ, ਕ੍ਰਿਸ਼ਨ ਕੁਮਾਰ (ਕੁੱਕੂ ਕੱਪੜੇ ਵਾਲੇ) ਅਸ਼ੋਕ ਕੁਮਾਰ ਗਰਗ ਪੱਤੀ ਜੈਦ ਨੂੰ ਉਸ ਸਮੇਂ ਵੱਡਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੀ ਮਾਤਾ ਸ਼ਾਂਤੀ ਦੇਵੀ ਪ੍ਰਭੂ ਚਰਨਾਂ ਵਿੱਚ ਜਾ ਬਿਰਾਜੇ। ਇਸ ਮੌਤ 'ਤੇ ਸੁਭਾਸ਼ ਕੁਮਾਰ ਪੱਤੀ ਜੈਦ, ਮੁਨੀਸ਼ ਕੁਮਾਰ ਮੋਨਾ, ਸਾਬਕਾ ਪ੍ਰਧਾਨ ਰਿਤੂ ਗੋਇਲ, ਮੇਲਾ ਸਿੰਘ ਸੂਬੇਦਾਰ, ਸੰਜੇ ਕੁਮਾਰ ਸੈਨ, ਕਾਲਾ ਮਿੱਤਲ, ਸਮੂਹ ਪੱਤਰਕਾਰਾਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਨ੍ਹਾ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਗਰੁੜ ਪ੍ਰਾਣ ਦਾ ਭੋਗ 18 ਮਈ ਨੂੰ ਪ੍ਰਾਚੀਨ ਸ਼ਿਵ ਮੰਦਰ ਪੱਤੀ ਸੁਨਾਮੀ ਵਿਖੇ ਪਵੇਗਾ।

### ਦੇਸੀ ਪਿਸਟਲ ਬਰਾਮਦਗੀ ਮਾਮਲੇ 'ਚ ਅਦਾਲਤ ਨੇ ਸੁਣਾਈ ਕੈਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜੀ.ਆਰ.ਪੀ. ਵੱਲੋਂ ਦੇਸੀ ਕੱਟੇ (ਪਿਸਟਲ) ਸਮੇਤ ਗ੍ਰਿਫ਼ਤਾਰ ਕੀਤੇ ਗਏ ਇੱਕ ਵਿਅਕਤੀ ਨੂੰ ਅਦਾਲਤ ਵੱਲੋਂ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾਏ ਜਾਣ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਮਈ 2019 'ਚ ਕਰਨੈਲ ਸਿੰਘ ਉਰਫ਼ ਸਿੱਧੂ ਵਾਸੀ ਨਾਭਾ (ਪਟਿਆਲਾ) ਨੂੰ ਅ/ਧ 25/54/59 ਅਸਲਾ ਐਕਟ ਤਹਿਤ ਗ੍ਰਿਫ਼ਤਾਰ ਕਰਦਿਆਂ ਜੀ.ਆਰ.ਪੀ. ਥਾਣਾ ਸਰਹਿੰਦ ਦੀ ਪੁਲਸ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਸਰਹਿੰਦ ਰੇਲਵੇ ਸਟੇਸ਼ਨ 'ਤੇ ਚੈਕਿੰਗ ਦੌਰਾਨ ਪੁਲਿਸ ਪਾਰਟੀ ਨੂੰ ਦੇਖ ਕੇ ਖਿਸਕਣ ਦੀ ਕੋਸ਼ਿਸ਼ ਕਰ ਰਹੇ ਕਰਨੈਲ ਸਿੰਘ ਦੀ ਤਲਾਸ਼ੀ ਦੌਰਾਨ ਉਸਦੇ ਡੱਬ 'ਚੋਂ ਇੱਕ ਕੱਟਾ 315 ਬੋਰ (ਦੇਸੀ ਪਿਸਟਲ) ਬਰਾਮਦ ਹੋਇਆ। ਮਾਮਲੇ ਸਬੰਧੀ ਪ੍ਰਾਸੀਕਿਊਸ਼ਨ ਤੇ ਬਚਾਅ ਪੱਖ ਵੱਲੋਂ ਪੇਸ਼ ਕੀਤੇ ਗਏ ਸਬੂਤਾਂ, ਗਵਾਹੀਆਂ ਤੇ ਦਲੀਲਾਂ ਨੂੰ ਵਿਚਾਰਨ ਤੋਂ ਬਾਅਦ ਅਦਾਲਤ ਨੇ ਕਰਨੈਲ ਸਿੰਘ ਨੂੰ ਮਾਮਲੇ 'ਚ ਅ/ਧ 25 ਅਸਲਾ ਐਕਟ ਤਹਿਤ ਦੋਸ਼ੀ ਮੰਨਦੇ ਹੋਏ 10 ਮਹੀਨੇ ਕੈਦ ਬਾਮੁਸ਼ੱਕਤ ਅਤੇ 200 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

### ਰਿੰਕੂ ਦੀ ਜਿੱਤ ਨੇ ਚੰਗੇ ਕੰਮਾਂ 'ਤੇ ਮੋਹਰ ਲਾਈ : ਪ੍ਰਧਾਨ ਭੰਮੀਪੁਰਾ



**ਹਠੂਰ (ਨਛੱਤਰ ਸੰਧੂ)**-ਜਲੰਧਰ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੀ ਜਿੱਤ ਨੇ ਸਰਕਾਰ ਦੇ ਚੰਗੇ ਕੰਮਾਂ ਤੇ ਮੋਹਰ ਲਾ ਦਿੱਤੀ। ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਆਪ ਆਗੂਆਂ ਸੁਰਿੰਦਰ ਸਿੰਘ ਸੱਗੂ ਸਰਕਲ ਪ੍ਰਧਾਨ, ਗੁਰਦੇਵ ਸਿੰਘ ਚਕਰ ਸਰਕਲ ਪ੍ਰਧਾਨ, ਤਰਸੇਮ ਸਿੰਘ ਹਠੂਰ ਸਰਕਲ ਪ੍ਰਧਾਨ ਨੇ ਸਮੂਹ ਪਾਰਟੀ ਆਗੂਆਂ ਅਤੇ ਵਰਕਰਾਂ ਨੂੰ ਵਧਾਈ ਦੇਣ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਮੁਫਤ ਬਿਜਲੀ, ਆਮ ਆਦਮੀ ਕਲੀਨਿਕ, ਚੰਗੇ ਸਕੂਲ, ਚੰਗਾ ਪ੍ਰਸ਼ਾਸਨ ਤੇ ਨੌਜਵਾਨਾਂ ਨੂੰ ਨੌਕਰੀਆਂ ਜੋ ਇਮਾਨਦਾਰੀ ਨਾਲ ਦਿਤੀਆਂ ਜਾਂਦੀਆਂ ਹਨ ਅਤੇ ਹੋਰ ਵੀ ਬਹੁਤ ਸਾਰੇ ਲੋਕ ਭਲਾਈ ਸਕੀਮਾਂ ਕਰਕੇ ਲੋਕਾਂ ਪਾਰਟੀ ਦੇ ਉਮੀਦਵਾਰ ਰਿੰਕੂ ਨੂੰ ਭਾਰੀ ਬਹੁਮਤ ਨਾਲ ਜਿਤਾਇਆ ਹੈ।ਇਸ ਮੌਕੇ ਲੱਡੂ ਵੰਡੇ ਗਏ ਅਤੇ ਸਮੂਹ ਪਾਰਟੀ ਆਗੂਆਂ ਅਤੇ ਵਰਕਰਾਂ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਅਮਰ ਸਿੰਘ ਹਠੂਰ, ਜ਼ਿਲ੍ਹਾ ਵਾਈਸ ਪ੍ਰਧਾਨ ਸੁਰਿੰਦਰ ਸਿੰਘ ਲੱਖਾ, ਮੇਜਰ ਸਿੰਘ ਲੱਖਾ, ਜਰਨੈਲ ਸਿੰਘ ਤੇ ਸੂਬੇਦਾਰ ਸੁਖਦੇਵ ਸਿੰਘ ਪਿੰਡ ਲੱਖਾ ਆਦਿ ਹਾਜ਼ਰ ਸਨ।

### ਜਲੰਧਰ ਦੇ ਲੋਕਾਂ ਨੇ 'ਆਪ' ਦੇ ਕੰਮਾਂ 'ਤੇ ਲਾਈ ਮੋਹਰ : ਸੱਤਪਾਲ ਡੋਡ



**ਜੈਤੋ (ਸਤੀਸ਼ ਕੁਮਾਰ ਭੀਰੀ)**-ਜਲੰਧਰ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੀ ਭਾਰੀ ਬਹੁਮਤ ਨਾਲ ਜਿੱਤ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੇ ਲੋਕ ਹਿਤੈਸ਼ੀ ਹੋਣ 'ਤੇ ਮੋਹਰ ਲਾ ਦਿੱਤੀ ਹੈ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੱਤਪਾਲ ਡੋਡ ਨੇ ਅੱਗੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਵੱਲੋਂ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੀਆਂ ਸਾਰੀਆਂ ਸੀਟਾਂ 'ਤੇ ਜਿੱਤ ਪ੍ਰਾਪਤ ਕਰਕੇ ਇੱਕ ਰਿਕਾਰਡ ਕਾਇਮ ਕੀਤਾ ਜਾਵੇਗਾ। ਡੋਡ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਵੱਲੋਂ ਕੀਤੇ ਗਏ ਆਮ ਆਦਮੀ ਪਾਰਟੀ ਵਿਰੋਧੀ ਕੂੜ ਪ੍ਰਚਾਰ ਨੂੰ ਜਲੰਧਰ ਦੇ ਪੜ੍ਹੇ ਲਿਖੇ ਵੋਟਰਾਂ ਨੇ ਦਰਕਿਨਾਰ ਕਰਦਿਆਂ ਸਾਰੇ ਵਿਰੋਧੀਆਂ ਨੂੰ ਚਾਰੇ ਖਾਨੇ ਚਿੱਤ ਕਰ ਦਿੱਤਾ ਹੈ। 'ਆਪ' ਉਮੀਦਵਾਰ ਦੀ ਜਿੱਤ ਦੇ ਮੱਦੇਨਜ਼ਰ ਢੋਲ ਨਗਾਰੇ ਵਜਾਉਂਦੇ ਹੋਏ ਲੱਡੂ ਵੰਡੇ ਗਏ। ਇਸ ਮੌਕੇ ਸ਼ਹਿਰੀ ਪ੍ਰਧਾਨ ਅਸ਼ੋਕ ਕੁਮਾਰ ਗਰਗ, ਜਸਵੰਤ ਸਿੰਘ ਜਸਵੰਤ, ਗੁਰਪਿਆਰ ਸਿੰਘ, ਗੁਰਦਰਸ਼ਨ ਸਿੰਘ ਢਿੱਲੋਂ, ਸੁਖਰੀਤ ਰੋਮਾਣਾ ਸਮੇਤ ਅਨੇਕਾਂ ਆਪ ਆਗੂ ਅਤੇ ਵਰਕਰ ਹਾਜ਼ਰ ਸਨ।

### ਸ੍ਰੀ ਗੁਰੂ ਰਵਿਦਾਸ ਮੰਦਰ ਦੇ ਲੰਗਰ ਹਾਲ ਦਾ ਲੈਂਟਰ ਪਾਇਆ

**ਭੀਖੀ (ਧਰਮਵੀਰ ਸ਼ਰਮਾ)**-ਸ੍ਰੀ ਗੁਰੂ ਰਵਿਦਾਸ ਮੰਦਰ ਵਾਰਡ ਨੰ. 4-5 ਵਿਖੇ ਲੰਗਰ ਹਾਲ ਦਾ ਲੈਂਟਰ ਪਾਇਆ ਗਿਆ। ਇਸ ਮੌਕੇ ਲੈਂਟਰ ਸ਼ੁਰੂ ਕਰਨ ਦੀ ਰਸਮ ਲਾਲਾ ਮਿੱਠੂ ਰਾਮ ਅਤਲੇ ਵਾਲਿਆਂ ਨੇ ਅਦਾ ਕੀਤੀ। ਇਸ ਮੌਕੇ ਪ੍ਰਸ਼ਾਦ ਲਾਉਣ ਦੀ ਰਸਮ ਡੇਰਾ ਬਾਬਾ ਲੋਪੋਆਣਾ ਦੇ ਮੁਖੀ ਬਾਬਾ ਬਾਲਕ ਦਾਸ ਨੇ ਅਦਾ ਕੀਤੀ, ਜੋ ਕਿ ਸਮੂਹ ਸੰਗਤ ਵਿੱਚ ਵਰਤਾਇਆ ਗਿਆ। ਕਮੇਟੀ ਪ੍ਰਧਾਨ ਗੁਲਾਬ ਸਿੰਘ ਨੇ ਦੱਸਿਆ ਕਿ ਉਕਤ ਲੰਗਰ ਵਾਲੀ ਜਗ੍ਹਾ ਸ੍ਰੀ ਸ਼ਨੀ ਦੇਵ ਮੰਦਰ ਕਮੇਟੀ ਦੇ ਪ੍ਰਧਾਨ ਸ਼ਿਵ ਕੁਮਾਰ ਬਬਲੂ ਨੇ ਦਾਨ ਵਿੱਚ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਹੁਣ ਇਸ ਜਗ੍ਹਾ 'ਤੇ ਲੰਗਰ ਹਾਲ ਬਨਣ ਨਾਲ ਮੰਦਰ ਵਿਖੇ ਹੋਣ ਵਾਲੇ ਪ੍ਰੋਗਰਾਮਾਂ ਲਈ ਸੌਖ ਹੋਵੇਗੀ। ਉਨ੍ਹਾਂ ਕਿਹਾ ਕਿ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਮੰਦਰ ਨੂੰ ਨਵੀਂ ਦਿੱਖ ਪ੍ਰਦਾਨ ਕੀਤੀ ਜਾ ਰਹੀ ਹੈ। ਇਸ ਮੌਕੇ ਕਮੇਟੀ ਪ੍ਰਧਾਨ ਗੁਲਾਬ ਸਿੰਘ, ਲਛਮਣ ਸਿੰਘ, ਜੁਗਰਾਜ ਸਿੰਘ, ਦੌਲਤ ਸਿੰਘ, ਨਿੱਕਾ ਸਿੰਘ, ਗੁਰਮੀਤ ਸਿੰਘ, ਜਸਵੀਰ ਸਿੰਘ, ਜਗਦੀਪ ਸਿੰਘ ਤੇ ਠਾਕੁਰ ਸਿੰਘ ਆਦਿ ਹਾਜ਼ਰ ਸਨ।

# ਐੱਨ ਐੱਚ ਐੱਮ ਮੁਲਾਜ਼ਮਾਂ ਨੇ ਵਿਧਾਇਕ ਨੂੰ ਸੌਂਪਿਆ ਮੰਗ ਪੱਤਰ



**ਬੁਢਲਾਡਾ (ਅਸ਼ੋਕ ਲਾਕੜਾ)**-ਨੈਸ਼ਨਲ ਹੈਲਥ ਮਿਸ਼ਨ ਅਧੀਨ ਸਿਹਤ ਵਿਭਾਗ ਵਿੱਚ ਕੰਮ ਕਰਦੇ ਸਿਹਤ ਮੁਲਾਜ਼ਮਾਂ ਵੱਲੋਂ ਹਲਕਾ ਵਿਧਾਇਕ ਨੂੰ ਆਪਣੀਆਂ ਹੱਕੀ ਮੰਗਾਂ ਲਈ ਮੰਗ ਪੱਤਰ ਸੌਂਪਿਆ ਗਿਆ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਪਿਛਲੇ ਸਮੇਂ ਦੌਰਾਨ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ, ਜਿਸ ਦੇ ਤਹਿਤ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਦਾ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਸੀ ਤੇ ਇਸ ਤੋਂ ਬਾਅਦ ਸਿਹਤ ਵਿਭਾਗ ਦੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਦਾ ਬਿਆਨ ਵੀ ਜਾਰੀ ਕੀਤਾ ਸੀ, ਪ੍ਰੰਤੂ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਸਿਹਤ ਵਿਭਾਗ 'ਚ ਕੰਮ ਕਰਦੇ ਨੈਸ਼ਨਲ ਹੈਲਥ ਮਿਸ਼ਨ ਕੱਚੇ ਮੁਲਾਜ਼ਮਾਂ ਨੂੰ ਵਾਰ ਵਾਰ ਨਜ਼ਰ ਅੰਦਾਜ਼ ਕੀਤਾ ਹੈ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਸਟੇਟ ਆਗੂ ਅਮਨਦੀਪ ਸਿੰਘ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਨੈਸ਼ਨਲ ਹੈਲਥ ਮਿਸ਼ਨ ਦੇ ਮੁਲਾਜ਼ਮਾਂ ਨਾਲ ਧੋਖਾ ਕੀਤਾ ਹੈ, ਜਿਸ ਕਾਰਨ ਇਨ੍ਹਾਂ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਜਲਦੀ ਜਲਦੀ ਤੋਂ ਐੱਨ ਐੱਚ ਐੱਮ ਮੁਲਾਜ਼ਮਾਂ ਨੂੰ ਰੈਗੂਲਰ ਕਰੇ ਜਾਂ ਬਰਾਬਰ ਕੰਮ ਬਰਾਬਰ ਤਨਖਾਹ ਦਾ ਫੈਸਲਾ ਲਾਗੂ ਕਰੇ। ਜੇਕਰ ਹੁਣ ਵੀ ਪੰਜਾਬ ਸਰਕਾਰ ਵੱਲੋਂ ਸਾਡੇ ਬਾਰੇ ਨਾ ਸੋਚਿਆ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਸਰਕਾਰ ਵਿਰੁੱਧ ਤਿੱਖਾ ਸੰਘਰਸ਼ ਉਲੀਕਿਆ ਜਾ ਜਾਵੇਗਾ। ਇਸ ਮੌਕੇ ਰਾਜਵਿੰਦਰ ਕੌਰ ਪ੍ਰਧਾਨ ਬਲਾਕ ਬੁੱਢਲਾਡਾ, ਗੁਰਸੇਵਕ ਸਿੰਘ, ਅਮਰਜੀਤ ਕੌਰ ਪ੍ਰਧਾਨ ਏ ਐੱਨ ਐੱਮ ਯੂਨੀਅਨ, ਪ੍ਰਦੀਪ ਕੌਰ, ਸਵਿੰਦਰ ਕੌਰ, ਵੀਰਪਾਲ ਕੌਰ, ਨੀਲਮ ਰਾਣੀ ਤੇ ਸਮੂਹ ਨੈਸ਼ਨਲ ਹੈਲਥ ਮਿਸ਼ਨ ਦੇ ਮੁਲਜ਼ਮ ਹਾਜ਼ਰ ਸਨ।

# ਆਦਰਸ਼ ਸਕੂਲਾਂ ਦੀਆਂ ਲਟਕਦੀਆਂ ਮੰਗਾਂ ਦਾ ਮੁੱਖ ਮੰਤਰੀ ਹੀ ਕਰ ਸਕਦੇ ਨਿਬੇੜਾ : ਮੱਖਣ ਬੀਰ, ਸੁਖਬੀਰ ਪਾਤੜਾਂ

## *ਮੁੱਖ ਮੰਤਰੀ ਨਾਲ ਜਥੇਬੰਦੀਆਂ ਦੀ ਮੀਟਿੰਗ ਤੈਅ ਕਰਵਾਉਣ ਦੀ ਮੰਗ*

**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਦੇ ਆਦਰਸ਼ ਸਕੂਲਾਂ ਦੇ ਅਧਿਆਪਕਾਂ ਤੇ ਦਰਜਾ ਚਾਰ ਮੁਲਾਜ਼ਮਾਂ ਦੀਆਂ ਚਿਰਾਂ ਤੋਂ ਲਟਕਦੀਆਂ ਆ ਰਹੀਆਂ ਹੱਕੀ ਤੇ ਜਾਇਜ਼ ਮੰਗਾਂ ਦਾ ਠੋਸ ਤੇ ਸਾਰਥਕ ਹੱਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਹੀ ਕਰ ਸਕਦੇ ਹਨ, ਉਨ੍ਹਾਂ ਤੋਂ ਬਿਨਾਂ ਨਿਬੇੜਾ ਸੰਭਵ ਨਹੀਂ, ਕਿਉਂਕਿ ਮੁੱਖ ਮੰਤਰੀ ਪੰਜਾਬ ਆਦਰਸ਼ ਸਕੂਲਾਂ ਦੇ ਚੇਅਰਮੈਨ ਵੀ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਦਰਸ਼ ਸਕੂਲ ਯੂਨੀਅਨ ਪੰਜਾਬ (ਪੀਪੀਪੀ ਤਰਜ) ਦੇ ਸੂਬਾ ਪ੍ਰਧਾਨ ਮੱਖਣ ਸਿੰਘ ਬੀਰ ਤੇ ਜਨਰਲ ਸਕੱਤਰ ਸੁਖਬੀਰ ਸਿੰਘ ਪਾਤੜਾਂ ਨੇ ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਕੀਤਾ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਸਿੱਖਿਆ ਵਿਕਾਸ ਬੋਰਡ ਆਦਰਸ਼ ਸਕੂਲਾਂ ਨੂੰ ਮਿਆਰੀ ਤੇ ਸੁਹਿਰਦ ਤਰੀਕੇ ਨਾਲ ਚਲਾਉਣ ਲਈ ਛੇਤੀ ਤੋਂ ਛੇਤੀ ਮੁਲਾਜ਼ਮ ਤੇ ਵਿਦਿਆਰਥੀ ਪੱਖੀ ਠੋਸ ਨੀਤੀ ਬਣਾ ਕੇ ਚਲਾਵੇ, ਜਦਕਿ ਅੱਜ ਇਹ ਕਾਣੀ ਵੰਡ ਤਹਿਤ ਚਲਾਏ ਜਾ ਰਹੇ ਹਨ। ਆਦਰਸ਼ ਸਕੂਲਾਂ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਅਤਿ ਨਿਗੂਣੀਆਂ ਹੋਣ ਦੇ ਬਾਵਜੂਦ ਬਹੁਤ ਵੱਡੇ ਆਪਸੀ ਵਖਰੇਵੇਂ ਵੀ ਹਨ। ਉਨ੍ਹਾ ਕਿਹਾ ਕਿ ਇਨ੍ਹਾਂ ਤਨਖਾਹਾਂ ਦੇ ਵਖਰੇਵਿਆਂ ਨੂੰ ਦੂਰ ਕਰਕੇ ਕਰਮਚਾਰੀਆਂ ਨੂੰ ਇੱਕ ਗਰੇਡ ਪੇਅ ਮੁਤਾਬਕ ਤਨਖਾਹਾਂ ਸਿੱਧੀਆਂ ਸਿੱਖਿਆ ਵਿਕਾਸ ਬੋਰਡ ਵੱਲੋਂ ਦੇਣੀਆਂ ਯਕੀਨੀ ਬਣਾਈਆਂ ਜਾਣ। ਯੂਨੀਅਨ ਆਗੂਆਂ ਨੇ ਪੁਰਜ਼ੋਰ ਸ਼ਬਦਾਂ 'ਚ ਸਰਕਾਰ ਤੇ ਉੱਚ ਅਧਿਕਾਰੀਆਂ ਤਰਫੋਂ ਜਥੇਬੰਦੀ ਦੀ ਮੀਟਿੰਗ ਮੁੱਖ ਮੰਤਰੀ ਸਾਹਿਬ ਨਾਲ ਤੈਅ ਕਰਵਾਉਣ ਦੀ ਤਜਵੀਜ਼ ਪੇਸ਼ ਕੀਤੀ ਹੈ। ਆਗੂਆਂ ਨੇ ਕਿਹਾ ਕਿ ਜੇਕਰ ਮੁੱਖ ਮੰਤਰੀ ਸਾਹਿਬ ਨਾਲ ਮੀਟਿੰਗ ਤੈਅ ਨਾ ਕਰਵਾਈ ਗਈ ਤਾਂ ਜਥੇਬੰਦੀ ਨੂੰ ਮਜਬੂਰਨ ਸੰਘਰਸ਼ ਦਾ ਰਸਤਾ ਅਖ਼ਤਿਆਰ ਕਰਨ ਲਈ ਮਜਬੂਰ ਹੋਣਾ ਪਵੇਗਾ।

# ਸ਼ਿਵਾਲਿਕ ਪਬਲਿਕ ਸਕੂਲ 'ਚ 'ਮਾਂ ਦਿਵਸ' ਮਨਾਇਆ



**ਸਮਾਣਾ (ਇਕਬਾਲ ਸਿੰਘ ਬੱਲ)**-ਸ਼ਿਵਾਲਿਕ ਮਲਟੀਪਰਪਜ਼ ਪਬਲਿਕ ਸਕੂਲ ਸਮਾਣਾ ਵੱਲੋਂ ਮਾਂ ਦਿਵਸ ਧੂਮਧਾਮ ਨਾਲ ਕੇਕ ਕੱਟ ਕੇ ਮਨਾਇਆ ਗਿਆ ਤੇ ਬੱਚਿਆਂ ਨੇ ਮਾਂ ਨਾਲ ਸਬੰਧਤ ਵੱਖ ਵੱਖ ਗਤੀਵਿਧੀਆਂ ਜਿਵੇਂ ਭਾਸ਼ਣ, ਕਵਿਤਾਵਾਂ, ਸਕਿੱਟ, ਪੋਸਟਰ ਮੇਕਿੰਗ, ਡਰਾਇੰਗ, ਡਾਂਸ, ਕਾਰਡ ਮੇਕਿੰਗ, ਲੇਖ ਆਦਿ ਵਿੱਚ ਹਿੱਸਾ ਲਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਰੇਨੂੰ ਬਾਲਾ ਨੇ ਜੀਵਨ ਵਿੱਚ ਮਾਂ ਦੀ ਮਹੱਤਤਾ ਬਾਰੇ ਦੱਸਿਆ ਕਿ ਮਾਂ ਹੀ ਬੱਚੇ ਦਾ ਪਹਿਲਾ ਸਕੂਲ ਹੁੰਦੀ ਹੈ, ਜਿਸ ਵਿੱਚ ਉਹ ਬੱਚੇ ਨੂੰ ਸਮਾਜ ਵਿੱਚ ਵਿਚਰਨ ਦੀ ਜਾਚ ਸਿਖਾਉਂਦੀ ਹੈ। ਇਸ ਮੌਕੇ ਅਧਿਆਪਕ ਸੁਕਿੰਦਰ ਕੌਰ, ਰਸ਼ਿਕਾ, ਕ੍ਰਿਸ਼ਮਾ, ਸੁਰੇਖਾ, ਹੁਸਨਾਂ, ਤਾਨੀਆ, ਮਨੀਸ਼ਾ, ਮਹਿਕ, ਅਨੀਤਾ ਆਦਿ ਅਧਿਆਪਕ ਮੌਜੂਦ ਰਹੇ।

# ਬਾਬਾ ਬੰਦਾ ਸਿੰਘ ਬਹਾਦਰ ਸਕੂਲ 'ਚ ਸਰਹਿੰਦ ਫਤਿਹ ਦਿਵਸ ਮਨਾਇਆ



**ਜਗਰਾਓਂ (ਅਮਿਤ ਖੰਨਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਬੀ. ਬੀ. ਐੱਸ. ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ ਵਿਖੇ ਸਰਹਿੰਦ ਫਤਿਹ ਦਿਵਸ ਦਾ ਇਤਿਹਾਸਕ ਦਿਹਾੜਾ ਮਨਾਇਆ ਗਿਆ। ਮੈਨੇਜਮੈਂਟ, ਪ੍ਰਿੰਸੀਪਲ ਤੇ ਅਧਿਆਪਕ ਅਤੇ ਬੱਚੇ ਅਰਦਾਸ ਵਿੱਚ ਸ਼ਾਮਲ ਹੋਏ। ਇਸ ਸਮੇਂ ਸਕੂਲ ਮੈਨੇਜਮੈਂਟ ਨੇ ਬੱਚਿਆਂ ਨੂੰ ਦੱਸਿਆ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਮੁਗਲਾਂ ਦੇ 700 ਸਾਲਾਂ ਦੇ ਰਾਜ ਦਾ ਖ਼ਾਤਮਾ 2 ਸਾਲਾਂ ਅੰਦਰ ਕਰਕੇ ਪਹਿਲੇ ਸਿੱਖ ਲੋਕ ਰਾਜ ਦੀ ਨੀਂਹ 12 ਮਈ 1710 ਨੂੰ ਰੱਖੀ ਤੇ 14 ਮਈ ਨੂੰ ਸਰਹਿੰਦ 'ਤੇ ਫਤਿਹ ਦਾ ਝੰਡਾ ਲਹਿਰਾਇਆ। ਉਨ੍ਹਾ ਦੱਸਿਆ ਕਿ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਇਸ ਧਰਤੀ 'ਤੇ ਜਬਰ ਜ਼ੁਲਮ ਹੋਇਆ, ਉਦੋਂ ਹੀ ਉਸ ਨੂੰ ਮਿਟਾਉਣ ਲਈ ਕੋਈ ਨਾ ਕੋਈ ਸੂਰਵੀਰ ਅੱਗੇ ਆਇਆ। ਉਨ੍ਹਾਂ ਨੇ ਸਮੁੱਚੀ ਮਾਨਵਤਾ ਦੇ ਭਲੇ ਦੀ ਗੱਲ ਕੀਤੀ। ਉਨ੍ਹਾ ਦੱਸਿਆ ਕਿ ਜ਼ੁਲਮ ਕਰਨਾ ਤੇ ਸਹਿਣਾ ਦੋਨੋਂ ਹੀ ਪਾਪ ਹਨ। ਇਸ ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ ਤੇ ਅਰਦਾਸ ਉਪਰੰਤ ਕੜਾਹ ਪ੍ਰਸ਼ਾਦਿ ਦੀ ਦੇਗ ਵੀ ਵਰਤਾਈ ਗਈ।

# ਪੰਜਾਬ ਕਾਨਵੈਂਟ ਸਕੂਲ ਦਾ ਦਸਵੀਂ ਦਾ ਨਤੀਜਾ ਸ਼ਾਨਦਾਰ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਅੱਜ ਸੀ.ਬੀ.ਐੱਸ.ਈ ਬੋਰਡ ਵੱਲੋਂ ਦਸਵੀ ਕਲਾਸ ਦਾ ਨਤੀਜਾ ਐਲਾਨਿਆ ਗਿਆ। ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪੰਜਾਬ ਕਾਨਵੈਂਟ ਸਕੂਲ ਬਾਘਾ ਪੁਰਾਣਾ ਦੇ ਬੱਚਿਆਂ ਨੇ ਹਰ ਵਾਰ ਦੀ ਤਰ੍ਹਾਂ ਬਹੁਤ ਹੀ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਅਤੇ ਨਤੀਜਾ 100 ਫੀਸਦੀ ਰਿਹਾ । ਦਸਵੀ ਕਲਾਸ ਵਿੱਚੋਂ ਸਿਮਰਨ ਕੌਰ 96.6%, ਭਵਨਦੀਪ ਕੌਰ 96.2%, ਖੁਸ਼ਦੀਪ ਕੌਰ 94%, ਸ਼ਿਵਾਨੀ ਅਰੋੜਾ 94.4%, ਗੁਰਪ੍ਰੀਤ ਸਿੰਘ ਰਣੌਤਾ 93.6%, ਸਾਹਿਲ ਤੂਰਾ 91.6%, ਜਸਕਰਨ ਸਿੰਘ ਬਰਾੜ 89.8%, ਕਿਰਨਦੀਪ ਕੌਰ ਗਿੱਲ 88.8%, ਰਨਬੀਰ ਸਿੰਘ 88.6%, ਜਸਕਰਨ ਸਿੰਘ 88.4%, ਰਾਜਕੰਵਰ ਸਿੰਘ 88.4%, ਨਵਦੀਪ ਕੌਰ 86.6%, ਉਪਨੀਤ ਕੌਰ 86.4%, ਤਨਵੀਰ ਸਿੰਘ ਨੇ 85% ਅੰਕ ਪ੍ਰਾਪਤ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ । ਪ੍ਰਿੰਸੀਪਲ ਮੈਡਮ ਨੀਲਿਮਾ ਅਰੋੜਾ ਨੇ ਬੱਚਿਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਚੇਅਰਮੈਨ ਆਰ ਕੇ ਗੁਪਤਾ, ਡਾਇਰੈਕਟਰ ਅਜੇਪਾਲ ਸਿੰਘ, ਵਾਈਸ ਚੇਅਰਮੈਨ ਰਮਨ ਮਿੱਤਲ, ਬਲਵਿੰਦਰ ਸਿੰਘ, ਪਰਮਜੀਤ ਸਿੰਘ, ਮੈਡਮ ਰਚਨਾ ਮਿੱਤਲ ਆਦਿ ਹਾਜ਼ਰ ਸਨ।

# ਸਟੈਨਫੋਰਡ ਸਕੂਲ 'ਚ ਫਿਜ਼ੀਓਥਰੈਪੀ ਤੇ ਅੱਖਾਂ ਦਾ ਮੁਫਤ ਜਾਂਚ ਕੈਂਪ



**ਮਹਿਲ ਕਲਾਂ (ਬਲਵਿੰਦਰ ਵਜੀਦਕੇ,ਪ੍ਰਦੀਪ ਲੋਹਗੜ੍ਹ)**
ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸਟੈਨਫੋਰਡ ਇੰਟਰਨੈਸ਼ਨਲ ਸਕੂਲ ਚੰਨਣਵਾਲ ਵਿਖੇ ਪ੍ਰਿੰਸੀਪਲ ਪ੍ਰਦੀਪ ਕੌਰ ਗਰੇਵਾਲ ਦੀ ਦੇਖ-ਰੇਖ ਹੇਠ ਫਿਜ਼ੀਓਥਰੈਪੀ ਤੇ ਅੱਖਾਂ ਦਾ ਮੁਫਤ ਜਾਂਚ ਕੈਂਪ ਲਗਾਇਆ ਗਿਆ। ਇਸ ਦੌਰਾਨ ਮਾਹਰ ਡਾਕਟਰ ਰਮਿੰਦਰ ਕੌਰ, ਡਾ. ਖੁਸ਼ਬੂ ਦੱਤ, ਡਾ. ਰੂਪੇਸ਼, ਡਾ. ਸੇਵਿਨ, ਡਾ. ਸ਼ਰੂਤੀ ਨੇ ਵਿਦਿਆਰਥੀਆਂ ਨੂੰ ਫਿਜ਼ੀਓਥਰੈਪੀ ਸੰਬੰਧੀ ਵਿਸਥਾਰਪੂਰਵਕ ਢੰਗ ਨਾਲ ਜਾਣਕਾਰੀ ਦਿੰਦਿਆਂ ਉਨ੍ਹਾਂ ਦੀਆਂ ਅੱਖਾਂ ਦੀ ਜਾਂਚ ਕੀਤੀ। ਪ੍ਰਿੰ: ਪ੍ਰਦੀਪ ਕੌਰ ਨੇ ਦੱਸਿਆ ਕਿ ਇਹ ਕੈਂਪ ਲਗਾਉਣ ਦਾ ਮੁੱਖ ਮਕਸਦ ਵਿਦਿਆਰਥੀਆਂ ਦੀ ਤੰਦਰੁਸਤ ਸਿਹਤ ਨੂੰ ਬਰਕਰਾਰ ਰੱਖਣਾ ਅਤੇ ਉਨ੍ਹਾਂ ਨੂੰ ਸਿਹਤ ਸੰਭਾਲ ਪ੍ਰਤੀ ਜਾਗਰੂਕ ਕਰਨਾ ਹੈ। ਪ੍ਰਬੰਧਕ ਕਮੇਟੀ ਪ੍ਰਧਾਨ ਡਾ. ਤਪਿੰਦਰ ਸਿੰਘ ਗਰੇਵਾਲ ਨੇ ਕੈਂਪ ਦੀ ਸਫਲਤਾ 'ਚ ਸਹਿਯੋਗ ਦੇਣ ਵਾਲੇ ਮਾਹਰ ਡਾਕਟਰਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਆਸ ਪ੍ਰਗਟ ਕੀਤੀ ਕਿ ਭਵਿੱਖ 'ਚ ਉਨ੍ਹਾਂ ਵੱਲੋਂ ਸਹਿਯੋਗ ਇਸੇ ਤਰ੍ਹਾਂ ਮਿਲਦਾ ਰਹੇਗਾ।
ਉਨ੍ਹਾਂ ਸਮੂਹ ਵਿਦਿਆਰਥੀਆਂ ਨੂੰ ਮਾਹਰ ਡਾਕਟਰਾਂ ਵੱਲੋਂ ਸਿਹਤ ਸੰਭਾਲ ਸੰਬੰਧੀ ਦੱਸੇ ਨਿਯਮਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ।

# ਜਲੰਧਰ ਸੀਟ ਜਿੱਤਣ ਦੀ ਖ਼ੁਸ਼ੀ 'ਚ ਆਪ ਆਗੂਆਂ ਨੇ ਲੱਡੂ ਵੰਡੇ



**ਦੋਦਾ (ਵਕੀਲ ਬਰਾੜ)**-ਲੋਕ ਸਭਾ ਸੀਟ ਜਲੰਧਰ ਤੋਂ ਬਾਈ ਇਲੈਕਸ਼ਨ ਦੌਰਾਨ ਆਮ ਆਦਮੀ ਪਾਰਟੀ ਦੇ ਸੁਸ਼ੀਲ ਕੁਮਾਰ ਰਿੰਕੂ ਦੀ ਜਿੱਤ ਦੀ ਖੁਸ਼ੀ ਵਿੱਚ ਡੇਰਾ ਬਾਬਾ ਧਿਆਨ ਦਾਸ ਦੋਦਾ ਅੱਗੇ ਜ਼ਿਲ੍ਹਾ ਯੋਜਨਾ ਬੋਰਡ ਚੇਅਰਮੈਨ ਸੁਖਜਿੰਦਰ ਸਿੰਘ ਕਾਉਣੀ ਦੀ ਅਗਵਾਈ ਹੇਠ ਲੱਡੂ ਵੰਡੇ ਗਏ। ਇਸ ਮੌਕੇ ਉਨ੍ਹਾ ਕਿਹਾ ਕਿ ਜਲੰਧਰ ਦੇ ਲੋਕਾਂ ਨੇ ਪੰਜਾਬ ਸਰਕਾਰ ਦੇ ਕੰਮਾਂ ਤੋਂ ਖੁਸ਼ ਹੋ ਕੇ ਆਪ ਦੇ ਉਮੀਦਵਾਰ ਨੂੰ ਵੱਡੀ ਲੀਡ ਨਾਲ ਜਿੱਤ ਦਿੱਤੀ ਹੈ। ਉਨ੍ਹਾ ਜਿੱਥੇ ਸਮੂਹ ਆਗੂਆਂ ਤੇ ਵੋਟਰਾਂ ਦਾ ਧੰਨਵਾਦ ਕੀਤਾ, ਉਥੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਸਮੁੱਚੀ ਟੀਮ ਨੂੰ ਵਧਾਈ ਦਿੱਤੀ। ਇਸ ਮੌਕੇ ਜਗਮੋਹਨ ਸੁਖਨਾਂ, ਸੇਵਕ ਸੂਰੇਵਾਲਾ, ਜਸਵਿੰਦਰ ਸ਼ਰਮਾ, ਰਾਜਾ ਮੱਲਣ, ਮਨਦੀਪ ਧੂਲਕੋਟ, ਰੇਸ਼ਮ ਸਿੰਘ, ਉਜਾਗਰ ਦੋਦਾ, ਨਿਰਮਲ ਸਮਾਘ, ਹਰਪ੍ਰੀਤ ਕੋਟਭਾਈ, ਰਣਜੀਤ ਸਿੰਘ, ਦਰਸ਼ਨ ਸੂਰੇਵਾਲਾ ਆਦਿ ਹਾਜ਼ਰ ਸਨ।

# ਮੰਗਾਂ ਪੂਰੀਆਂ ਹੋਣ ਤੱਕ ਸੰਘਰਸ਼ ਜਾਰੀ ਰਹੇਗਾ : ਸਰਬਜੀਤ ਸਿੰਘ



**ਸੰਗਰੂਰ (ਪ੍ਰਵੀਨ ਸਿੰਘ)**-ਭਾਖੜਾ ਬਿਆਸ ਇੰਪਲਾਈਜ਼ ਯੂਨੀਅਨ (ਏਟਕ, ਐਫੀ) ਦੇ ਸਮੂਹ ਵਰਕਰਾਂ ਵੱਲੋਂ ਅੱਜ ਆਪਣੀਆਂ ਮੰਗਾਂ ਨੂੰ ਲੈ ਕੇ ਬੀ ਬੀ ਐਮ ਬੀ ਪ੍ਰਸ਼ਾਸਨ ਖਿਲਾਫ ਜੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਪ੍ਰਧਾਨ ਸਰਬਜੀਤ ਸਿੰਘ ਨੇ ਕਿਹਾ ਕਿ ਜਦੋਂ ਤੱਕ ਬੀ ਬੀ ਐਮ ਬੀ ਪ੍ਰਸ਼ਾਸਨ ਕਰਮਚਾਰੀਆਂ ਦੀਆਂ ਮੰਗਾਂ ਪੂਰੀਆਂ ਨਹੀਂ ਕਰਦਾ ਓਨਾ ਚਿਰ ਇਹ ਰੋਸ ਪ੍ਰਦਰਸ਼ਨ ਲਗਾਤਾਰ ਜਾਰੀ ਰਹੇਗਾ।
ਉਨ੍ਹਾ ਕਿਹਾ ਕਿ ਸਾਡੀਆਂ ਜਾਇਜ ਮੰਗਾਂ ਰਾਜਸਥਾਨ ਸ਼ੇਅਰ ਕੋਟਾ ਬੀ.ਬੀ.ਐਮ.ਬੀ ਪੇਅ ਸਕੇਲ, ਕੱਚੇ ਕਾਮੇ ਪੱਕੇ ਕਰਨਾ, ਸੰਗਰੂਰ ਕੇਂਦਰ 'ਚ ਸਟਾਫ ਦੀ ਪੂਰਤੀ ਕੀਤੀ ਜਾਵੇ ਅਤੇ ਸਵਰਗਵਾਸੀ ਸੁਖਰਾਮ ਲਾਈਨਮੈਨ ਦੇ ਪਰਵਾਰ ਨੂੰ ਬਣਦੀ ਸਹੂਲਤ ਤੁਰੰਤ ਦਿੱਤੀ ਜਾਵੇ। ਇਸ ਮੌਕੇ ਸੈਕਟਰੀ ਸੁਰੇਸ਼ ਸੈਣੀ , ਤੇਜਿੰਦਰ ਸਿੰਘ, ਰਣਜੀਤ ਸਿੰਘ ਨੇ ਵੀ ਸੰਬੋਧਨ ਕੀਤਾ।

# ਥਾਣੇ ਮੂਹਰੇ ਧਰਨਾ 406ਵੇਂ ਦਿਨ ਰਿਹਾ ਜਾਰੀ



**ਹਠੂਰ (ਨਛੱਤਰ ਸੰਧੂ)**
ਪੁਲਸ ਅੱਤਿਆਚਾਰ ਖਿਲਾਫ ਥਾਣੇ ਮੂਹਰੇ ਚੱਲ ਰਹੇ ਅਣਮਿਥੇ ਸਮੇਂ ਦਾ ਧਰਨਾ 406ਵੇਂ ਦਿਨ ਵੀ ਜਾਰੀ ਰਿਹਾ। ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਝੋਰੜਾਂ ਨੇ ਕਿਹਾ ਕਿ ਜਗਰਾਉਂ ਦੇ ਜਾਅਲੀ ਬਣੇ ਰਹੇ ਐਸਐਚਓ ਗੁਰਿੰਦਰ ਬੱਲ ਦੇ ਅੱਤਿਆਚਾਰ ਖਿਲਾਫ਼ ਥਾਣਾ ਸਿਟੀ ਮੂਹਰੇ ਚੱਲ ਰਿਹਾ ਧਰਨਾ ਪੀੜ੍ਹਤ ਪਰਵਾਰ ਨੂੰ ਨਿਆਂ ਮਿਲਣ ਤੱਕ ਨਿਰੰਤਰ ਜਾਰੀ ਰਹੇਗਾ।
ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਲੋਕ ਵਿਰੋਧੀ ਚੇਹਰਾ ਪੂਰੀ ਤਰ੍ਹਾਂ ਜਗ ਜ਼ਾਹਰ ਹੋ ਗਿਆ ਹੈ। ਕਿਸਾਨ ਯੂਨੀਅਨ ਜ਼ਿਲ੍ਹਾ ਸਕੱਤਰ ਸਾਧੂ ਸਿੰਘ ਅੱਚਰਵਾਲ, ਵਿੱਤ ਸਕੱਤਰ ਰੂਪ ਸਿੰਘ, ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਨਿਰਮਲ ਸਿੰਘ ਰਸੂਲਪੁਰ, ਗੁਰਚਰਨ ਸਿੰਘ ਰਸੂਲਪੁਰ, ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ (ਰਜਿ:) ਦੇ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ ਕਲਾਂ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਨਿਰਮਲ ਸਿੰਘ ਧਾਲੀਵਾਲ ਨੇ ਕਿਹਾ ਕਿ ਗੁਰਿੰਦਰ ਬੱਲ ਨੇ ਸਾਲ 2004-2005 ਵਿੱਚ ਆਮ ਲੋਕਾਂ 'ਤੇ ਭਾਰੀ ਅੱਤਿਆਚਾਰ ਕੀਤੇ ਸਨ ਅਤੇ ਬੇਨਾਮੀ ਜਾਇਦਾਦ ਬਣਾਈ ਹੈ।
ਉਨ੍ਹਾਂ ਕਿਹਾ ਕਿ ਜਗਰਾਉਂ ਦੀਆਂ ਧੀਆਂ-ਭੈਣਾਂ ਦੀਆਂ ਵੀ ਧੱਕੇਸ਼ਾਹੀਆਂ ਕੀਤੀਆਂ ਸਨ, ਪਰ ਪੁਲਸ ਅਧਿਕਾਰੀ ਪੀੜ੍ਹਤਾਂ ਦੀ ਕੋਈ ਸੁਣਵਾਈ ਨਹੀਂ ਕਰ ਰਹੀ। ਆਗੂਆਂ ਨੇ ਪੁਲਿਸ ਅੱਤਿਆਚਾਰ ਦੀ ਨਿਖੇਧੀ ਕਰਦਿਆਂ ਮੁਕੱਦਮੇ 'ਚ ਨਾਮਜਦ ਦੋਸ਼ੀਆਂ ਨੂੰ ਸੀਖਾਂ ਪਿੱਛੇ ਬੰਦ ਕਰਨ ਦੀ ਮੰਗ ਕੀਤੀ ਹੈ। ਜ਼ਿਕਰਯੋਗ ਹੈ ਕਿ ਕਰੀਬ ਡੇਢ ਕੁ ਸਾਲ ਤੋਂ ਇਲਾਕੇ ਦੇ ਇਨਸਾਫ਼ਪਸੰਦ ਲੋਕ ਅਤੇ ਪੀੜ੍ਹਤ ਮੁਕੱਦਮੇ ਦੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕਿ ਥਾਣਾ ਸਿਟੀ ਮੂਹਰੇ ਅਣਮਿੱਥੇ ਸਮੇਂ ਦੇ ਧਰਨੇ 'ਤੇ ਬੈਠੇ ਹਨ।
ਇਸ ਸਮੇਂ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਨਿਰਮਲ ਸਿੰਘ ਰਸੂਲਪੁਰ, ਗੁਰਚਰਨ ਸਿੰਘ ਰਸੂਲਪੁਰ, ਜਲੌਰ ਸਿੰਘ ਤੇ ਦਰਸ਼ਨ ਸਿੰਘ, ਨੀਲਾ ਫੇਰੂਰਾਈ, ਵਿੰਦਰ ਕੋਠੇ, ਠੇਕੇਦਾਰ ਅਵਤਾਰ ਸਿੰਘ ਜਗਰਾਉਂ ਆਦਿ ਹਾਜ਼ਰ ਸਨ।

# ਗਰੀਨਲੈਂਡ ਸਕੂਲ ਦੇ ਵਿਦਿਆਰਥੀ ਫਿਰ ਬਣੇ ਜ਼ਿਲ੍ਹਾ ਟੌਪਰ



**ਬਰੇਟਾ (ਰੀਤਵਾਲ)**
ਸੀ.ਬੀ.ਐੱਸ.ਈ. ਵੱਲੋਂ ਐਲਾਨੇ ਦਸਵੀਂ ਦੇ ਨਤੀਜੇ 'ਚ ਸਥਾਨਕ ਗਰੀਨਲੈਂਡ ਡੇ ਬੋਰਡਿੰਗ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ, ਉਥੇ ਮਾਪਿਆਂ ਦੇ ਹੌਸਲੇ ਬੁਲੰਦ ਕਰਦਿਆਂ ਇੱਕ ਵਾਰ ਫਿਰ ਜ਼ਿਲ੍ਹੇ ਦੇ ਟੌਪਰ ਬਣ ਕੇ ਉੱਭਰੇ, ਜਿਸ ਵਿੱਚ ਸਕੂਲ ਦੀ ਵਿਦਿਆਰਥਣ ਵਾਮਸ਼ੀ ਨੇ 97 ਪ੍ਰਤੀਸ਼ਤ, ਕੁਲਮਨਦੀਪ ਕੌਰ ਨੇ 96.2 ਤੇ ਹਰਸ਼ਿਤਾ ਨੇ 95.8 ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਤੋਂ ਇਲਾਵਾ ਸਕੂਲ ਦੇ 18 ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕਰਕੇ ਆਪਣੇ ਮਾਤਾ, ਪਿਤਾ ਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਮੌਕੇ ਸਕੂਲ ਚੇਅਰਪਰਸਨ ਮੈਡਮ ਮੰਜੂ ਬਾਂਸਲ ਨੇ ਸਕੂਲ ਦੇ ਸ਼ਾਨਦਾਰ ਨਤੀਜੇ 'ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਇਹ ਅਧਿਆਪਕਾਂ ਤੇ ਮਾਪਿਆਂ ਦੀ ਸਖਤ ਮਿਹਨਤ ਤੇ ਵਿਦਿਆਰਥੀ ਦੀ ਲਗਨ ਦਾ ਨਤੀਜਾ ਹੈ। ਪ੍ਰਿੰਸੀਪਲ ਉਰਮਿਲ ਜੈਨ, ਵਾਇਸ ਪ੍ਰਿੰਸੀਪਲ ਨੀਰਜ ਵਰਮਾ ਨੇ ਬੱਚਿਆਂ, ਮਾਤਾ-ਪਿਤਾ ਤੇ ਅਧਿਆਪਕਾਂ ਨੂੰ ਵਧਾਈਆਂ ਦਿੱਤੀਆਂ ਤੇ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਜੌੜਾਮਾਜਰਾ ਨੇ ਆਪਣੀ ਟੀਮ ਨਾਲ ਜਲੰਧਰ ਲੋਕ ਸਭਾ ਚੋਣ ਜਿੱਤਣ ਦੀ ਖ਼ੁਸ਼ੀ ਮਨਾਈ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਜਲੰਧਰ ਲੋਕ ਸਭਾ ਜ਼ਿਮਨੀ ਚੋਣਾਂ ਦੇ ਆਏ ਇਤਿਹਾਸਕ ਨਤੀਜਿਆਂ ਤੋਂ ਬਾਅਦ ਆਪ ਪਾਰਟੀ 'ਚ ਹਰ ਪਾਸੇ ਖ਼ੁਸ਼ੀ ਦੀ ਲਹਿਰ ਦੌੜ ਗਈ, ਇਸੇ ਖ਼ੁਸ਼ੀ ਨੂੰ ਮੁੱਖ ਰੱਖਦਿਆਂ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਆਪ ਪਾਰਟੀ ਦੇ ਸਥਾਨਕ ਦਫਤਰ ਵਿਖੇ ਸਮੂਹ ਆਪ ਆਗੂਆਂ ਤੇ ਵਲੰਟੀਅਰਾਂ ਨਾਲ ਲੱਡੂ ਵੰਡ ਕੇ ਇਸ ਇਤਿਹਾਸਕ ਜਿੱਤ ਦੀ ਖ਼ੁਸ਼ੀ ਨੂੰ ਸਾਂਝਾ ਕੀਤਾ ਗਿਆ। ਆਮ ਆਦਮੀ ਪਾਰਟੀ ਦੇ ਸਾਰੇ ਆਗੂਆਂ ਵੱਲੋਂ ਪਹਿਲਾਂ ਸ੍ਰ. ਜੌੜਾਮਾਜਰਾ ਦਾ ਮੂੰਹ ਮਿੱਠਾ ਕਰਵਾਇਆ ਗਿਆ ਤੇ ਉਸ ਤੋਂ ਉਪਰੰਤ ਸ੍ਰ. ਜੌੜਾਮਾਜਰਾ ਨੇ ਸਾਰੇ ਸਾਥੀਆਂ ਨੂੰ ਵਧਾਈਆਂ ਦਿੱਤੀਆਂ ਤੇ ਸਾਰੇ ਆਗੂਆਂ ਦਾ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਜੌੜਾਮਾਜਰਾ ਨੇ ਕਿਹਾ ਕਿ ਜਲੰਧਰ ਦੇ ਵੋਟਰਾਂ ਨੇ ਸ੍ਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਆਪ ਪਾਰਟੀ ਦੀਆਂ ਨੀਤੀਆਂ ਤੇ ਭਗਵੰਤ ਮਾਨ ਸਰਕਾਰ ਦੇ ਲੋਕ ਪੱਖੀ ਫੈਸਲਿਆਂ 'ਤੇ ਮੋਹਰ ਲਗਾਈ। ਸੁਸ਼ੀਲ ਕੁਮਾਰ ਰਿੰਕੂ ਦੀ ਜਿੱਤ ਲੋਕਾਂ ਦੀ ਜਿੱਤ ਹੈ ਤੇ ਇਹ ਆਮ ਆਦਮੀ ਪਾਰਟੀ ਲਈ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੀ ਚੰਗੀ ਸ਼ੁਰੂਆਤ ਵੀ ਹੈ। ਉਨ੍ਹਾ ਕਿਹਾ ਕਿ ਇਹ ਜਿੱਤ ਆਮ ਆਦਮੀ ਪਾਰਟੀ ਦੇ ਇੱਕ ਸਾਲ ਦੇ ਕੰਮਾਂ ਦਾ ਨਤੀਜਾ ਹੈ ਅਤੇ ਪਾਰਟੀ ਦੀ ਸਮੁੱਚੀ ਪੰਜਾਬ ਦੀ ਲੀਡਰਸ਼ਿਪ ਵੱਲੋਂ ਜਲੰਧਰ ਲੋਕ ਸਭਾ ਜ਼ਿਮਨੀ ਚੋਣਾਂ ਵਿੱਚ ਕੀਤੀ ਸਖ਼ਤ ਮਿਹਨਤ ਤੇ ਗਰਾਊਂਡ ਲੈਵਲ 'ਤੇ ਹਰ ਵੋਟਰ ਤੱਕ ਕੀਤੀ ਡੋਰ ਟੂ ਡੋਰ ਮੁਹਿੰਮ ਕਰਕੇ ਹੀ ਐਨੀ ਵੱਡੀ ਇਤਿਹਾਸਕ ਲੀਡ ਮਿਲੀ ਹੈ। ਇਸ ਮੌਕੇ ਹਰਜਿੰਦਰ ਸਿੰਘ ਜੌੜਾਮਾਜਰਾ, ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ, ਪੀ ਏ ਗੁਰਦੇਵ ਟਿਵਾਣਾ, ਗੁਲਜ਼ਾਰ ਵਿਰਕ, ਆਦਮੀ ਪਾਰਟੀ ਦੇ ਐੱਸ ਸੀ ਵਿੰਗ ਦੇ ਹਲਕਾ ਇੰਚਾਰਜ ਸੁਰਜੀਤ ਸਿੰਘ ਦਈਆ, ਰਾਜ ਕੁਮਾਰ ਸਚਦੇਵਾ, ਬੀ ਕੇ ਗੁਪਤਾ, ਬਲਕਾਰ ਸਿੰਘ ਗੱਜੂ ਮਾਜਰਾ, ਆਪ ਦੇ ਯੂਥ ਵਿੰਗ ਦੇ ਪ੍ਰਧਾਨ ਪਾਰਸ ਸ਼ਰਮਾ, ਸੰਦੀਪ ਸ਼ਰਮਾ, ਕੁਲਬੀਰ ਸਿੰਗਲਾ ਆਦਿ ਤੋਂ ਇਲਾਵਾ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

# ਰਿਟਾਇਰਡ ਅਧਿਆਪਕ ਐਸੋਸੀਏਸ਼ਨ ਦੀ ਮੀਟਿੰਗ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਥਾਨਕ ਰਿਟਾਇਰਡ ਅਧਿਆਪਕ ਐਸੋਸੀਏਸ਼ਨ ਨੇ ਸਸਸਸ ਮੰਡੀ ਫੂਲ ਵਿਖੇ ਮਹੀਨਾਵਾਰ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਰਿਟਾਇਰੀ ਅਧਿਆਪਕ ਸਿਰ ਜੋੜ ਕੇ ਬੈਠੇ ਅਤੇ ਬਹੁਸੰਮਤੀ ਨਾਲ ਫੈਸਲਾ ਕੀਤਾ ਕਿ ਜੂਨ ਮਹੀਨੇ ਤੋਂ ਮੀਟਿੰਗ ਸ਼ਨੀਵਾਰ ਦੀ ਥਾਂ ਐਤਵਾਰ ਕੀਤੀ ਜਾਇਆ ਕਰੇਗੀ। ਅਧਿਆਪਕਾਂ ਨੇ ਆਪਣੇ ਜੀਵਨ ਦੇ ਕੌੜੇ-ਮਿੱਠੇ ਤਜਰਬੇ ਵੀ ਸਾਂਝੇ ਕੀਤੇ।
ਵਰਨਣ ਯੋਗ ਹੈ ਕਿ ਐਸੋਸੀਏਸ਼ਨ ਦੇ ਪ੍ਰਧਾਨ ਜੋ ਉਚੇਚੇ ਤੌਰ 'ਤੇ ਮੀਟਿੰਗ ਦੀ ਅਹਿਮੀਅਤ ਨੂੰ ਸਮਝਦੇ ਹੋਏ ਬਠਿੰਡੇ ਤੋਂ ਰਾਮਪੁਰਾਫੂਲ ਆ ਕੇ ਹਾਜ਼ਰ ਹੁੰਦੇ ਹਨ। ਅੱਜ ਦੀ ਮੀਟਿੰਗ ਨੇ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਬ੍ਰਿਜ ਭੂਸ਼ਣ ਨੂੰ ਤੁਰੰਤ ਗ੍ਰਿਫਤਾਰ ਕਰਨ ਅਤੇ ਸੰਘਰਸ਼ਸ਼ੀਲ ਔਰਤ ਪਹਿਲਵਾਨਾਂ, ਜਿਨ੍ਹਾਂ ਨੇ ਦੁਨੀਆ ਵਿੱਚ ਭਾਰਤ ਦਾ ਨਾਂਅ ਰੋਸ਼ਨ ਕੀਤਾ ਹੈ, ਨੂੰ ਫੌਰੀ ਇਨਸਾਫ ਦੇਣ ਦੀ ਮੰਗ ਕੀਤੀ।

# ਵਿਧਾਇਕ ਬੁੱਧ ਰਾਮ ਦੀ ਅਗਵਾਈ 'ਚ ਆਪ ਵਰਕਰਾਂ ਵੰਡੇ ਲੱਡੂ



**ਬੁੱਢਲਾਡਾ (ਅਸ਼ੋਕ ਲਾਕੜਾ)**-ਜਲੰਧਰ ਲੋਕ ਸਭਾ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਰਿੰਕੂ ਦੀ ਜਿੱਤ ਦੀ ਖੁਸ਼ੀ ਵਿੱਚ ਬੁਢਲਾਡਾ ਵਿਖੇ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧਰਾਮ ਦੀ ਅਗਵਾਈ ਹੇਠ ਪਾਰਟੀ ਵਰਕਰਾਂ ਨੇ ਲੱਡੂ ਵੰਡੇ ਤੇ ਜਿੱਤ ਦਾ ਜਸ਼ਨ ਮਨਾਇਆ। ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧਰਾਮ ਨੇ ਮੁੱਖ ਮੰਤਰੀ ਭਗਵੰਤ ਮਾਨ, ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਸਮੂਹ ਵਿਧਾਇਕਾਂ, ਜ਼ਿਲ੍ਹਾ ਪ੍ਰਧਾਨਾਂ, ਚੇਅਰਮੈਨਾਂ ਤੇ ਪਾਰਟੀ ਵਰਕਰਾਂ ਨੂੰ ਇਸ ਜਿੱਤ ਲਈ ਵਧਾਈ ਦਿੱਤੀ। ਉਨ੍ਹਾ ਕਿਹਾ ਕਿ ਜਲੰਧਰ ਜ਼ਿਮਨੀ ਚੋਣਾਂ 'ਚ ਆਮ ਆਦਮੀ ਪਾਰਟੀ ਦੀ ਜਿੱਤ ਹੋਣ ਨਾਲ ਪੰਜਾਬ ਦੇ ਲੋਕਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਕੀਤੇ ਹੋਏ ਕੰਮਾਂ 'ਤੇ ਮੋਹਰ ਲਾ ਦਿੱਤੀ ਹੈ। ਉਨ੍ਹਾਂ ਇਸ ਜਿੱਤ ਲਈ ਜਲੰਧਰ ਲੋਕ ਸਭਾ ਹਲਕੇ ਦੇ ਸਾਰੇ ਹੀ ਵੋਟਰਾਂ ਨੂੰ ਵੀ ਵਧਾਈ ਦਿੱਤੀ।

# 'ਆਪ' ਵਰਕਰਾਂ ਨੇ ਜਲੰਧਰ ਜ਼ਿਮਨੀ ਚੋਣ ਜਿੱਤ ਦੀ ਖ਼ੁਸ਼ੀ ਮਨਾਈ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਲੋਕ ਸਭਾ ਹਲਕਾ ਜਲੰਧਰ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੀ ਜਿੱਤ ਦਾ ਐਲਾਨ ਹੁੰਦਿਆਂ ਹੀ ਮਾਛੀਵਾੜਾ ਇਲਾਕੇ ਦੇ 'ਆਪ' ਵਰਕਰਾਂ ਵਿੱਚ ਵੀ ਖ਼ੁਸ਼ੀ ਦੀ ਲਹਿਰ ਦੌੜ ਗਈ। ਸਥਾਨਕ ਆਮ ਆਦਮੀ ਪਾਰਟੀ ਦੇ ਦਫ਼ਤਰ ਵਿੱਚ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੀ ਅਗਵਾਈ ਹੇਠ ਇਕੱਤਰ ਹੋਏ ਵਰਕਰਾਂ ਨੇ ਢੋਲ ਦੀ ਥਾਪ 'ਤੇ ਭੰਗੜੇ ਪਾਏ ਤੇ ਮਠਿਆਈ ਵੰਡੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਦਿਆਲਪੁਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਜਲੰਧਰ ਜ਼ਿਮਨੀ ਚੋਣ ਵਿੱਚ ਸ਼ਾਨਦਾਰ ਜਿੱਤ ਪ੍ਰਾਪਤ ਹੋਈ ਹੈ ਅਤੇ ਸਮੂਹ ਵਰਕਰਾਂ ਤੇ ਆਗੂਆਂ ਨੇ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ।

# ਮਾਈ ਭਾਗੋ ਏ ਐੱਫ ਪੀ ਆਈ ਵਿਖੇ ਐੱਨ ਡੀ ਏ ਪ੍ਰੈਪਰੇਟਰੀ ਵਿੰਗ ਸ਼ੁਰੂ ਕਰਨ ਨੂੰ ਮਨਜ਼ੂਰੀ

**ਚੰਡੀਗੜ੍ਹ, (ਗੁਰਜੀਤ ਬਿੱਲਾ)**— ਰੱਖਿਆ ਸੇਵਾਵਾਂ ਵਿੱਚ ਜਾਣ ਦੀਆਂ ਚਾਹਵਾਨ ਪੰਜਾਬ ਦੀਆਂ ਲੜਕੀਆਂ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਸ ਵਿੱਦਿਅਕ ਸੈਸ਼ਨ ਤੋਂ ਮਾਈ ਭਾਗੋ ਆਰਮਡ ਫੋਰਸਿਜ ਪ੍ਰੈਪਰੇਟਰੀ ਇੰਸਟੀਚਿਊਟ (ਲੜਕੀਆਂ), ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ.) ਪ੍ਰੈਪਰੇਟਰੀ ਵਿੰਗ ਸ਼ੁਰੂ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਇਸ ਫੈਸਲੇ ਨਾਲ ਰੱਖਿਆ ਸੇਵਾਵਾਂ ਵਿੱਚ ਲੜਕੀਆਂ ਨੂੰ ਮੌਕੇ ਪ੍ਰਦਾਨ ਕਰਨ ਦੇ ਮਾਮਲੇ ਵਿੱਚ ਪੰਜਾਬ ਮੋਹਰੀ ਸੂਬੇ ਵਜੋਂ ਬਰਕਰਾਰ ਹੈ। ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਇਹ ਪਹਿਲਕਦਮੀ ਸੂਬੇ ਵਿੱਚ ਮਹਿਲਾਵਾਂ ਦੇ ਸਸ਼ਕਤੀਕਰਨ ਵਿੱਚ ਅਹਿਮ ਸਾਬਤ ਹੋਵੇਗੀ ਕਿਉਂਕਿ ਇਸ ਨਾਲ ਸੂਬੇ ਦੀਆਂ ਹਜ਼ਾਰਾਂ ਲੜਕੀਆਂ ਨੂੰ ਰੱਖਿਆ ਸੇਵਾਵਾਂ ਵਿੱਚ ਕਮਿਸ਼ਨਡ ਅਫਸਰ ਵਜੋਂ ਸੇਵਾਵਾਂ ਨਿਭਾਉਣ ਦੇ ਆਪਣੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਮਦਦ ਮਿਲੇਗੀ। ਉਨ੍ਹਾਂ ਦੱਸਿਆ ਕਿ 4 ਜੂਨ, 2023 ਨੂੰ ਹੋਣ ਵਾਲੀ ਦਾਖਲਾ ਪ੍ਰੀਖਿਆ ਲਈ ਆਨਲਾਈਨ ਰਜਿਸਟ੍ਰੇਸ਼ਨ ਸ਼ੁਰੂ ਹੋ ਚੁੱਕੀ ਹੈ ਅਤੇ ਰਜਿਸਟ੍ਰੇਸ਼ਨ ਦੀ ਆਖਰੀ ਮਿਤੀ 28 ਮਈ, 2023 ਹੈ। ਇਸ ਸਾਲ ਪਹਿਲੇ ਬੈਚ ਲਈ 10 ਲੜਕੀਆਂ ਦੀ ਚੋਣ ਕੀਤੀ ਜਾਵੇਗੀ ਅਤੇ ਐਨ.ਡੀ.ਏ. ਦੇ ਸਿਖਲਾਈ ਕੋਰਸ ਲਈ ਅਪਲਾਈ ਕਰਨ ਵਾਸਤੇ ਇਨ੍ਹਾਂ ਲੜਕੀਆਂ ਨੇ ਸਾਲ 2023 ਵਿੱਚ 10ਵੀਂ ਜਮਾਤ ਦੀ ਪ੍ਰੀਖਿਆ ਪਾਸ ਕੀਤੀ ਹੋਵੇ ਅਤੇ ਉਨ੍ਹਾਂ ਕੋਲ ਪੰਜਾਬ ਦੀ ਨਿਵਾਸੀ ਹੋਣ ਦਾ ਸਬੂਤ ਹੋਵੇ। ਇੰਸਟੀਚਿਊਟ ਵਿੱਚ ਚੁਣੀਆਂ ਜਾਣ ਵਾਲੀਆਂ ਲੜਕੀਆਂ ਦੀ ਸਿਖਲਾਈ ਸਮੇਤ ਰਹਿਣ-ਸਹਿਣ ਸਾਰਾ ਖਰਚਾ ਸੂਬਾ ਸਰਕਾਰ ਵੱਲੋਂ ਚੁੱਕਿਆ ਜਾਵੇਗਾ।

# ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਪੰਜਾਬ ਸਰਕਾਰ ਨਿਭਾਅ ਰਹੀ ਹੈ ਅਹਿਮ ਭੂਮਿਕਾ : ਜਿੰਪਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਸੂਬੇ ਵਿੱਚ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਪੰਜਾਬ ਸਰਕਾਰ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ' ਦੇ ਨਾਂਅ ਹੇਠ ਸੂਬੇ ਭਰ ਵਿੱਚ ਖੇਡ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਦੀ ਲੋਕਾਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ। ਉਹ ਪਿੰਡ ਸ਼ੇਰਗੜ੍ਹ ਵਿੱਚ ਸ਼ਾਨ-ਏ-ਸਪੋਰਟਸ ਕਲੱਬ ਵੱਲੋਂ ਕਰਵਾਏ ਫੁਟਬਾਲ ਟੂਰਨਾਮੈਂਟ ਦੇ ਫਾਈਨਲ ਮੈਚ ਦੌਰਾਨ ਖਿਡਾਰੀਆਂ ਨੂੰ ਸੰਬੋਧਨ ਕਰ ਰਹੇ ਸਨ। ਫਾਈਨਲ ਮੁਕਾਬਲਾ ਪਿੰਡ ਬੋਹਣ ਅਤੇ ਪਿੰਡ ਹਾਰਟਾ ਦੀ ਟੀਮ ਵਿਚਕਾਰ ਹੋਇਆ, ਜਿਸ ਵਿੱਚ ਬੋਹਣ ਦੀ ਟੀਮ ਜੇਤੂ ਰਹੀ। ਖਿਡਾਰੀਆਂ ਨੂੰ ਸਨਮਾਨਿਤ ਕਰਦੇ ਹੋਏ ਕੈਬਨਿਟ ਮੰਤਰੀ ਨੇ ਸਪੋਰਟਸ ਕਲੱਬ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਲੱਬ ਨੂੰ 3 ਲੱਖ ਰੁਪਏ ਦੇਣ ਦਾ ਐਲਾਨ ਕਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਦੱਸਿਆ ਕਿ 'ਖੇਡਾਂ ਵਤਨ ਪੰਜਾਬ ਦੀਆ' ਖੇਡ ਮੁਕਾਬਲੇ ਵਿੱਚ ਹਰ ਉਮਰ ਵਰਗ ਦੇ 3 ਲੱਖ ਤੋਂ ਵੱਧ ਲੋਕਾਂ ਨੇ ਭਾਗ ਲਿਆ ਅਤੇ ਲਗਭਗ 7 ਕਰੋੜ ਰੁਪਏ ਦੇ ਇਨਾਮ ਵੰਡੇ ਗਏ। ਸ਼ੇਰਗੜ੍ਹ ਵਿਖੇ ਕਰਵਾਇਆ ਗਿਆ ਇਹ ਫੁੱਟਬਾਲ ਟੂਰਨਾਮੈਂਟ 8 ਦਿਨ ਚੱਲਿਆ ਅਤੇ ਇਸ ਵਿੱਚ 32 ਟੀਮਾਂ ਨੇ ਭਾਗ ਲਿਆ। ਇਸ ਮੌਕੇ ਕੌਂਸਲਰ ਜਸਪਾਲ ਸਿੰਘ ਚੇਚੀ, ਕਲੱਬ ਪ੍ਰਧਾਨ ਕਰਨ ਬੱਗਾ (ਭੋਲਾ), ਮਨਜਿੰਦਰ ਸਿੰਘ, ਜਸਪਾਲ ਸਿੰਘ, ਗੁਰਮੀਤ ਕੌਰ, ਅਸ਼ੋਕ ਸਲੇਮਪੁਰੀ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

# ਆਪ ਦੀ ਇਤਿਹਾਸਕ ਜਿੱਤ 'ਤੇ ਰੋਡ ਸ਼ੋਅ



**ਮਹਿਤਪੁਰ (ਰਾਜਾ)** ਜਲੰਧਰ ਲੋਕ ਸਭਾ ਜ਼ਿਮਨੀ ਚੋਣ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਵਲੋਂ ਭਾਰੀ ਲੀਡ ਨਾਲ ਜਿੱਤ ਪ੍ਰਾਪਤ ਕਰਨ ਤੇ ਮਹਿਤਪੁਰ ਵਿਖੇ ਹਲਕਾ ਇੰਚਾਰਜ ਰਤਨ ਸਿੰਘ ਕਾਕੜ ਕਲਾਂ ਵਲੋਂ ਵਰਕਰਾਂ ਨਾਲ ਮਹਿਤਪੁਰ ਵਿੱਚ ਰੋਡ ਸ਼ੋਅ ਕਰਕੇ ਵੋਟਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਤਨਾਮ ਸਿੰਘ ਲੋਹਗੜ੍ਹ ਬਲਾਕ ਪ੍ਰਧਾਨ, ਹਰਵਿੰਦਰ ਸਿੰਘ ਮਠਾੜੂ, ਨਵਦੀਪ ਮਹੇ, ਕੁਲਦੀਪ ਸਿੰਘ ਅਵਾਣ ਖਾਲਸਾ, ਨਗਿੰਦਰ ਸਿੰਘ, ਬਲਵੀਰ ਸਿੰਘ ਮਹੇੜੂ ਤੇ ਹੋਰ ਵੱਡੀ ਗਿਣਤੀ ਵਿਚ ਵਰਕਰ ਹਾਜ਼ਰ ਸਨ।

# ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਵਿਖੇ ਆਮ ਗਿਆਨ ਦੀ ਲਿਖਤੀ ਪ੍ਰਤੀਯੋਗਤਾ ਕਰਵਾਈ




**ਬਹਿਰਾਮ (ਅਵਤਾਰ ਕਲੇਰ)** ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਵਿਖੇ ਸਮਾਜਿਕ ਸਾਂਝ ਸੰਸਥਾ ਬੰਗਾ ਵੱਲੋਂ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨ ਟਰੱਸਟ ਢਾਹਾਂ ਕਲੇਰਾਂ ਦੇ ਸਹਿਯੋਗ ਨਾਲ ਆਮ ਗਿਆਨ ਦੀ ਲਿਖਤੀ ਪ੍ਰਤੀਯੋਗਤਾ ਕਰਵਾਈ ਗਈ । ਇਸ ਪ੍ਰਤੀਯੋਗਤਾ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਨੇ ਭਾਰੀ ਉਤਸ਼ਾਹ ਨਾਲ ਭਾਗ ਲਿਆ । ਇਸ ਪ੍ਰਤੀਯੋਗਤਾ ਵਿੱਚ ਮਹਿਲਾ ਵਰਗ ਨਾਲ ਸਬੰਧਤ ਸਵਾਲ ਅੰਕਿਤ ਕੀਤੇ ਗਏ । ਇਸ ਪ੍ਰਤੀਯੋਗਤਾ ਵਿੱਚ ਬੀ.ਐਸ.ਸੀ. (ਰੇਡੀਓ ਇਮੇਜ਼ਿੰਗ ਟੈਕਨੋਲਜੀ) ਦੀਆਂ ਵਿਦਿਆਰਥਣਾਂ 'ਚੋਂ ਦੀਆ ਨੇ ਪਹਿਲਾ ਸਥਾਨ, ਇਸ਼ਾਨਪ੍ਰੀਤ ਕੌਰ ਨੇ ਦੂਜਾ ਸਥਾਨ ਅਤੇ ਕਿਰਨ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਹਨਾਂ ਜੇਤੂਆਂ ਨੂੰ ਫੁੱਲ ਮਲਾਵਾਂ, ਪ੍ਰਮਾਣ ਪੱਤਰ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਬਾਕੀ ਸਾਰੀਆਂ ਪ੍ਰਤੀਯੋਗੀ ਵਿਦਿਆਰਥਣਾਂ ਨੂੰ ਪ੍ਰਮਾਣ ਪੱਤਰ ਪ੍ਰਦਾਨ ਕੀਤੇ ਗਏ। ਇਸ ਮੌਕੇ ਇੰਦਰਬੀਰ ਸਿੰਘ ਆਈ ਪੀ ਐਸ ਡੀ ਆਈ ਜੀ ਪੰਜਾਬ ਪੁਲੀਸ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਉਹਨਾਂ ਜੇਤੂਆਂ ਨੂੰ ਇਨਾਮ ਤਕਸੀਮ ਕਰਨ ਦੀ ਰਸਮ ਨਿਭਾਈ। ਉਹਨਾਂ ਨੇ ਆਪਣੇ ਸੰਬੋਧਨ 'ਚ ਕੁੜੀਆਂ ਨੂੰ ਦੇਸ਼ ਦਾ ਮਾਣ ਦੱਸਦਿਆਂ ਕਿਹਾ ਕਿ ਸਾਰੇ ਖੇਤਰਾਂ ਵਿੱਚ ਕੌਮਾਂਤਰੀ ਪੱਧਰ 'ਤੇ ਮੱਲਾਂ ਮਾਰਨ ਵਾਲੇ ਮਹਿਲਾ ਵਰਗ ਲਈ ਸਮਾਜ ਦਾ ਨਜ਼ਰੀਆਂ ਬਦਲਣ ਦੀ ਅਤਿਅੰਤ ਲੋੜ ਹੈ। ਉਹਨਾਂ ਨੇ ਢਾਹਾਂ ਕਲੇਰਾਂ 'ਚ ਸਥਾਪਿਤ ਗੁਰੂ ਨਾਨਕ ਮਿਸ਼ਨ ਨੂੰ ਸਮਰਪਿਤ ਸਿਹਤ ਤੇ ਸਿੱਖਿਆ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਬੰਗਾ ਦੀ ਧਰਤੀ ਨਾਲ ਜੁੜੀਆਂ ਯਾਦਾਂ ਦੀ ਸਾਂਝ ਪਾਈ। ਉਹਨਾਂ ਨੂੰ ਉਕਤ ਦੋਵਾਂ ਸੰਸਥਾਵਾਂ ਵਲੋਂ ਸਾਂਝੇ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਨਾਮ ਵੰਡ ਸਮਾਗਮ ਵਿੱਚ ਹਰਦੇਵ ਸਿੰਘ ਕਾਹਮਾ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨ ਟਰੱਸਟ ਢਾਹਾਂ ਕਲੇਰਾਂ ਨੇ ਸਵਾਗਤੀ ਸ਼ਬਦ ਆਖਦਿਆਂ ਕਿਹਾ ਕਿ ਅਜਿਹੀਆਂ ਪ੍ਰਤੀਯੋਗਤਾਵਾਂ ਵਿਦਿਆਰਥੀ ਵਰਗ ਦੀ ਸ਼ਖ਼ਸ਼ੀਅਤ ਨੂੰ ਨਿਖਾਰਦੀਆਂ ਹਨ । ਉਪਰੰਤ ਹਰਮਿੰਦਰ ਸਿੰਘ ਤਲਵੰਡੀ ਪ੍ਰਧਾਨ ਸਮਾਜਿਕ ਸਾਂਝ ਸੰਸਥਾ ਬੰਗਾ ਨੇ ਦੱਸਿਆ ਕਿ ਇਲਾਕੇ ਭਰ ਦੇ ਵਿਦਿਅਕ ਅਦਾਰਿਆਂ ਵਿੱਚ ਸਮਾਜਿਕ ਸਾਂਝ ਸੰਸਥਾ ਵੱਲੋਂ ਅਜਿਹੀਆਂ ਪ੍ਰਤੀਯੋਗਤਾਵਾਂ ਕਰਵਾਈਆਂ ਜਾ ਰਹੀਆਂ ਹਨ। ਸਮਾਗਮ ਵਿਚ ਡਾ. ਐਸ ਐਸ ਗਿੱਲ ਮੈਡੀਕਲ ਡਾਇਰੈਕਟਰ ਟਰੱਸਟ ਨੇ ਵੀ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ । ਇਸ ਸਮਾਗਮ ਮੌਕੇ ਕੁਲਵਿੰਦਰ ਸਿੰਘ ਢਾਹਾਂ , ਮਲਕੀਅਤ ਸਿੰਘ ਬਾਹੜੋਵਾਲ , ਅਮਰਜੀਤ ਸਿੰਘ ਕਲੇਰਾਂ , ਡਾ. ਐਸ ਐਸ ਗਿੱਲ ਅਤੇ ਸਾਬਕਾ ਵਾਈਸ ਚਾਂਸਲਰ, ਵਰਿੰਦਰ ਸਿੰਘ ਬਰਾੜ ਮਹਿੰਦਰਪਾਲ ਸਿੰਘ , ਸੁਰਜੀਤ ਮਜਾਰੀ , ਰਾਜਦੀਪ ਥਿਦਵਾਰ , ਮੁਦਾਸਿਰ ਮੋਹੀ ਉਦ ਦੀਨ, ਮੈਡਮ ਪ੍ਰਭਜੋਤ ਕੌਰ ਖਟਕੜ ਅਤੇ ਸਮੂਹ ਕਾਲਜ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਸਰਕਾਰੀ ਕਾਲਜ 'ਚ 'ਵਿਸ਼ਵ ਥੈਲੇਸੀਮੀਆ ਦਿਵਸ' ਮਨਾਇਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸਰਕਾਰੀ ਕਾਲਜ ਹੁਸ਼ਿਆਰਪੁਰ ਵਿੱਚ ਕਾਲਜ ਦੇ ਪ੍ਰਿੰਸੀਪਲ ਸ਼੍ਰੀਮਤੀ ਜੋਗੇਸ਼ ਦੀ ਅਗਵਾਈ ਵਿੱਚ ਰੈੱਡ ਰਿਬਨ ਕਲੱਬ ਦੇ ਇੰਚਾਰਜ ਪ੍ਰੋ ਵਿਜੇ ਕੁਮਾਰ ਦੇ ਸਹਿਯੋਗ ਨਾਲ "ਵਿਸ਼ਵ ਥੈਲੇਸੀਮੀਆ ਦਿਵਸ" ਮਨਾਇਆ ਗਿਆ । ਜਿਸ ਵਿੱਚ ਨਸ਼ਾ ਛੁਡਾਓ ਮੁੜ ਵਸੇਵਾ ਕੇਂਦਰ ਹੁਸ਼ਿਆਰਪੁਰ ਦੀ ਉਟ ਕਲੀਨਿਕ ਦੀ ਕੌਂਸਲਰ ਸੰਦੀਪ ਕੁਮਾਰੀ ਮੁਖ ਮਹਿਮਾਨ ਦੇ ਤੌਰ 'ਤੇ ਹਾਜਰ ਹੋਈ। ਸਭ ਤੋਂ ਪਹਿਲਾਂ ਵਿਦਿਆਰਥਣ ਤਾਨੀਆ ਵੱਲੋਂ ਸੰਦੀਪ ਕੁਮਾਰੀ ਨੂੰ ਗੁਲਦਸਤਾ ਦੇ ਕੇ ਉਸਦਾ ਸਵਾਗਤ ਕੀਤਾ ਗਿਆ। ਕਾਲਜ ਦੇ ਪ੍ਰਿੰਸੀਪਲ ਸ਼੍ਰੀਮਤੀ ਜੋਗੇਸ਼ ਨੇ ਇਸ ਦਿਵਸ ਬਾਰੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਥੈਲੇਸੀਮੀਆ ਇੱਕ ਅਜਿਹੀ ਬਿਮਾਰੀ ਹੈ ਜਿਸਦਾ ਕੋਈ ਵੀ ਇਲਾਜ ਨਹੀਂ ਹੈ। ਇਸ ਬਿਮਾਰੀ ਦੇ ਮਰੀਜ ਨੂੰ ਖੂਨ ਦੀ ਕਮੀ ਤੋਂ ਬਚਾਉਣ ਦੇ ਲਈ ਸਮੇਂ ਸਿਰ ਖੂਨ ਚੜਾਇਆ ਜਾਣਾ ਜਰੂਰੀ ਹੈ। ਸੰਦੀਪ ਕੁਮਾਰੀ ਨੇ ਇਸ ਬਿਮਾਰੀ ਦੇ ਲੱਛਣਾਂ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਇਸ ਬਿਮਾਰੀ ਦੇ ਮਰੀਜ ਦਾ ਇਲਾਜ ਕਰਦੇ ਬੜੀ ਸਾਵਧਾਨੀ ਦਾ ਧਿਆਨ ਰੱਖਣਾ ਚਾਹੀਦਾ ਹੈ। ਇਹ ਬਿਮਾਰੀ ਗਰਭਵਤੀ ਮਾਂ ਤੋਂ ਬੱਚਿਆਂ ਨੂੰ ਹਓ ਸਕਦੀ ਹੈ। ਪ੍ਰੋ. ਵਿਜੇ ਕੁਮਾਰ ਨੇ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਸਮੇਂ-ਸਮੇਂ 'ਤੇ ਖੂਨ ਦਾਨ ਕਰਨਾ ਚਾਹੀਦਾ ਹੈ। ਵਿਦਿਆਰਥੀਆਂ ਨੇ ਇਸ ਬਿਮਾਰੀ ਨਾਲ ਸਬੰਧਿਤ ਪੋਸਟਰ ਵੀ ਬਣਾਏ।

## ਸੇਂਟ ਸੋਲਜਰ ਨੇ ਮਨਾਇਆ ਮਦਰਜ਼ ਡੇ

**ਜਲੰਧਰ, (ਇਕਬਾਲ ਸਿੰਘ ਉੱਭੀ)** ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਸ਼ ਵਲੋਂ ਮਦਰਜ਼ ਡੇ ਮਨਾਇਆ ਗਿਆ। ਗਰੁੱਪ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਮੁੱਖ ਮਹਿਮਾਨ ਦੇ ਰੂਪ ਵਿੱਚ ਮੌਜੂਦ ਹੋਈ, ਜਿਨ੍ਹਾਂ ਦਾ ਸਵਾਗਤ ਪ੍ਰਿੰਸੀਪਲ ਸ਼੍ਰੀਮਤੀ ਦਿਵਪ੍ਰੀਤ ਕੌਰ ਅਤੇ ਸਟਾਫ ਵਲੋਂ ਕੀਤਾ ਗਿਆ। ਵਿਦਿਆਰਥੀਆਂ ਅਤੇ ਉਨ੍ਹਾਂ ਦੀਆਂ ਮਦਰਸ ਨੇ ਭਾਗ ਲਿਆ। ਬੱਚਿਆਂ ਅਤੇ ਉਨ੍ਹਾਂ ਦੀਆਂ ਮਾਂਵਾਂ ਦੇ ਵਿੱਚ ਤਾਲਮੇਲ, ਅੰਡਰਸਟੈਂਡਿੰਗ ਨੂੰ ਦੇਖਣ ਲਈ ਮਦਰਜ਼ ਅਤੇ ਬੱਚਿਆਂ ਦੇ ਡਾਂਸ ਅਤੇ ਮਾਡਲਿੰਗ ਰਾਊਂਡਜ਼ ਰੱਖੇ ਗਏ। ਵਿਦਿਆਰਥੀਆਂ ਵਲੋਂ ਆਪਣੀ ਮਦਰਜ਼ ਨੂੰ ਸਮਰਪਿਤ ਕਵਿਤਾਵਾਂ, ਗੀਤ ਪੇਸ਼ ਕਰ ਆਪਣੇ ਪਿਆਰ ਦਾ ਇਜ਼ਹਾਰ ਕੀਤਾ ਗਿਆ। ਇਸ ਮੌਕੇ 'ਤੇ ਮਦਰਸ ਨੂੰ ਸਨਮਾਨਿਤ ਕੀਤਾ ਗਿਆ।

## ਖ਼ਾਲਸਾ ਕਾਲਜ ਦਾ ਐੱਮ ਐੱਸ ਸੀ ਫਿਜ਼ਿਕਸ ਦਾ ਨਤੀਜਾ ਰਿਹਾ ਸ਼ਾਨਦਾਰ



**ਮਾਹਿਲਪੁਰ, (ਸਫਰੀ)**- ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਐੱਮ.ਐੱਸਸੀ. ਫਿਜਿਕਸ ਦੇ ਪਹਿਲੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਕਾਲਜ ਦੇ ਪ੍ਰਿੰ. ਡਾ. ਜਸਪਾਲ ਸਿੰਘ ਅਤੇ ਫਿਜਿਕਸ ਵਿਭਾਗ ਦੇ ਮੁੱਖੀ ਪ੍ਰੋ. ਆਰਤੀ ਸ਼ਰਮਾ ਨੇ ਦੱਸਿਆ ਕਿ ਐੱਮ.ਐੱਸਸੀ. ਫਿਜਿਕਸ ਦੇ ਪਹਿਲਾ ਸਮੈਸਟਰ ਦੇ ਨਤੀਜੇ ਵਿੱਚ ਵਿਦਿਆਰਥਣ ਸ਼ਰਨਜੀਤ ਕੌਰ ਨੇ 75.8 ਫੀਸਦੀ ਅੰਕ ਪ੍ਰਾਪਤ ਕਰਕੇ ਪੰਜਾਬ ਯੂਨੀਵਰਸਿਟੀ ਵਿੱਚੋਂ ਅੱਠਵੀਂ ਪੁਜੀਸ਼ਨ ਪ੍ਰਾਪਤ ਕਰਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥਣ ਨੇਹਾ ਧੀਮਾਨ ਨੇ 72.6 ਫੀਸਦੀ ਅੰਕਾਂ ਨਾਲ ਕਾਲਜ ਵਿੱਚੋਂ ਦੂਜਾ ਅਤੇ ਮਨਪ੍ਰੀਤ ਕੌਰ ਨੇ 65.4 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪ੍ਰਿੰ ਜਸਪਾਲ ਸਿੰਘ ਸਮੇਤ ਫਿਜਿਕਸ ਵਿਭਾਗ ਦੇ ਸਮੂਹ ਅਧਿਆਪਕਾਂ ਨੇ ਇਨ੍ਹਾਂ ਵਿਦਿਆਰਥਣਾਂ ਨੂੰ ਚੰਗੇ ਨਤੀਜੇ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਹੋਰ ਮਿਹਨਤ ਲਈ ਪ੍ਰੇਰਿਤ ਕੀਤਾ।

## ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਦਾ ਦਸਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ



**ਕਰਤਾਰਪੁਰ-(ਹਰਮੇਸ਼ ਦੱਤ)** ਸੀ.ਵੀ.ਐਸ.ਈ.ਦੁਆਰਾ ਦਸਵੀਂ ਕਲਾਸ ਦਾ ਰਿਜਲਟ ਘੋਸਿਤ ਕੀਤਾ ਗਿਆ ਜਿਸ ਵਿੱਚ ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਦਾ ਰਿਜਲਟ ਸ਼ਾਨਦਾਰ ਰਿਹਾ। ਪ੍ਰਿਸੀਪਲ ਮੈਡਮ ਕੰਵਲਜੀਤ ਕੌਰ ਨੇ ਦੱਸਿਆ ਕਿ ਯੁਵਰਾਜ ਸਿੰਘ ਤੇਜੀ ਨੇ 97.8% ਅੰਕ ਪ੍ਰਾਪਤ ਕਰਕੇ ਪਹਿਲਾ, ਨਵਜੋਤ ਕੌਰ ਨੇ 93.8% ਅੰਕ ਪ੍ਰਾਪਤ ਕਰਕੇ ਦੂਸਰਾ, ਮਨਮੀਤ ਕੌਰ ਨੇ 90.8% ਅੰਕ ਪ੍ਰਾਪਤ ਕਰਕੇ ਤੀਸਰਾ, ਕਨਿਕਾ ਸੇਠ ਨੇ 86.8% ਅੰਕ ਪ੍ਰਾਪਤ ਕਰਕੇ ਚੌਥਾ ਤੇ ਸੁਭਰੀਤ ਕੌਰ ਨੇ 84.6% ਅੰਕ ਪ੍ਰਾਪਤ ਕਰਕੇ ਪੰਜਵਾਂ ਸਥਾਨ ਪ੍ਰਾਪਤ ਕੀਤਾ। ਚੇਅਰਪਰਸਨ ਸੁਰਿੰਦਰ ਕੌਰ, ਡਾ. ਚਰਨ ਸਿੰਘ, ਡਾ. ਪਿਆਰਾ ਸਿੰਘ, ਪ੍ਰਿੰਸੀਪਲ ਕੰਵਲਜੀਤ ਕੌਰ ਅਤੇ ਸਕੂਲ ਸਟਾਫ ਨੇ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ।

## ਡੀ ਏ ਵੀ ਸਕੂਲ ਦਾ ਦਸਵੀਂ ਦਾ ਨਤੀਜਾ ਰਿਹਾ ਸ਼ਾਨਦਾਰ




**ਫਿਲੌਰ (ਬੀ ਐਸ ਕੈਨੇਡੀ )**- ਡੀਆਰਵੀ ਡੀਏਵੀ ਸੈਂਟੇਨਰੀ ਪਬਲਿਕ ਸਕੂਲ ਫਿਲੌਰ ਦਾ ਦਸਵੀਂ ਜਮਾਤ ਦੇ ਨਤੀਜਾ 100 ਪ੍ਰਤੀਸ਼ਤ ਰਿਹਾ । ਵਿਦਿਆਰਥੀ ਅਰਮਾਨਦੀਪ (95.4) ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ, ਵਿਦਿਆਰਥਣ ਸਾਂਚੀ ਗੋਇਲ ਨੇ (95.2) ਅੰਕ ਪ੍ਰਾਪਤ ਕਰਕੇ ਦੂਜਾ ਅਤੇ ਕਰਮਨਤ ਕੌਰ ਨੇ ( 94.8) ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। 90 ਪ੍ਰਤੀਸ਼ਤ ਤੋ ਵੱਧ 19 ਵਿਦਿਆਰਥੀ ,80 ਪ੍ਰਤੀਸ਼ਤ ਤੋਂ ਵੱਧ 52 ਵਿਦਿਆਰਥੀ ਅਤੇ 70 ਪ੍ਰਤੀਸ਼ਤ ਤੋਂ ਉੱਪਰ 92 ਵਿਦਿਆਰਥੀ ਰਹੇ । ਵਿਸ਼ੇ ਅਨੁਸਾਰ ਕ੍ਰਮਵਾਰ ਪੰਜਾਬੀ, ਆਈਟੀ ਵਿਚੋਂ ਵੱਧ ਤੋਂ ਵੱਧ ਅੰਕ 100 ਅੰਕ ਰਹੇ ,ਸੋਸ਼ਲ ਸਾਇੰਸ 98 ਅੰਕ, ਮੈਥਸ ਵਿਸ਼ੇ ਵਿੱਚੋਂ 97 ਅੰਕ,ਅੰਗਰੇਜੀ ਵਿਸ਼ੇ ਵਿੱਚੋਂ (94 ਅੰਕ ) ਸਾਇੰਸ 91 ਅੰਕ ਰਹੇ। ਪ੍ਰਿੰਸੀਪਲ ਡਾ. ਯੋਗੇਸ਼ ਗੰਭੀਰ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ।

## ਪ੍ਰੇਮ ਹਸਪਤਾਲ 'ਚ ਜ਼ਰੂਰਤਮੰਦਾਂ ਦਾ ਕੀਤਾ ਜਾਂਦਾ ਹੈ ਸਸਤਾ ਇਲਾਜ : ਡਾ. ਵਿਪਨ ਕੁਮਾਰ

**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**- ਮਾਹਿਲਪੁਰ- ਫਗਵਾੜਾ ਮੁੱਖ ਮਾਰਗ 'ਤੇ ਸਥਿਤ ਕਸਬਾ ਕੋਟ ਫਤੂਹੀ ਤੋਂ ਨਹਿਰ ਦੇ ਨਾਲ -ਨਾਲ ਆਦਮਪੁਰ ਨੂੰ ਜਾਂਦੀ ਸੜਕ ਤੇ ਸਿਰਫ 3 ਕੁ ਕਿਲੋਮੀਟਰ ਦੀ ਦੂਰੀ ਤੇ ਪ੍ਰੇਮ ਹਸਪਤਾਲ ਚਲਾ ਰਹੇ ਪਿੰਡ ਪਚਨੰਗਲ ਦੇ ਡਾਕਟਰ ਵਿਪਨ ਕੁਮਾਰ ਨੇ ਦੱਸਿਆ ਕਿ ਹਸਪਤਾਲ ਵਿੱਚ ਗਰੀਬ ਅਤੇ ਲੋੜਵੰਦ ਮਰੀਜਾਂ ਦਾ ਇਲਾਜ ਸਸਤਾ ਅਤੇ ਤਸੱਲੀਯੋਗ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਹਸਪਤਾਲ ਵਿੱਚ ਸਲਿਪ ਡਿਸਕ ਅਤੇ ਹੋਰ ਅਨੇਕਾਂ ਬਿਮਾਰੀਆਂ ਦੇ ਇਲਾਜ ਲਈ ਲਈ ਹਰ ਤਰ੍ਹਾਂ ਦੀ ਮਸ਼ੀਨਰੀ ਉਪਲਬਧ ਹੈ। ਹਸਪਤਾਲ ਵਿਚ ਲੋੜਵੰਦ ਅਤੇ ਗਰੀਬ ਲੋਕਾਂ ਦਾ ਇਲਾਜ ਬਹੁਤ ਥੋੜਿਆਂ ਪੈਸਿਆਂ ਵਿੱਚ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਹ ਕੰਮ ਪਹਿਲਾਂ ਉਨ੍ਹਾਂ ਦੇ ਦਾਦਾ ਜੀ, ਫੇਰ ਪਿਤਾ ਜੀ ਤੇ ਅੱਜ-ਕੱਲ੍ਹ ਉਹ ਖੁਦ ਕਰ ਰਹੇ ਹਨ। ਜੋ ਲੋਕ ਵੱਡੇ ਹਸਪਤਾਲਾਂ ਵਿਚ ਮਹਿੰਗਾਈ ਕਾਰਨ ਆਪਣਾ ਇਲਾਜ ਨਹੀਂ ਕਰਵਾ ਪਾਉਂਦੇ, ਉਹ ਸਾਡੇ ਹਸਪਤਾਲ ਨਾਲ ਸੰਪਰਕ ਕਰ ਸਕਦੇ ਹਨ।

## ਨਰਿੰਦਰ ਆਹੂਜਾ ਨੂੰ ਸਦਮਾ, ਪਤਨੀ ਦਾ ਦੇਹਾਂਤ

**ਸ੍ਰੀ ਅਨੰਦਪੁਰ ਸਾਹਿਬ (ਬਿੰਦੀ)** ਸ੍ਰੀ ਅਨੰਦਪੁਰ ਸਾਹਿਬ ਤੋਂ ਨਵਾਂ ਜ਼ਮਾਨਾ ਅਖਬਾਰ ਦੇ ਸੀਨੀਅਰ ਪੱਤਰਕਾਰ, ਲੇਖਕ ਨਰਿੰਦਰ ਸਿੰਘ ਆਹੂਜਾ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪਤਨੀ ਬੀਬੀ ਰਜਿੰਦਰ ਕੌਰ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ। ਬੀਬੀ ਰਜਿੰਦਰ ਕੌਰ ਦੀ ਆਤਮਿਕ ਸਾਂਤੀ ਲਈ ਰੱਖੇ ਗਏ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਸਿੰਘ ਸਭਾ ਸਾਹਿਬ, ਸੈਕਟਰ 69 ਵਿਖੇ ਹੋਈ। ਬੀਬੀ ਰਜਿੰਦਰ ਕੌਰ 81 ਵਰ੍ਹਿਆਂ ਦੇ ਸਨ। ਬੀਬੀ ਰਜਿੰਦਰ ਕੌਰ ਦੀ ਅੰਤਿਮ ਅਰਦਾਸ ਮੌਕੇ ਵੱਖ-ਵੱਖ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦੇ ਸਾਮਲ ਹੋਏ ਜਿਨ੍ਹਾਂ ਵਿੱਚ ਸਪੋਕਸਮੈਨ ਤੋਂ ਰਜਿੰਦਰ ਸਿੰਘ, ਐਡਵੋਕੇਟ ਰੰਜੀਵਨ ਸਿੰਘ, ਬੈਂਕ ਮੈਨੇਜਰ ਨਮਰਤਾ ਸਿੰਘ, ਪ੍ਰੋਫੈਸਰ ਬਹਾਦਰ ਸਿੰਘ ਹੋਸ਼ਿਆਰਪੁਰ, ਦਵਿੰਦਰ ਸਿੰਘ ਮੋਹਾਲੀ, ਰਣਬੀਰ ਸਿੰਘ, ਗੁਰਿੰਦਰ ਸਿੰਘ ਰਾਜਸਥਾਨ, ਸੁਰਜੀਤ ਸਿੰਘ ਢੇਰ ਸਕੱਤਰ ਸੀ ਪੀ ਆਈ, ਜਿਲ੍ਹਾ ਰੋਪੜ, ਰਾਮ ਕੁਮਾਰ ਸ਼ਰਮਾ, ਧਰਮਿੰਦਰ ਸਿੰਘ ਮੋਹਾਲੀ, ਗੋਵਰਧਨ ਸਮੇਤ ਹੋਰ ਪਤਵੰਤੇ ਸੱਜਣਾਂ ਨੇ ਹਾਜਰੀ ਲੁਆਈ ਅਤੇ ਬੀਬੀ ਰਜਿੰਦਰ ਕੌਰ ਨੂੰ ਆਪਣੀ ਸ਼ਰਧਾਂਜਲੀ ਭੇਟ ਕੀਤੀ।

## ਟਰਾਂਸਫਾਰਮਰ ਦੀਆਂ ਵੱਧ ਰਹੀਆਂ ਚੋਰੀਆਂ ਸੰਬੰਧੀ ਮੀਟਿੰਗ 16 ਨੂੰ

**ਮਹਿਤਪੁਰ (ਰਾਜਾ)** ਮਹਿਤਪੁਰ ਇਲਾਕੇ ਦੇ ਆਲੇ ਦੁਆਲੇ ਪਿੰਡਾਂ ਵਿੱਚ ਦਿਨੋ ਦਿਨ ਵਧ ਰਹੀਆਂ ਚੋਰੀ ਦੀਆਂ ਵਾਰਦਾਤਾਂ ਤੇ ਅਗਲੇ ਮਹੀਨੇ ਆਉਣ ਵਾਲੇ ਝੋਨੇ ਦੇ ਸੀਜਨ ਲਈ ਬਿਜਲੀ ਬੋਰਡ ਮਹਿਤਪੁਰ ਵਿਖੇ ਰੱਖੀ ਮੀਟਿੰਗ ਦੇ ਸੰਬੰਧ ਵਿੱਚ ਪਰਮਿੰਦਰ ਸਿੰਘ ਭੁੱਟੋ ਐਸ ਡੀ ਓ ਮਹਿਤਪੁਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਲਾਕੇ ਚੋਂ ਟਰਾਂਸਫਾਰਮਰ ਦੀਆਂ ਵੱਧ ਰਹੀਆਂ ਚੋਰੀਆਂ ਕਾਰਨ ਮਹਿਕਮੇ ਦਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ ਤੇ ਜ਼ਿਮੀਦਾਰ ਭਰਾਵਾਂ ਨੂੰ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਦੱਸਿਆ ਕਿ ਅਗਲੇ ਮਹੀਨੇ ਝੋਨੇ ਦੇ ਪੈਡੀ ਸੀਜਨ ਦੀ ਤਿਆਰੀ ਨੂੰ ਮੁੱਖ ਰੱਖਦੇ ਹੋਏ ਇਕ ਜਰੂਰੀ ਮੀਟਿੰਗ ਰੱਖੀ ਗਈ ਹੈ। ਜਿਸ ਲਈ ਸਾਰੇ ਪਿੰਡਾਂ ਦੇ ਸਰਪੰਚ ਤੇ ਜਿਮੀਦਾਰਾਂ ਨੂੰ 16 ਮਈ ਦਿਨ ਮੰਗਲਵਾਰ ਨੂੰ ਸਵੇਰੇ 10 ਵਜੇ ਬਿਜਲੀ ਦਫਤਰ ਮਹਿਤਪੁਰ ਵਿਖੇ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।

# ਸੇਂਟ ਸੋਲਜਰ ਦੇ 10ਵੀਂ ਸੀ ਬੀ ਐਸ ਈ ਦੇ ਨਤੀਜੇ ਰਹੇ ਸ਼ਾਨਦਾਰ



**ਜਲੰਧਰ, (ਇਕਬਾਲ ਸਿੰਘ ਉੱਭੀ)**- ਸੀ.ਬੀ.ਐਸ.ਈ. ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜਿਆਂ ਵਿਚ ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਇਸ ਪ੍ਰੀਖਿਆ ਵਿੱਚ ਵਿਦਿਆਰਥੀ ਬਹੁਤ ਚੰਗੇ ਅੰਕ ਲੈ ਕੇ ਕਾਮਯਾਬ ਹੋਏ। ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਦੱਸਿਆ ਕਿ ਗਰੁੱਪ ਦੀਆਂ ਸਾਰੀਆਂ ਬ੍ਰਾਂਚਾਂ ਦੇ ਨਤੀਜੇ ਸ਼ਾਨਦਾਰ ਰਹੇ ਹਨ ਜਿਸ 'ਚ ਜਾਨਵੀ, ਪ੍ਰਭਜੋਤ ਕੌਰ ਨੇ 96.2 ਫੀਸਦੀ, ਪਾਰਥ ਤਿਆਗੀ, ਸੰਸਕ੍ਰਿਤੀ ਨੇ 95.8 ਫੀਸਦੀ, ਅਦਿਤੀ, ਅੰਸ਼ੁਲ ਨੇ 95.4 ਫੀਸਦੀ, ਵਰਿੰਦਾ ਨੇ 95.2 ਫੀਸਦੀ, ਪ੍ਰੇਰਨਾ ਸ਼ਰਮਾ, ਅਦਿਤਿਆ ਭਾਰਦਵਾਜ ਨੇ 95 ਫੀਸਦੀ, ਤਨਿਸ਼ ਸ਼ਰਮਾ ਨੇ 94.8, ਕਾਸ਼ਵੀ ਠਾਕੁਰ, ਮੁਸਕਾਨਜੀਤ ਕੌਰ, ਪੁਰਮੀਤ ਕੌਰ ਨੇ 94.4 ਫੀਸਦੀ, ਨਵਨੀਤ ਕੌਰ ਨੇ 93.6 ਫੀਸਦੀ, ਅਰਸ਼ਪ੍ਰੀਤ ਕੌਰ ਨੇ 93.4 ਫੀਸਦੀ, ਮੁਸਕਾਨ, ਦਲਜੀਤ 92.2%, ਆਸ਼ਨਾ ਟੌਰਾ, ਦ੍ਰਿਗ ਜੱਗੀ, ਰਿਤੇਸ਼ ਨੇਗੀ, ਮਾਨਵੀ ਜੋਤੀ 92%, ਸੁਪ੍ਰੀਆ, ਸਹਿਜਪਾਲ ਨੇ 91.8 ਫੀਸਦੀ, ਸੁਖਵੀਰ ਸਿੰਘ ਨੇ 91.6%, ਕ੍ਰਿਧਾ ਖੰਨਾ ਨੇ 91.4 ਫੀਸਦੀ, ਪ੍ਰਣਵ ਸ਼ਰਮਾ, ਮਨਸ਼ੀਤਾ ਰੱਤੂ, ਜਿਆ ਨੇ 91 ਫੀਸਦੀ, ਕ੍ਰਤਿਕਾ ਨੇ 90.8 ਫੀਸਦੀ, ਰਿਸ਼ਵ ਸ਼ਰਮਾ ਨੇ 90.6 ਫੀਸਦੀ, ਮਹਿਕਪ੍ਰੀਤ ਕੌਰ, ਸਨੇਹਾ, ਰੂਹਾਨੀ ਅਗਨੀਹੋਤਰੀ, ਤਰਨਪ੍ਰੀਤ ਨੇ 90.4 ਫੀਸਦੀ, ਬਲਜੋਤ ਚੀਮਾ, ਭਾਵਨਾ, ਦਿਵਿਆਂਸ਼ ਜੋਸ਼ੀ, ਹਰਸ਼ਪ੍ਰੀਤ ਸਿੰਘ, ਸਾਹਿਲ ਬੇਨੀਵਾਲ, ਸੁਭੀ ਸੈਫੀ, ਪ੍ਰਿਯਾਂਸ਼ੂ ਨੇ 90 ਫੀਸਦੀ ਅੰਕ ਪ੍ਰਾਪਤ ਕੀਤੇ। ਚੇਅਰਮੈਨ ਸ਼੍ਰੀ ਚੋਪੜਾ ਅਤੇ ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਦੀ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਸ਼ੁੱਭ ਕਾਮਨਾਵਾਂ ਦਿੱਤੀਆਂ।

## ਜਗਰਾਤੇ ਦੇ ਮੱਦੇਨਜ਼ਰ ਕੱਢੀ ਸ਼ੋਭਾ ਯਾਤਰਾ

**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**-ਜੈ ਮਾਤਾ ਨੈਣਾ ਦੇਵੀ ਕਲੱਬ ਸੈਣੀਮਾਜਰਾ ਵੱਲੋਂ ਆਯੋਜਿਤ ਕੀਤੇ ਜਾ ਰਹੇ 10 ਵਜੇ ਜਗਰਾਤੇ ਦੇ ਮੱਦੇਨਜਰ ਪ੍ਰਬੰਧਕਾਂ ਵੱਲੋਂ ਸ਼ੋਭਾ ਯਾਤਰਾ ਕੱਢੀ ਗਈ। ਸ਼ੋਭਾ ਯਾਤਰਾ ਦੌਰਾਨ ਮਾਤਾ ਨੈਣਾ ਦੇਵੀ ਤੋਂ ਲਿਆਂਦੀ ਗਈ ਪਵਿੱਤਰ ਜੋਤ ਸ਼ਰਧਾਲੂਆਂ ਦੀ ਆਸਥਾ ਦਾ ਕੇਂਦਰ ਰਹੀ। ਇਹ ਸ਼ੋਭਾ ਯਾਤਰਾ ਨੂਰਪੁਰਬੇਦੀ ਕਚਹਿਰੀ ਕੰਪਲੈਕਸ ਤੋਂ ਸ਼ੁਰੂ ਹੋ ਕੇ ਨੂਰਪੁਰਬੇਦੀ ਬੱਸ ਸਟੈਂਡ ਰੋਡ, ਪਤਨ ਚੌਂਕ ਤੋਂ ਹੁੰਦੇ ਹੋਏ, ਮੁੱਖ ਬਜਾਰ ਤੋਂ ਰਵਾਨਾ ਹੋ ਕੇ ਸੈਣੀ ਮਾਜਰਾ ਪਹੁੰਚੀ। ਜਾਗਰਣ ਦੇ ਸਵਾਗਤ ਲਈ ਮੁੱਖ ਬਜਾਰ ਵਿੱਚ ਯੁਵਾ ਸ਼ਕਤੀ ਏਕਤਾ ਕਲੱਬ ਦੀ ਟੀਮ ਵੱਲੋਂ ਲੰਗਰ ਲਗਾਇਆ ਗਿਆ। ਇਸ ਪ੍ਰਕਾਰ ਦੇ ਨਾਲ ਸ਼ਿਵ ਮੰਦਰ ਕੋਲ ਵੀ ਸਨਾਤਨ ਮੰਚ ਵੱਲੋਂ ਲੰਗਰ ਲਗਾਇਆ ਗਿਆ। ਜਿੱਥੇ ਸਮਾਜ ਸੇਵੀ ਗੌਰਵ ਰਾਣਾ ਮੌਂਟੀ ਕੇਸਵ ਗੌਰ੍ਹ, ਕਾਲੂ, ਮੱਖਣ ਸਿੰਘ ਤੇ ਸਨਾਤਨ ਮੰਚ ਦੇ ਪ੍ਰਧਾਨ ਵੀਰੂ ਸ਼ਰਮਾ ਤੇ ਸਮੂਹ ਦੁਕਾਨਦਾਰਾਂ ਵੱਲੋਂ ਸੰਗਤਾਂ ਦਾ ਸਵਾਗਤ ਕੀਤਾ ਗਿਆ। ਸ਼ੋਭਾ ਯਾਤਰਾ ਦੌਰਾਨ ਨੀਲਮ ਦੇਵੀ, ਹੇਮਰਾਜ ਸੈਣੀ, ਮਹਿੰਦਰ ਸੈਣੀ ,ਮਾਸਟਰ ਗੋਪਾਲ ਚੰਦ ਸੈਣੀ, ਕੁਲਦੀਪ ਆਜਮਪੁਰ, ਸਮੇਤ ਸੰਗਤਾਂ ਮੌਜੂਦ ਸਨ।

# ਸਕੂਲੀ ਬੱਚਿਆਂ ਨੂੰ ਡੇਂਗੂ ਤੇ ਮਲੇਰੀਆ ਤੋਂ ਬਚਾਅ ਸੰਬੰਧੀ ਕੀਤਾ ਜਾਗਰੂਕ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**- ਐੱਸ.ਐੱਮ.ਓ. ਡਾ. ਵਿਧਾਨ ਚੰਦਰ ਦੀ ਅਗਵਾਈ ਹੇਠ ਸੀ.ਐੱਚ.ਸੀ. ਸਿੰਘਪੁਰ ਵਿਖੇ ਸਕੂਲੀ ਬੱਚਿਆਂ ਨੂੰ ਡੇਂਗੂ ਅਤੇ ਮਲੇਰੀਏ ਤੋਂ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ। ਇਸ ਮੌਕੇ ਹੈਲਥ ਸੁਪਰਵਾਇਜ਼ਰ ਰਾਜੇਸ਼ ਕੁਮਾਰ ਅਤੇ ਉਨਾਂ ਦੀ ਟੀਮ ਨੇ ਬੱਚਿਆਂ ਨੂੰ ਦੱਸਿਆ ਕਿ ਡੇਂਗੂ ਰੋਗ ਤੋਂ ਬਚਣ ਲਈ ਆਪਣੇ ਘਰਾਂ ਅਤੇ ਕੰਮ ਵਾਲੇ ਥਾਵਾਂ 'ਤੇ ਕੂਲਰਾਂ, ਗਮਲਿਆਂ, ਫਰਿੱਜਾਂ ਦੀਆਂ ਟ੍ਰੇਆਂ, ਛੱਤਾਂ 'ਤੇ ਪਏ ਕਬਾੜ ਦੇ ਸਮਾਨ ਅਤੇ ਟਾਇਰਾਂ ਆਦਿ 'ਚ ਪਾਣੀ ਖੜਾ ਨਾ ਹੋਣ ਦਿੱਤਾ ਜਾਵੇ। ਕਿਉਂਕਿ ਇਹ ਪਾਣੀ ਹੀ ਡੇਂਗੂ ਦੇ ਮੱਛਰ ਪੈਦਾ ਹੋਣ ਦਾ ਕਾਰਨ ਬਣਦਾ ਹੈ। ਡੇਂਗੂ ਦੀ ਬਿਮਾਰੀ ਤੋਂ ਬਚਣ ਦੀਆਂ ਸਾਵਧਾਨੀਆਂ ਬਾਰੇ ਉਨਾਂ ਦੱਸਿਆ ਕਿ ਕੂਲਰਾਂ ਅਤੇ ਗਮਲਿਆਂ ਦੀਆਂ ਟ੍ਰੇਆਂ 'ਚ ਖੜੇ ਪਾਣੀ ਨੂੰ ਹਫ਼ਤੇ 'ਚ ਇਕ ਵਾਰ ਜ਼ਰੂਰ ਸਾਫ ਕਰੋ, ਛੱਤਾਂ 'ਤੇ ਰੱਖੀਆਂ ਪਾਣੀ ਦੀਆਂ ਟੈਂਕੀਆਂ ਦੇ ਢੱਕਣਾਂ ਨੂੰ ਚੰਗੀ ਤਰ੍ਹਾਂ ਬੰਦ ਰੱਖੋ, ਟੁੱਟੇ ਬਰਤਨਾਂ, ਡਰੰਮਾਂ, ਟਾਇਰਾਂ ਆਦਿ ਨੂੰ ਖੁੱਲੇ 'ਚ ਨਾ ਰੱਖੋ, ਕੱਪੜੇ ਅਜਿਹੇ ਪਹਿਨੋ ਜਿਸ ਨਾਲ ਸਰੀਰ ਢੱਕਿਆ ਰਹੇ ਤਾਂ ਕਿ ਮੱਛਰ ਕੱਟ ਨਾ ਸਕੇ, ਸੌਣ ਵੇਲੇ ਮੱਛਰਦਾਨੀ, ਮੱਛਰ ਭਜਾਉਣ ਵਾਲੀਆਂ ਕਰੀਮਾਂ ਅਤੇ ਤੇਲ ਆਦਿ ਦਾ ਇਸਤੇਮਾਲ ਕਰੋ। ਉਨਾਂ ਦੱਸਿਆ ਕਿ ਡੇਂਗੂ ਅਤੇ ਚਿਕਨਗੁਨੀਆ ਏਡੀਜ਼ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ ਅਤੇ ਇਹ ਮੱਛਰ ਸਾਫ਼ ਖੜੇ ਪਾਣੀ ਦੇ ਸੋਮਿਆਂ 'ਚ ਪੈਦਾ ਹੁੰਦਾ ਹੈ ਜੋ ਸਿਰਫ ਦਿਨ ਵੇਲੇ ਕੱਟਦਾ ਹੈ। ਉਨਾਂ ਕਿਹਾ ਕਿ ਤੇਜ਼ ਬੁਖ਼ਾਰ, ਸਿਰ ਦਰਦ, ਮਾਸਪੇਸ਼ੀਆਂ 'ਚ ਦਰਦ, ਚਮੜੀ 'ਤੇ ਦਾਣੇ, ਅੱਖਾਂ ਦੇ ਪਿਛਲੇ ਹਿੱਸੇ 'ਚ ਦਰਦ, ਮਸੂੜਿਆਂ ਅਤੇ ਨੱਕ ਚੋਂ ਖ਼ੂਨ ਦਾ ਵਗਣਾ ਡੇਂਗੂ ਦੇ ਲੱਛਣ ਹਨ। ਉਨਾਂ ਦੱਸਿਆ ਕਿ ਤੇਜ਼ ਬੁਖ਼ਾਰ, ਸਿਰ ਦਰਦ, ਜੋੜਾਂ ਚ ਦਰਦ ਅਤੇ ਸੋਜ਼, ਚਮੜੀ ਦੇ ਦਾਣੇ ਅਤੇ ਖਾਰਸ਼ ਚਿਕਨਗੁਨੀਆ ਬਿਮਾਰੀ ਦੇ ਲੱਛਣ ਹਨ। ਉਨਾਂ ਕਿਹਾ ਕਿ ਬੁਖ਼ਾਰ ਹੋਣ 'ਤੇ ਪਾਣੀ ਜਾਂ ਤਰਲ ਚੀਜ਼ਾਂ ਜਿਆਦਾ ਪੀਓ ਅਤੇ ਅਰਾਮ ਕਰੋ। ਇਸ ਮੌਕੇ ਤਰਨਜੀਤ ਸਿੰਘ ਅਤੇ ਸ਼ਿਵ ਕੁਮਾਰ ਹੈੱਲਥ ਵਰਕਰ ਆਦਿ ਹਾਜ਼ਰ ਸਨ।

## ਪਰਵਾਰ ਨੇ ਆਸ਼ੂ ਰਾਣੀ ਦੇ ਨੇਤਰ ਕੀਤੇ ਦਾਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਮੁਹੱਲਾ ਫਤਿਹਗੜ, ਹੁਸ਼ਿਆਰਪੁਰ ਨਿਵਾਸੀ ਸ਼੍ਰੀਮਤੀ ਆਸ਼ੂ ਰਾਣੀ ਪਤਨੀ ਮਨੀਸ਼ ਸਿੰਘ ਦੇ ਅਕਾਲ ਚਲਾਣਾ ਕਰਨ ਉਪਰੰਤ ਪਰਵਾਰਕ ਮੈਂਬਰਾਂ ਵਲੋਂ ਉਨ੍ਹਾਂ ਦੇ ਨੇਤਰ, ਨੇਤਰਦਾਨ ਸੰਸਥਾ ਹੁਸ਼ਿਆਰਪੁਰ ਨੂੰ ਦਾਨ ਕੀਤੇ ਗਏ।

ਸੁਰੇਸ਼ ਕਪਾਟੀਆ, ਪ੍ਰੋ ਬਹਾਦਰ ਸਿੰਘ ਸੁਨੇਤ, ਬਲਜੀਤ ਸਿੰਘ ਪਨੇਸਰ, ਡਾ ਗੁਰਬਖ਼ਸ਼ ਸਿੰਘ, ਗੁਰਪ੍ਰੀਤ ਸਿੰਘ, ਡਾ. ਕਿਸ਼ੋਰੀ ਲਾਲ, ਮਨੋਜ ਕੁਮਾਰ, ਸ਼੍ਰੀਮਤੀ ਮੀਨੂੰ ਸੇਠੀ ਸਾਬਕਾ ਐਮ ਸੀ, ਰੋਟਰੀ ਕਲੱਬ ਤੋਂ ਮਨੋਜ ਓਹਰੀ ਅਤੇ ਜਗਮੀਤ ਸੇਠੀ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਇਸ ਪਵਿੱਤਰ ਕਾਰਜ ਵਿੱਚ ਹਿੱਸਾ ਪਾਉਣ ਲਈ ਪਰਵਾਰ ਦਾ ਧੰਨਵਾਦ ਕੀਤਾ। ਸ਼੍ਰੀਮਤੀ ਆਸ਼ੂ ਰਾਣੀ ਦੇ ਨੇਤਰ ਦੋ ਨੇਤਰਹੀਣ ਵਿਅਕਤੀਆਂ ਨੂੰ ਲਗਾਏ ਜਾਣਗੇ।

## ਅਧਿਆਪਕ ਆਗੂ ਅਜੀਬ ਦਿਵੇਦੀ ਦੀ ਯਾਦ 'ਚ ਲਾਇਆ ਮੁਫਤ ਮੈਡੀਕਲ ਚੈਕਅੱਪ ਕੈਂਪ



**ਅੱਡਾ ਸਰਾਂ (ਕਾਜਲ)**- ਬਾਬਾ ਰੁੜ ਸਿੰਘ ਕਲੱਬ ਵੱਲੋਂ ਬੁੱਢੀਪਿੰਡ ਵਿਖੇ ਮਰਹੂਮ ਅਧਿਆਪਕ ਆਗੂ ਅਜੀਬ ਦਿਵੇਦੀ ਦੀ ਯਾਦ ਵਿਚ ਇਕ ਰੋਜਾ ਮੁਫਤ ਮੈਡੀਕਲ ਜਾਂਚ ਕੈਂਪ ਲਾਇਆ ਗਿਆ। ਕਲੱਬ ਦੇ ਸਮੂਹ ਮੈਂਬਰਾਂ ਵੱਲੋਂ ਦਿਵੇਦੀ ਨੂੰ ਸ਼ਰਧਾਂਜਲੀ ਦੇਣ ਉਪਰੰਤ ਮੁੱਖ ਮਹਿਮਾਨ ਐੱਸ.ਐੱਮ.ਓ. ਭੂੰਗਾ ਡਾ.ਹਰਜੀਤ ਸਿੰਘ ਰਮਦਾਸਪੁਰ ਨੇ ਕੈਂਪ ਦਾ ਉਦਘਾਟਨ ਕੀਤਾ। ਸੀਤਾ ਦੇਵੀ ਵੇਵਜ਼ ਹਸਪਤਾਲ ਟਾਂਡਾ ਦੀ ਟੀਮ ਡਾ.ਲਵਪ੍ਰੀਤ ਸਿੰਘ ਪਾਬਲਾ, ਡਾ.ਹਰਸਿਮਰਨ ਕੌਰ,ਸੋਵਤੀ ਸੋਹਲ,ਕਿਰਨ ਬਾਲਾ,ਰਮਨਦੀਪ,ਧਰਮਵੀਰ ਸਿੰਘ ਨੇ ਸੇਵਾਵਾਂ ਦਿੰਦੇ ਹੋਏ ਲੋਕਾਂ ਦੀ ਮੈਡੀਕਲ ਜਾਂਚ ਕਰਦੇ ਹੋਏ ਦਵਾਈਆਂ ਦਿੱਤੀਆਂ ਅਤੇ ਵੱਖ ਵੱਖ ਤਰ੍ਹਾਂ ਦੇ ਮੈਡੀਕਲ ਟੈਸਟ ਵੀ ਕੀਤੇ। ਇਸ ਮੌਕੇ ਸੇਵਾ ਮੁਕਤ ਚੀਫ ਇੰਜੀਨੀਅਰ ਸੁਖਦੇਵ ਸਿੰਘ ਚੌਹਾਨ,ਕੋਚ ਪਾਲ ਸਿੰਘ, ਸੁਖਵੀਰ ਸਿੰਘ ਚੌਹਾਨ, ਮਾਸਟਰ ਜਸਵੀਰ ਸਿੰਘ, ਪਵਨ ਕੁਮਾਰ, ਸ਼ਰਨਜੀਤ ਸਿੰਘ,ਪਰਮਾਨੰਦ ਦਿਵੇਦੀ, ਗੁਰਮੁੱਖ ਚੌਹਾਨ, ਕੁਲਜੀਤ ਸਿੰਘ, ਤਜਿੰਦਰ ਸਿੰਘ ਢਿੱਲੋਂ, ਸੁਖਨਿੰਦਰ ਸਿੰਘ ਕਲੋਟੀ,ਪ੍ਰਦੀਪ ਵਿਰਲੀ,ਸੋਨੂ ਵਿਰਲੀ,ਵਰਿੰਦਰ ਪੁੰਜ, ਡਾ.ਵਿਨੀਤ ਗੌਤਮ,ਪ੍ਰਦੀਪ ਸਿੰਘ,ਮਾਸਟਰ ਪਰਮਜੀਤ ਸਿੰਘ, ਕਮਲਪ੍ਰੀਤ ਸਿੰਘ, ਸੁਰਜੀਤ ਸਿੰਘ,ਰਜਿੰਦਰ ਸਿੰਘ ਢਿੱਲੋਂ ਆਦਿ ਮੌਜੂਦ ਸਨ।

# ਇਤਿਹਾਸਕ ਲੀਡ ਨਾਲ ਜਲੰਧਰ ਸੀਟ ਜਿੱਤ ਕੇ ਆਪ ਨੇ ਰਚਿਆ ਇਤਿਹਾਸ : ਜਲਵਾਹਾ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਜਲੰਧਰ ਲੋਕ ਸਭਾ ਜ਼ਿਮਨੀ ਚੋਣਾਂ ਦੇ ਆਏ ਇਤਿਹਾਸਿਕ ਨਤੀਜਿਆਂ ਤੋਂ ਬਾਅਦ ਜ਼ਿਲ੍ਹਾ ਇੰਮਪਰੂਵਮੈਂਟ ਟਰੱਸਟ ਨਵਾਂਸ਼ਹਿਰ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ ਨੇ ਆਪਣੇ ਸਮਰਥਕਾਂ ਸਮੇਤ ਰਾਹੋਂ ਵਿਖੇ ਲੱਡੂ ਵੰਡੇ। ਇਸ ਮੌਕੇ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗ ਗਿਆ। ਜਲਵਾਹਾ ਨੇ ਕਿਹਾ ਕਿ ਇਹ ਆਮ ਆਦਮੀ ਪਾਰਟੀ ਦੀ ਇਤਿਹਾਸਕ ਜਿੱਤ ਹੈ ਅਤੇ ਇਹ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੀ ਚੰਗੀ ਸ਼ੁਰੂਆਤ ਵੀ ਹੈ। ਇਹ ਜਿੱਤ ਆਮ ਆਦਮੀ ਪਾਰਟੀ ਦੇ ਇੱਕ ਸਾਲ ਦੇ ਕੰਮਾਂ ਦਾ ਨਤੀਜਾ ਹੈ। ਜਲਵਾਹਾ ਨੇ ਸਮੁੱਚੇ ਪੰਜਾਬ ਵਾਸੀਆਂ ਨੂੰ ਇਸ ਕ੍ਰਾਂਤੀਕਾਰੀ ਤੇ ਇਨਕਲਾਬੀ ਜਿੱਤ ਦੀਆਂ ਵਧਾਈਆਂ ਦਿੱਤੀਆਂ। ਜਲਵਾਹਾ ਦੇ ਨਾਲ ਮਨਦੀਪ ਸਿੰਘ ਅਟਵਾਲ ਜੁਆਇੰਟ ਸਕੱਤਰ ਪੰਜਾਬ, ਸੁਰਿੰਦਰ ਸਿੰਘ ਸੰਘਾ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ, ਯੋਗੇ। ਕੁਮਾਰ ਜੋਗਾ ਸ਼ਹਿਰੀ ਪ੍ਰਧਾਨ ਰਾਹੋਂ, ਕੁਲਵੰਤ ਸਿੰਘ ਰਕਾਸਣ ਬਲਾਕ ਪ੍ਰਧਾਨ, ਬਲਵਿੰਦਰ ਰਾਹੋਂ ਮੀਡੀਆ ਇੰਚਾਰਜ, ਦਵਿੰਦਰ ਸਿੰਘ ਭਾਰਟਾ ਸਰਕਲ ਪ੍ਰਧਾਨ, ਵਿਜੇ ਕੁਮਾਰ ਸੋਨੀ ਸਰਕਲ ਪ੍ਰਧਾਨ, ਭਗਤ ਰਾਮ ਰਾਹੋਂ, ਪਿਆਰਾ ਸਿੰਘ ਗੜੀ, ਹਰਭਿੰਦਰ ਸਿੰਘ ਭਿੰਦਾ, ਨਿੰਦਾ ਕਾਹਲੋਂ, ਪੀਟਰ ਰਾਹੋਂ, ਟੋਨੀ ਰਾਹੋਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਪ੍ਰਮੁੱਖ ਸ਼ਖਸੀਅਤਾਂ ਹਾਜਰ ਸਨ।

# ਬੱਡੋ ਵਿਖੇ ਸਮਰਲੀਗ ਫੁੱਟਬਾਲ ਟੂਰਨਾਮੈਂਟ ਕਰਵਾਉਣ ਸੰਬੰਧੀ ਮੀਟਿੰਗ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਬੱਡੋ ਵਿਖੇ ਖਾਲਸਾ ਕੋ ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਵਿਖੇ ਦੋਆਬਾ ਫੁੱਟਬਾਲ ਵੈਲਫੇਅਰ ਕਲੱਬ ਵੱਲੋਂ ਪ੍ਰਧਾਨ ਕ੍ਰਿਸ਼ਨ ਚੰਦ ਭਨੋਟ ਅਤੇ ਪ੍ਰਿੰਸੀਪਲ ਸੁਖਇੰਦਰ ਸਿੰਘ ਮਿਨਹਾਸ ਰਿੱਕੀ ਦੀ ਦੇਖ ਰੇਖ ਮੀਟਿੰਗ ਕੀਤੀ ਗਈ। ਪ੍ਰਬੰਧਕਾਂ ਨੇ ਦੱਸਿਆ ਕਿ ਸਮਰਲੀਗ 01 ਜੂਨ 2023 ਤੋਂ ਆਰੰਭ ਹੋ ਰਹੀ ਹੈ। ਇਲਾਕੇ ਦੇ ਵੱਖ-ਵੱਖ ਪਿੰਡਾਂ ਦੇ ਫੁੱਟਬਾਲ ਕਲੱਬਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਪ੍ਰਬੰਧਕਾਂ ਨੇ ਇਹ ਸਮਰਲੀਗ ਵੱਖ ਵੱਖ ਵਿੱਚ ਕਰਵਾਈ ਜਾਵੇਗੀ। ਪ੍ਰੋ.ਸੀਤਲ ਸਿੰਘ ਉਘੇ ਫੁੱਟਬਾਲ ਖਿਡਾਰੀ ਦੀ ਅਚਾਨਕ ਮੌਤ 'ਤੇ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਜਨਰਲ ਸਕੱਤਰ ਪ੍ਰਿੰਸੀਪਲ ਸੁਖਇੰਦਰ ਸਿੰਘ ਮਿਨਹਾਸ ਰਿੱਕੀ ਖਜਾਨਚੀ, ਹਰਦੀਪ ਸਿੰਘ, ਪ੍ਰਿੰਸੀਪਲ ਰਛਪਾਲ ਸਿੰਘ ਜਲਵੇਹੜਾ, ਮਾਸਟਰ ਹਰਭਜਨ ਸਿੰਘ ਅਜਨੋਹਾ, ਪ੍ਰਿੰਸੀਪਲ ਜਗਮੋਹਨ ਸਿੰਘ ਡਾਡੀਆ, ਗੁਰਦੀਪ ਸਿੰਘ ਥਾਪਾ ਫੁੱਟਬਾਲ ਕੋਚ ਭਾਮ, ਦੀਪਕ ਭਾਰਤਵਾਜ, ਸਤਵਿੰਦਰ ਸਿੰਘ ਹਾਰਟਾ, ਗੋਲਡੀ ਰਹੱਲੀ, ਗੋਪੀ ਪਧਿਆਣਾ, ਹਨੀ ਫੁਗਲਾਣਾ, ਇੰਦਰਜੀਤ ਸਿੰਘ ਰਹੱਲੀ, ਚੰਦਰ ਸੇਖਰ, ਕਾਕਾ ਮੌਜੋਮਜਾਰਾ, ਵੀਰੂ ਰਾਮ, ਬਿੰਦਰ ਮਾਨਾ ਆਦਿ ਹਾਜਰ ਸਨ।

## ਬਾਲੂ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ 21 ਨੂੰ

**ਫਗਵਾੜਾ (ਡਾ.ਰਮਨ, ਢੱਡਾ)** ਬਾਲੂ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਹਰ ਸਾਲ ਦੀ ਤਰ੍ਹਾਂ ਪਿੰਡ ਭਾਣੋਕੀ ਸਥਿਤ ਜਠੇਰੇ ਅਸਥਾਨ ਵਿਖੇ 21 ਮਈ ਨੂੰ ਮਨਾਇਆ ਜਾ ਰਿਹਾ ਹੈ। ਕਮੇਟੀ ਚੇਅਰਮੈਨ ਮਾਸਟਰ ਹਰਬਲਾਸ ਬਾਲੂ (ਰਾਣੀਪੁਰ) ਨੇ ਦੱਸਿਆ ਕਿ ਸਵੇਰੇ 9 ਵਜੇ ਨਿਸ਼ਾਨ ਸਾਹਿਬ ਦੀ ਰਸਮ ਉਪਰੰਤ 10 ਵਜੇ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਪਾਠ ਦਾ ਭੋਗ ਪਾਇਆ ਜਾਵੇਗਾ। ਉਪਰੰਤ ਸਰਬੱਤ ਦੇ ਭਲੇ ਅਤੇ ਬਾਲੂ ਪਰਵਾਰਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਹੋਵੇਗੀ। ਜਿਸ ਤੋਂ ਬਾਅਦ ਧਾਰਮਿਕ ਸਟੇਜ ਸਜਾਈ ਜਾਵੇਗੀ। ਜਿਸ ਵਿਚ ਪ੍ਰਸਿੱਧ ਗਾਇਕ ਕਲਾਕਾਰ ਜਰਨੈਲ ਸੋਨੀ ਗੜ੍ਹਦੀਵਾਲ, ਮਨਜਿੰਦਰ ਮਨੀ, ਬਲਜੀਤ ਜੱਸੀ ਅਤੇ ਜਯੋਤੀ ਧਾਰਮਿਕ ਗੀਤਾਂ ਰਾਹੀਂ ਭਰਪੂਰ ਹਾਜਰੀ ਲਗਵਾਉਣਗੇ। ਚਾਹ ਪਕੌੜੇ, ਠੰਡੇ ਮਿੱਠੇ ਜਲ ਦੀ ਛਬੀਲ ਤੇ ਲੰਗਰ ਦੀ ਸੇਵਾ ਅਤੁੱਟ ਵਰਤਾਈ ਜਾਵੇਗੀ। ਇਸ ਮੌਕੇ ਕਮੇਟੀ ਦੇ ਸਰਪ੍ਰਸਤ ਪ੍ਰਿਥੀ ਸਿੰਘ ਬਾਲੀ ਸ਼ਾਮ ਚੁਰਾਸੀ, ਉਪ ਪ੍ਰਧਾਨ ਤੇਜਰਾਜ ਨੂਰਮਹਿਲ, ਬੂਟਾ ਰਾਮ ਮੌਲੀ, ਸਕੱਤਰ ਤੀਰਥ ਸਿੰਘ ਲੁਧਿਆਣਾ, ਕੈਸ਼ੀਅਰ ਮਾਸਟਰ ਕੁੰਦਨ ਲਾਲ ਫਰੀਦਪੁਰ ਜਲੰਧਰ, ਨਛੱਤਰ ਸਿੰਘ ਅਬਾਦਪੁਰਾ, ਚਮਨ ਲਾਲ ਮੌਲੀ, ਥਾਣੇਦਾਰ ਜਗਦੀਸ਼ ਰਾਮ, ਡਾ. ਕੁਲਵਿੰਦਰ ਸਿੰਘ ਬਾਲੀ ਆਦਿ ਹਾਜਰ ਸਨ।

# ਸੂਬੇ ਅੰਦਰ ਹੋ ਰਹੀਆਂ ਲੁੱਟਾਂ-ਖੋਹਾਂ ਦੀ ਰੋਕਥਾਮ ਲਈ ਲੋਕ ਹੋਏ ਇਕਜੁੱਟ

**ਕਾਲਾ ਸੰਘਿਆਂ (ਮਨਜੀਤ ਮਾਨ )** ਸੂਬੇ ਅੰਦਰ ਪਿਛਲੇ ਸਮੇਂ ਤੋਂ ਲੁੱਟਾਂ ਖੋਹਾਂ ਦੀਆ ਘਟਨਾਵਾਂ ਬੜੀ ਤੇਜੀ ਨਾਲ ਵੱਧ ਰਹੀਆ ਹਨ। ਲੋਕ ਸਭਾ ਹਲਕਾ ਜਲੰਧਰ ਅਧੀਨ ਪੈਂਦੇ ਵਿਧਾਨ ਸਭਾ ਹਲਕਾ ਨਕੋਦਰ ਬਲਾਕ ਦੇ ਲੋਕ ਲੁੱਟਾਂ ਖੋਹਾਂ ਦੀਆਂ ਘਟਨਾਵਾ ਤੋਂ ਬੇਹੱਦ ਪੀੜਤ ਹਨ। ਇਸ ਮਾਮਲੇ ਨੂੰ ਲੈ ਕੇ ਨਕੋਦਰ ਬਲਾਕ ਦੇ ਅਤੇ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਆਗੂ ਅਤੇ ਮੋਹਤਬਰ ਵਿਅਕਤੀਆਂ ਨੇ ਆਪ ਸਰਕਾਰ ਦੇ ਘਟੀਆ ਸਿਸਟਮ ਤੋਂ ਅੱਕ ਕੇ ਪੇਂਡੂ ਪ੍ਰੈੱਸ ਕਲੱਬ ਮੱਲ੍ਹੀਆਂ ਕਲਾਂ ਦੇ ਦਫਤਰ ਵਿਖੇ ਲੋਕਾਂ ਦੀ ਰਾਹਤ ਲਈ ਇਕਜੁੱਟ ਹੋ ਕੇ ਸਰਕਾਰ ਤੇ ਪ੍ਰਸ਼ਾਸਨ ਕੋਲੋਂ ਲੋਕਾਂ ਨੂੰ ਰਾਹਤ ਦਿਵਾਉਣ ਲਈ ਲੋਕਾਂ ਨੂੰ ਲਾਮਬੰਦ ਕੀਤਾ› ਇਸ ਮੌਕੇ ਤਰਲੋਚਨ ਸਿੰਘ ਸੰਘਾ, ਕਾਮਰੇਡ ਦਰਸ਼ਨ ਨਾਹਰ,ਹਰਭਜਨ ਸਿੰਘ ਹੁੰਦਲ ਹਰਕੰਵਲ ਸਿੰਘ ਮੁੰਧ,ਨਿਰਮਲ ਆਧੀ,ਮਨਜੀਤ ਸਿੰਘ ਮਾਨ ਨੇ ਆਖਿਆ ਕਿ ਸਰਕਾਰਾਂ ਦੇ ਘਟੀਆ ਪ੍ਰਬੰਧ ਤੋਂ ਮਾਪੇ ਪ੍ਰੇਸ਼ਾਨ ਹੋ ਕੇ ਅਪਣੇ ਜਿਗਰ ਦੇ ਟੋਟਿਆਂ ਨੂੰ ਆਪਣੇ ਤੋਂ ਦੂਰ ਵਿਦੇਸ਼ਾਂ ਵਿੱਚ ਧੜੱਲੇ ਨਾਲ ਭੇਜ ਰਹੇ ਹਨ। ਨਕੋਦਰ ਬਲਾਕ ਵਿੱਚ ਦਿਨੇ ਦਿਹਾੜੇ ਲੁੱਟਾਂ ਖੋਹਾਂ ਹੋ ਰਹੀਆਂ ਹਨ ਤੇ ਕਈ ਲੋਕਾਂ ਦੀਆਂ ਜਾਨਾਂ ਵੀ ਜਾ ਚੁੱਕੀਆਂ ਹਨ ਪਰ ਫਿਰ ਵੀ ਪੁਲਸ ਪ੍ਰਸ਼ਾਸਨ ਕੰਮ ਕਰਨ ਦੀ ਨੀਂਦ ਸੁੱਤਾ ਪਿਆ ਹੈ । ਇਸ ਮੌਕੇ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਆਗੂਆ ਦੀ ਸਮਾਜ ਵਿਰੋਧੀ ਅਨਸਰ ਐਕਸ਼ਨ ਕਮੇਟੀ ਪੰਜਾਬ ਦਾ ਗਠਨ ਕੀਤਾ ਗਿਆ ਜਿਸ ਵਿੱਚ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੂੰ ਸ਼ਾਮਿਲ ਕੀਤਾ ਗਿਆ। ਸਾਰਿਆਂ ਦੀ ਸਹਿਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ 16 ਮਈ ਨੂੰ ਐਸ ਐਸ ਪੀ ਜ਼ਿਲ੍ਹਾ ਦਿਹਾਤੀ ਅਤੇ ਡੀ ਸੀ ਜਲੰਧਰ ਨੂੰ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਂਅ 'ਤੇ ਇੱਕ ਮੰਗ ਪੱਤਰ ਦਿੱਤਾ ਜਾਵੇਗਾ। ਜੇਕਰ ਦਸ ਦਿਨ ਤੱਕ ਲੁੱਟਾਂ ਖੋਹਾਂ ਤੋ ਲੋਕਾਂ ਨੂੰ ਰਾਹਤ ਨਾ ਮਿਲੀ ਤਾ ਲੋਕ ਮਜਬੂਰ ਹੋ ਕੇ ਸੜਕਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆ ਦੇ ਦਫਤਰਾਂ ਅਤੇ ਘਰ ਘੇਰਨ ਲਈ ਮਜਬੂਰ ਹੋ ਜਾਣਗੇ। ਇਸ ਮੌਕੇ ਸਰਪੰਚ ਅਮਰਜੀਤ ਸਿੰਘ ਮਠਾੜੂ , ਅਵਤਾਰ ਸਿੰਘ ਭੋਲਾ ਭਲਵਾਨ ਉੱਗੀ , ਸੋਨੂੰ ਭਲਵਾਨ ਖੀਵਾ , ਰੁਪਿੰਦਰ ਸਿੰਘ ਰਾਣਾ ਮੀਰ ਪੁਰ , ਨੰਬਰਦਾਰ ਹਰਕੰਮਲ ਸਿੰਘ ਮੁੰਧ , ਨੰਬਰਦਾਰ ਸੁਰਜੀਤ ਸਿੰਘ ਹੇਅਰ , ਹਰਪ੍ਰੀਤਪਾਲ ਸਿੰਘ ਡਿੰਪਲ ,ਐਡਵੋਕੇਟ ਸੁਰਿੰਦਰ ਖੀਵਾ , ਅਮਰੀਕੀ ਸਿੰਘ ਮੱਲ੍ਹੀ , ਸਤਨਾਮ ਸਿੰਘ ਮੱਲ੍ਹੀ,ਰਾਜਨ ਕਲਿਆਣ , ਹਿੰਮਤ ਸਿੰਘ ਮਠਾੜੂ , ਬਲਵੀਰ ਸਿੰਘ ਮੱਲ੍ਹੀ,ਬੱਗਾ ਮੱਲ੍ਹੀ ,ਸੁਮਿਤ ਨਈਅਰ ਹਾਜਰ ਸਨ ।

# ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਦਾ ਨਤੀਜਾ ਰਿਹਾ ਸ਼ਾਨਦਾਰ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**- ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਦੀ ਸੀ.ਬੀ.ਐਸ.ਈ ਬੋਰਡ ਦੀ 10ਵੀਂ ਜਮਾਤ ਪ੍ਰੀਖਿਆ ਦੇ ਨਤੀਜੇ ਵਿੱਚੋਂ ਵਧੀਆ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਚੇਅਰਮੈਨ ਰਾਜਿੰਦਰ ਸਿੰਘ ਮਾਰਸਲ ਦੇ ਦਿਸ਼ਾ ਨਿਰਦੇਸ਼ ਹੇਠ ਸਕੂਲ ਵਿਖੇ ਪ੍ਰਿੰਸੀਪਲ ਰਮਨਦੀਪ ਸਿੰਘ ਦੀ ਅਗਵਾਈ ਵਿੱਚ ਵਿਦਿਆਰਥੀਆਂ ਦੀ ਹੌਂਸਲਾ ਅਫਜਾਈ ਲਈ ਇੱਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਪ੍ਰਿੰਸੀਪਲ ਨੇ ਕਿਹਾ ਕਿ ਬੱਚਿਆਂ ਦਾ ਉਜਵਲ ਭਵਿੱਖ ਉਨ੍ਹਾਂ ਵੱਲੋਂ ਪੜ੍ਹਾਈ ਵਿਚ ਕੀਤੀ ਗਈ ਮਿਹਨਤ ਦਾ ਨਤੀਜਾ ਹੁੰਦਾ ਹੈ ਪਰ ਉਸ ਤੋਂ ਵੀ ਵੱਧ ਅਧਿਆਪਕਾਂ ਵੱਲੋਂ ਬੱਚਿਆਂ ਲਈ ਪੂਰੀ ਲਗਨ ਅਤੇ ਮਿਹਨਤ ਨਾਲ ਨਿਭਾਈ ਗਈ ਜ਼ਿੰਮੇਵਾਰੀ ਦਾ ਫਲ ਹੁੰਦਾ ਹੈ। ਸਕੂਲ ਦੀ ਵਿਦਿਆਰਥਣ ਸਹਿਜਲਦੀਪ ਕੌਰ ਸਪੁੱਤਰੀ ਜਗਦੇਵ ਸਿੰਘ ਨੇ 10ਵੀਂ ਜਮਾਤ ਚ ਸਕੂਲ ਵਿਚੋਂ 97.8% ਅੰਕ ਨਾਲ ਪਹਿਲਾਂ ਸਥਾਨ, ਹਰਲੀਨ ਕੌਰ ਸਪੁੱਤਰੀ ਸੁਖਵਿੰਦਰ ਸਿੰਘ ਨੇ 80.2% ਅੰਕ ਹਾਸਲ ਕਰਕੇ ਦੂਸਰਾ ਸਥਾਨ ਅਤੇ ਵਿਦਿਆਰਥੀ ਧੀਰਜ ਸਪੁੱਤਰ ਉਂਕਾਰ ਸਿੰਘ ਨੇ 79.8% ਅੰਕ ਨਾਲ ਤੀਸਰਾ ਸਥਾਨ ਹਾਸਲ ਕੀਤਾ ਹੈ।

ਵਾਇਸ ਪ੍ਰਿੰਸੀਪਲ ਕੁਲਬੀਰ ਸਿੰਘ, ਵਾਈਸ ਪ੍ਰਿੰਸੀਪਲ ਸਰਬਜੀਤ ਕੌਰ ਤੇ ਸਮੂਹ ਸਕੂਲ ਸਟਾਫ ਵੱਲੋਂ ਵਧੀਆ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਕੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ ਗਿਆ। ਇਸ ਮੌਕੇ 'ਤੇ ਵਿਪਨ ਕੁਮਾਰ, ਮਨਦੀਪ ਸਿੰਘ, ਅਮਨਦੀਪ ਕੌਰ, ਮਨੀਸ਼ਾ, ਅੰਮ੍ਰਿਤਪਾਲ ਕੌਰ, ਨਵਪ੍ਰੀਤ ਕੌਰ, ਸੀਸਪਾਲ, ਗੁਰਪ੍ਰੀਤ ਕੌਰ, ਸਿਮਰਪ੍ਰੀਤ ਕੌਰ, ਦਲਜੀਤ ਕੌਰ, ਮੋਨਿਕਾ, ਰਾਜਵਿੰਦਰ ਕੌਰ ਅਤੇ ਹੋਰ ਸਮੂਹ ਸਕੂਲ ਸਟਾਫ ਹਾਜਰ ਸੀ।

15-May-PAGE-9.qxd 5/14/2023 10:17 PM Page 1



# ਸ਼ਾਹਕੋਟ ਦੇ 250 ਬੂਥਾਂ 'ਚੋਂ 122 'ਤੇ 'ਆਪ' ਦੀ ਹਾਰ, ਅਕਾਲੀ ਦਲ ਪਿੱਛੇ, ਭਾਜਪਾ ਮਜ਼ਬੂਤ, ਕਾਂਗਰਸ ਦੀ ਪਕੜ ਬਰਕਰਾਰ



**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)** - ਲੋਕ ਸਭਾ ਜਲੰਧਰ ਦੀ ਜ਼ਿਮਨੀ ਚੋਣ 'ਚ ਬੇਸ਼ੱਕ 'ਆਪ' ਦੇ ਸੁਸ਼ੀਲ ਕੁਮਾਰ ਰਿੰਕੂ ਨੇ ਭਾਰੀ ਬਹੁਮਤ ਲੈ ਕਿ ਜਿੱਤ ਪ੍ਰਾਪਤ ਕਰ ਕੇ ਕਾਂਗਰਸ ਦੇ ਗੜ੍ਹ ਨੂੰ ਇਕ ਵਾਰ ਹਿਲਾ ਕੇ ਰੱਖ ਦਿੱਤਾ ਹੈ ਪਰ ਹਲਕਾ ਸ਼ਾਹਕੋਟ ਦੇ 250 ਬੂਥਾਂ 'ਚੋਂ 122 ਬੂਥਾਂ 'ਤੇ 'ਆਪ' ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਇਸ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਅਜੇ ਵੀ ਮੌਜੂਦਾ ਕਾਂਗਰਸ ਦੇ ਵਿਧਾਇਕ ਹਰਦੇਵ ਸਿੰਘ ਲਾਡੀ ਦੀ ਪਕੜ ਮਜ਼ਬੂਤ ਹੈ। ਹਲਕਾ ਸ਼ਾਹਕੋਟ ਤੋਂ 'ਆਪ' ਦੇ ਸੁਸ਼ੀਲ ਕੁਮਾਰ ਰਿੰਕੂ ਨੂੰ 36010 ਵੋਟਾਂ, ਭਾਜਪਾ ਦੇ ਇੰਦਰ ਇਕਬਾਲ ਸਿੰਘ ਨੂੰ 7119 ਵੋਟਾਂ, ਸ਼੍ਰੋਮਣੀ ਅਕਾਲੀ ਦਲ ਦੇ ਡਾ.ਸੁਖਵਿੰਦਰ ਸੁੱਖੀ ਨੂੰ 19106 ਵੋਟਾਂ, ਸ਼੍ਰੋਮਣੀ ਅਕਾਲੀ ਦਲ (ਮਾਨ) ਦੇ ਉਮੀਦਵਾਰ ਗੁਰਜੰਟ ਸਿੰਘ ਕੱਟੂ ਨੂੰ 4537 ਵੋਟਾਂ, ਨੀਟੂ ਸ਼ਟਰਾਂ ਵਾਲਾ ਨੂੰ 555 ਵੋਟਾਂ ਪਈਆਂ। ਜ਼ਿਕਰਯੋਗ ਹੈ ਕਿ ਬੂਥ ਨੰ. 28 ਸਿੱਧੂਪੁਰ, ਜੋ ਕਿ ਕਾਂਗਰਸੀ ਵਿਧਾਇਕ ਹਰਦੇਵ ਸਿੰਘ ਲਾਡੀ ਦਾ ਖਾਸਮਖਾਸ ਸੱਜਾ ਹੱਥ ਸਮਝੇ ਜਾਂਦੇ, ਜਿਸ ਵਿਅਕਤੀ ਨੂੰ ਫਰਸ਼ਾਂ ਤੋਂ ਅਰਸ਼ਾਂ 'ਤੇ ਪਹੁੰਚਾਇਆ, ਉਸ ਨੇ ਵੀ ਆਪਣੇ ਪਿੰਡ ਦੀ ਵੋਟ ਕਾਂਗਰਸ ਨੂੰ ਨਾ ਪਵਾਉਣ 'ਚ ਅੱਡੀ ਚੋਟੀ ਦਾ ਜ਼ੋਰ ਲਾ ਦਿੱਤਾ, ਜਿਸ ਕਾਰਨ ਉਸ ਨੂੰ ਕਥਿਤ ਤੌਰ 'ਤੇ ਲਾਡੀ ਦੇ ਗੁੱਸੇ ਦਾ ਵੀ ਸ਼ਿਕਾਰ ਹੋਣਾ ਪਿਆ। ਇਸ ਕਾਰਨ ਕਾਂਗਰਸ ਦੇ ਉਮੀਦਵਾਰ ਨੂੰ 79 ਹੀ ਵੋਟਾਂ ਪਈਆਂ। 'ਆਪ' ਨੂੰ 132, ਅਕਾਲੀ ਦਲ ਨੂੰ 118, ਬੂਥ ਨੰ 51 ਹਲਕਾ ਇੰਚਾਰਜ ਰਤਨ ਸਿੰਘ ਕਾਕੜ ਕਲਾਂ ਦੇ ਪਿੰਡ 'ਚ ਵੀ ਅਕਾਲੀ ਦਲ ਨੂੰ 90, ਕਾਂਗਰਸ ਨੂੰ 219, ਆਪ ਨੂੰ 228 ਵੋਟਾਂ ਦਿਵਾ ਸਕਿਆ। ਕਾਕੜ ਕਲਾਂ ਤੋਂ ਕਾਂਗਰਸ ਨੂੰ ਵੋਟਾਂ 219 ਮਿਲਣ ਦਾ ਕਾਰਨ ਇਕ ਵਰਕਰ ਦਾ ਬੇਤਹਾਸ਼ਾ ਮਿਹਨਤ ਕੀਤੇ ਜਾਣਾ ਦੱਸਿਆ ਜਾ ਰਿਹਾ ਹੈ।

# ਸਿੱਖਿਆ ਮੰਤਰੀ ਦੇ ਹਲਕੇ 'ਚ ਮਿਡ-ਡੇ-ਮੀਲ ਵਰਕਰਾਂ ਦੀ ਰੈਲੀ ਸੰਬੰਧੀ ਹੰਗਾਮੀ ਮੀਟਿੰਗ




**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਮਿਡ-ਡੇ-ਮੀਲ ਵਰਕਰਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਦੀ ਪੂਰਤੀ ਲਈ ਅਤੇ ਪੰਜਾਬ ਦੀ 'ਆਪ' ਸਰਕਾਰ ਦੀ ਇਨ੍ਹਾਂ ਵਰਕਰਾਂ ਪ੍ਰਤੀ ਅਪਣਾਈ ਟਾਲਮਟੋਲ ਦੀ ਨੀਤੀ ਦੇ ਵਿਰੁੱਧ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਹਲਕਾ ਆਨੰਦਪੁਰ ਸਾਹਿਬ ਵਿਖੇ 21 ਮਈ ਨੂੰ ਇੱਕ ਵਿਸ਼ਾਲ ਰੋਸ ਰੈਲੀ ਵਿੱਚ ਸ਼ਾਮਲ ਹੋਣ ਲਈ ਮਾਹਿਲਪੁਰ ਵਿਖੇ ਇੱਕ ਹੰਗਾਮੀ ਮੀਟਿੰਗ ਮਿਡ-ਡੇ-ਮੀਲ ਯੂਨੀਅਨ ਪੰਜਾਬ ਦੀ ਜਨਰਲ ਸਕੱਤਰ ਕਮਲਜੀਤ ਕੌਰ ਖੜੌਦੀ ਦੀ ਸਰਪ੍ਰਸਤੀ ਹੇਠ ਹੋਈ। ਮੀਟਿੰਗ 'ਚ ਸਭ ਤੋਂ ਪਹਿਲਾਂ ਦਿੱਲੀ ਦੇ ਜੰਤਰ-ਮੰਤਰ ਵਿਖੇ ਪਹਿਲਵਾਨ ਧੀਆਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ ਗਿਆ ਅਤੇ ਮੰਗ ਕੀਤੀ ਗਈ ਕਿ ਬੀਜੇਪੀ ਦੇ ਸਾਂਸਦ ਬ੍ਰਿਜ ਭੂਸ਼ਣ ਸਰਨ ਸਿੰਘ ਨੂੰ ਜਿਨਸੀ ਸ਼ੋਸ਼ਣ ਕਰਨ ਤੇ ਭਾਰਤ ਸਰਕਾਰ ਉਸ ਨੂੰ ਕੁਸ਼ਤੀ ਸੰਘ ਦੀ ਪ੍ਰਧਾਨਗੀ ਤੋਂ ਹਟਾ ਕੇ ਸਖਤ ਤੋਂ ਸਖਤ ਸਜ਼ਾ ਦੇ ਕੇ ਪਹਿਲਵਾਨ ਧੀਆਂ ਨੂੰ ਇਨਸਾਫ ਦੇਵੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਨਰਲ ਸਕੱਤਰ ਨੇ ਕਿਹਾ ਕਿ ਜਦੋਂ ਦੀ ਪੰਜਾਬ ਸਰਕਾਰ ਸੱਤਾ 'ਚ ਆਈ ਹੈ ਮਿਡ-ਡੇ-ਮੀਲ ਵਰਕਰਾਂ ਦੀ ਕੋਈ ਵੀ ਮੰਗ ਸਰਕਾਰ ਵੱਲੋਂ ਪੂਰੀ ਕਰਨ ਦੀ ਕੋਸ਼ਿਸ਼ ਤੱਕ ਵੀ ਨਹੀਂ ਕੀਤੀ। ਪੰਜਾਬ ਦੀ ਮੌਜੂਦਾ ਸਰਕਾਰ ਵੀ ਪਹਿਲਾਂ ਰਹੀਆਂ ਸਰਕਾਰਾਂ ਵਾਂਗ ਮਿਡ-ਡੇ-ਮੀਲ ਵਰਕਰਾਂ ਦੀ ਬਾਂਹ ਫੜਨ ਨੂੰ ਤਿਆਰ ਨਹੀਂ। ਮੀਟਿੰਗ ਨੂੰ ਸੰਬੋਧਨ ਕਰਦਿਆਂ ਮੱਖਣ ਸਿੰਘ ਲੰਗੇਰੀ ਨੇ ਕਿਹਾ ਕਿ ਪੰਜਾਬ ਸਰਕਾਰ ਜਿੰਨੀ ਦੇਰ ਤੱਕ ਇਨ੍ਹਾਂ ਨੂੰ ਰੈਗੂਲਰ ਕਰਨ ਦੀ ਕੋਈ ਠੋਸ ਨੀਤੀ ਨਹੀਂ ਬਣਾ ਲੈਂਦੀ ਉਦੋਂ ਤੱਕ ਇਨ੍ਹਾਂ ਮਿਡ-ਡੇ-ਮੀਲ ਵਰਕਰਾਂ ਨੂੰ ਹਰਿਆਣਾ ਪੈਟਰਨ ਦੀ ਤਨਖਾਹ ਲਾਗੂ ਕਰੇ, ਸਿਹਤ ਬੀਮਾ ਯੋਜਨਾ ਲਾਗੂ ਕਰੇ, ਵਰਦੀਆਂ ਦਾ ਪ੍ਰਬੰਧ ਕਰੇ ਅਤੇ ਪੰਜਾਬ ਦੇ ਰੈਗੂਲਰ ਕਰਮਚਾਰੀਆਂ ਵਾਂਗ ਛੁੱਟੀਆਂ ਦੀ ਸਹੂਲਤ ਦੇਵੇ ਅਤੇ ਡਿਊਟੀ ਤੋ ਬਿਨਾਂ ਵਜ੍ਹਾ ਫਾਰਗ ਕੀਤੇ ਮਿਡ-ਡੇ-ਮੀਲ ਵਰਕਰਾਂ ਨੂੰ ਸਰਕਾਰ ਬਹਾਲ ਕਰੇ। ਅਵਤਾਰ ਸਿੰਘ,ਮਨਜਿੰਦਰ ਹੱਲੂਵਾਲ ਨੇ ਆਪਣੇ ਸੰਬੋਧਨ 'ਚ ਕਿਹਾ ਕਿ 21 ਦੀ ਅਨੰਦਪੁਰ ਸਾਹਿਬ ਦੀ ਰੈਲੀ ਵਿੱਚ ਮਿਡ-ਡੇ-ਮੀਲ ਵਰਕਰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਵੱਧ ਚੜ੍ਹ ਕੇ ਹਿੱਸਾ ਲੈਣਗੇ। ਇਸ ਮੌਕੇ ਬਲਵਿੰਦਰ ਕੌਰ, ਚਰਨਜੀਤ ਕੌਰ, ਰਾਜ ਕੁਮਾਰੀ, ਸੁਖਵਿੰਦਰ ਕੌਰ, ਲੱਛਮੀ ਦੇਵੀ, ਪਲਵਿੰਦਰ ਕੌਰ, ਲਖਵਿੰਦਰ ਕੌਰ, ਜਸਵਿੰਦਰ ਕੌਰ, ਬਲਵਿੰਦਰ ਕੁਮਾਰੀ, ਰਜਨੀ ਦੇਵੀ, ਦੀਸ਼ਾ, ਡਾਕਟਰ ਪਰਮਿੰਦਰ ਸਿੰਘ, ਦੇਵ ਰਾਜ ਹਾਜ਼ਰ ਸਨ।

# ਚੱਢਾ ਨੇ ਪੁਲਵਾਮਾ ਸ਼ਹੀਦ ਕੁਲਵਿੰਦਰ ਸਿੰਘ ਦੀ ਯਾਦ 'ਚ ਰੱਖਿਆ ਗੇਟ ਦਾ ਨੀਂਹ ਪੱਥਰ

**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**-ਸਾਲ 2019 'ਚ ਜੰਮੂ-ਕਸ਼ਮੀਰ ਦੇ ਪੁਲਵਾਮਾ ਜ਼ਿਲੇ 'ਚ ਫਿਦਾਇਨ ਹਮਲੇ 'ਚ ਸ਼ਹੀਦ ਹੋਏ ਪਿੰਡ ਰੌਲੀ ਦੇ ਸੈਨਿਕ ਕੁਲਵਿੰਦਰ ਸਿੰਘ ਦੀ ਯਾਦ 'ਚ ਬਣਨ ਜਾ ਰਹੇ ਯਾਦਗਾਰੀ ਗੇਟ ਦਾ ਅੱਜ ਹਲਕਾ ਰੂਪਨਗਰ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਨੇ ਨੀਂਹ ਪੱਥਰ ਰੱਖਿਆ। ਇਸ ਮੌਕੇ ਸਭ ਤੋਂ ਪਹਿਲਾਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਕੀਤੀ ਗਈ ਉਪਰੰਤ ਵਿਧਾਇਕ ਚੱਢਾ ਨੇ ਆਪਣੀ ਹਾਜ਼ਰੀ 'ਚ ਸ਼ਹੀਦ ਦੇ ਪਿਤਾ ਦਰਸ਼ਨ ਸਿੰਘ ਦੇ ਹੱਥੀਂ ਕਹੀ ਦਾ ਟੱਕ ਲਗਵਾ ਕੇ ਗੇਟ ਦਾ ਨਿਰਮਾਣ ਕਾਰਜ ਆਰੰਭ ਕਰਵਾਇਆ। ਇਸ ਮੌਕੇ ਬੋਲਦਿਆਂ ਵਿਧਾਇਕ ਚੱਢਾ ਨੇ ਆਖਿਆ ਕਿ ਸ਼ਹਾਦਤਾਂ ਅਨਮੋਲ ਹੁੰਦੀਆਂ ਹਨ ਜਿਨ੍ਹਾਂ ਦਾ ਮੁੱਲ ਕਦੇ ਨਹੀਂ ਮੋੜਿਆਂ ਜਾਂਦਾ। ਉਨ੍ਹਾ ਕਿਹਾ ਕਿ ਪੰਜਾਬ ਯੋਧਿਆਂ ਦੀ ਧਰਤੀ ਹੈ ਜਿਸ ਦੇ ਕਣ-ਕਣ 'ਚ ਸੂਰਬੀਰਾਂ ਦੀ ਸ਼ਹਾਦਤ ਦਾ ਖੂਨ ਰਚਿਆ ਹੋਇਆ ਹੈ। ਜਿਸ ਕਰਕੇ ਸਾਨੂੰ ਉਨ੍ਹਾਂ ਦੀ ਸ਼ਹਾਦਤ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਤਾਂ ਜੋ ਅਸੀਂ ਅਜ਼ਾਦੀ ਦਾ ਨਿੱਘ ਮਾਣ ਸਕੀਏ। ਵਿਧਾਇਕ ਚੱਢਾ ਨੇ ਆਖਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲਏ ਗਏ ਸੰਕਲਪ ਤਹਿਤ ਸੂਬੇ ਦੇ ਸਮੁੱਚੇ ਸ਼ਹੀਦਾਂ ਦੀਆਂ ਯਾਦਗਾਰਾਂ ਸਥਾਪਤ ਕੀਤੀਆਂ ਜਾਣਗੀਆਂ। ਜਿਸ ਲਈ ਪੰਜਾਬ ਸਰਕਾਰ ਵੱਲੋਂ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਇਸ ਮੌਕੇ ਸ਼ਹੀਦ ਦੇ ਪਿਤਾ ਦਰਸ਼ਨ ਸਿੰਘ ਨੇ ਆਖਿਆ ਕਿ ਪਹਿਲੀ ਸਰਕਾਰ ਨੇ ਵੱਖ-ਵੱਖ ਐਲਾਨ ਕੀਤੇ ਅਤੇ ਲਾਰਿਆਂ 'ਚ ਹੀ 4 ਸਾਲ ਦਾ ਸਮਾਂ ਲੰਘਾ ਦਿੱਤਾ। ਉਨ੍ਹਾ ਕਿਹਾ ਕਿ ਵਿਧਾਇਕ ਚੱਢਾ ਨੇ ਜੋ ਚੋਣਾਂ ਦੌਰਾਨ ਯਾਦਗਾਰ ਬਣਾਉਣ ਦਾ ਜੋ ਵਾਅਦਾ ਕੀਤਾ ਸੀ ਅੱਜ ਪੂਰਾ ਕਰਕੇ ਦਿਖਾਇਆ ਹੈ ਜਿਸ ਦੀ ਉਨਾਂ ਨੂੰ ਖੁਸ਼ੀ ਹੈ। ਵਿਧਾਇਕ ਚੱਢਾ ਨੇ ਕਿਹਾ ਕਿ ਸ਼ਹੀਦ ਕੁਲਵਿੰਦਰ ਸਿੰਘ ਦੀ ਯਾਦ 'ਚ ਪਿੰਡ 'ਚ ਇਕ ਦੀ ਬਜਾਏ 2 ਗੇਟ ਬਣਾਏ ਜਾਣਗੇ। ਜਿਨ੍ਹਾਂ 'ਚੋਂ ਇਕ ਗੇਟ ਦਾ ਨਿਰਮਾਣ ਕਾਰਜ ਅੱਜ ਆਰੰਭ ਦਿੱਤਾ ਗਿਆ ਜੋ ਲੋਕ ਨਿਰਮਾਣ ਵਿਭਾਗ ਵੱਲੋਂ ਮੁਕੰਮਲ ਕਰਵਾਇਆ ਜਾਵੇਗਾ। ਜਦਕਿ ਦੂਜੇ ਗੇਟ ਦਾ ਨਿਰਮਾਣ ਪਿੰਡ ਦੀ ਗ੍ਰਾਮ ਪੰਚਾਇਤ ਵੱਲੋਂ ਕਰਵਾਇਆ ਜਾਵੇਗਾ। ਜਿਸ ਸੰਬੰਧੀ ਵਿਧਾਇਕ ਚੱਢਾ ਨੇ ਗ੍ਰਾਮ ਪੰਚਾਇਤ ਨੂੰ 7 ਲੱਖ ਰੁਪਏ ਦੀ ਗ੍ਰਾਂਟ ਦਾ ਅਧਿਕਾਰਤ ਪੱਤਰ ਮੌਕੇ 'ਤੇ ਹੀ ਸੌਂਪਿਆ। ਉਨਾਂ ਐਲਾਨ ਕੀਤਾ ਕਿ ਪੁਲਵਾਮਾ ਸ਼ਹੀਦ ਦੀ ਯਾਦ 'ਚ ਪਿੰਡ 'ਚ ਇਕ ਵੱਡੇ ਸਟੇਡੀਅਮ ਦਾ ਵੀ ਨਿਰਮਾਣ ਕਰਵਾਇਆ ਜਾਵੇਗਾ। ਇਸ ਮੌਕੇ ਪਿੰਡ ਵਾਸੀਆਂ ਨੇ ਸ਼ਹੀਦ ਦੀ ਯਾਦ 'ਚ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਣ ਲਈ ਉਸਾਰੀ ਗਈ ਸੜਕ ਦੇ ਤਿੱਖੇ ਮੋੜ ਨੂੰ ਕੱਟ ਕੇ ਸਿੱਧਾ ਬਣਾਉਣ ਦੀ ਵੀ ਮੰਗ ਕੀਤੀ। ਇਸ ਮੌਕੇ ਹਾਜ਼ਰ ਪਿੰਡ ਵਾਸੀਆਂ ਨੇ ਵਿਧਾਇਕ ਚੱਢਾ ਦਾ ਧੰਨਵਾਦ ਕੀਤਾ ਤੇ ਉਨਾਂ ਦਾ ਸਨਮਾਨ ਕੀਤਾ। ਇਸ ਮੌਕੇ ਸਰਪੰਚ ਗੁਰਵਿੰਦਰ ਸਿੰਘ, ਇੰਸ. ਅਰਜੁਨ ਸਿੰਘ, ਸਾ. ਸਰਪੰਚ ਸੁਰਿੰਦਰ ਸਿੰਘ, ਪਾਲ ਸਿੰਘ, ਅਮਰਜੀਤ ਸਿੰਘ, ਜਸਵੰਤ ਸੈਣੀ, ਸਤਨਾਮ ਨਾਗਰਾ, ਸਤਨਾਮ ਸਿੰਘ ਗਿੱਲ ਅਤੇ ਗੁਰਮੇਲ ਸਿੰਘ ਆਦਿ ਹਾਜ਼ਰ ਸਨ।

## ਵਤਨ ਪਰਤੇ ਕਰਾਟੇ ਕੋਚ ਨਰੇਸ਼ ਕੁਮਾਰ

**ਫਗਵਾੜਾ (ਡਾ. ਰਮਨ, ਢੱਡਾ)**- ਸੈਣੀ ਇੰਡੀਅਨ ਸਕੂਲ ਆਫ ਸੈਲਫ ਡਿਫੈਂਸ ਕਲੱਬ ਦੇ ਮੁੱਖ ਕਰਾਟੇ ਕੋਚ ਨਰੇਸ਼ ਕੁਮਾਰ (ਥਰਡ ਡਿਗਰੀ ਬਲੈਕ ਬੈਲਟ) ਨੇ ਇੰਟਰਨੈਸ਼ਨਲ ਓਪਨ ਕਰਾਟੇ ਚੈਂਪੀਅਨਸ਼ਿਪ ਅਤੇ ਸੈਮੀਨਾਰ ਵਿਚ ਭਾਗ ਲੈਣ ਉਪਰੰਤ ਵਤਨ ਪਰਤਣ ਸਮੇਂ ਦੱਸਿਆ ਕਿ ਐਡੀਡਾਸ ਓਪਨ ਇੰਟਰਨੈਸ਼ਨਲ ਚੈਂਪੀਅਨਸ਼ਿਪ 6 ਅਤੇ 7 ਮਈ ਨੂੰ ਫਰਾਂਸ ਵਿਚ ਕਰਵਾਈ ਗਈ। ਇਸ ਚੈਂਪੀਅਨਸ਼ਿਪ ਤਹਿਤ ਕਾਤਾ (75-79 ਕਿਲੋ) ਭਾਰ ਵਰਗ ਵਿੱਚ ਭਾਗ ਲੈਂਦੇ ਹੋਏ ਉਹਨਾਂ ਨੇ ਵਧੀਆ ਪ੍ਰਦਰਸ਼ਨ ਕੀਤਾ। ਇਸ ਚੈਂਪੀਅਨਸ਼ਿਪ ਵਿੱਚ ਭਾਰਤ ਅਤੇ ਫਰਾਂਸ ਤੋਂ ਇਲਾਵਾ ਇਟਲੀ, ਸਵੀਡਨ, ਬੈਲਜੀਅਮ, ਪੋਲੈਂਡ, ਅਮਰੀਕਾ ਅਤੇ ਕੈਨੇਡਾ ਦੇ ਕਰੀਬ 500 ਕਰਾਟੇ ਖਿਡਾਰੀਆਂ ਨੇ ਭਾਗ ਲਿਆ। ਚੈਂਪੀਅਨਸ਼ਿਪ ਤੋਂ ਇਲਾਵਾ ਇੱਕ ਸਿਖਲਾਈ ਸੈਮੀਨਾਰ ਵੀ ਕਰਵਾਇਆ ਗਿਆ ਜਿਸ ਵਿੱਚ ਵਿਸ਼ਵ ਦੇ 7ਵੀਂ ਅਤੇ 8ਵੀਂ ਡਿਗਰੀ ਬਲੈਕ ਬੈਲਟ ਚੈਂਪੀਅਨਾਂ ਨੇ ਆਪਣੇ ਤਜ਼ਰਬੇ ਸਾਂਝੇ ਕੀਤੇ ਅਤੇ ਸਿਖਲਾਈ ਦਿੱਤੀ। ਨਰੇਸ਼ ਕੁਮਾਰ ਅਨੁਸਾਰ ਵਿਸ਼ਵ ਭਰ ਦੀਆਂ ਔਰਤਾਂ ਜਿਸ ਤਰ੍ਹਾਂ ਸਵੈ-ਰੱਖਿਆ ਪ੍ਰਤੀ ਜਾਗਰੂਕ ਹਨ, ਉਸ ਤੋਂ ਪ੍ਰੇਰਨਾ ਲੈਂਦਿਆਂ ਭਾਰਤੀ ਔਰਤਾਂ ਖਾਸ ਕਰਕੇ ਨੌਜਵਾਨ ਲੜਕੀਆਂ ਨੂੰ ਸਵੈ-ਰੱਖਿਆ ਲਈ ਸੈਲਫ ਡਿਫੈਂਸ ਦੀ ਸਿਖਲਾਈ 'ਚ ਦਿਲਚਸਪੀ ਲੈਣੀ ਚਾਹੀਦੀ ਹੈ। ਉਹਨਾਂ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿਚ ਆਸਟ੍ਰੇਲੀਆ, ਨਿਊਜ਼ੀਲੈਂਡ, ਜਾਪਾਨ ਅਤੇ ਕੈਨੇਡਾ ਵਿਚ ਹੋਣ ਜਾ ਰਹੀ ਕਰਾਟੇ ਚੈਂਪੀਅਨਸ਼ਿਪ ਲਈ ਉਹਨਾਂ ਵਲੋਂ ਤਿਆਰੀ ਸ਼ੁਰੂ ਕਰ ਦਿੱਤੀ ਗਈ ਹੈ।

## 'ਆਪ' ਦੇ ਉਮੀਦਵਾਰ ਦੀ ਸ਼ਾਨਦਾਰ ਜਿੱਤ 'ਤੇ ਵਰਕਰਾਂ 'ਚ ਖੁਸ਼ੀ ਦੀ ਲਹਿਰ




**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**-ਲੋਕ ਸਭਾ ਹਲਕਾ ਜਲੰਧਰ ਵਿਖੇ ਹੋਈ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੀ ਹੋਈ ਸ਼ਾਨਦਾਰ ਜਿੱਤ ਕਾਰਨ ਹਰ ਪਾਸੇ ਵਰਕਰਾਂ ਵਿੱਚ ਖੁਸ਼ੀ ਦਾ ਮਾਹੌਲ ਦੇਖਿਆ ਜਾ ਰਿਹਾ ਹੈ ਅਤੇ ਹਰ ਪਾਸੇ ਲੱਡੂ ਵੰਡ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਜਾ ਰਿਹਾ ਹੈ। ਆਮ ਆਦਮੀ ਪਾਰਟੀ ਦੇ ਜੁਝਾਰੂ ਆਗੂ ਬਹਾਦੁਰ ਸਿੰਘ ਸ਼ੌਂਕੀ ਕਾਹਨਪੁਰ ਖੂਹੀ ਨੇ ਗੱਲਬਾਤ ਕਰਦਿਆਂ ਆਖਿਆ ਕਿ ਸੂਬੇ ਦੀ ਜਨਤਾ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਗਰੀਬੀ, ਬੇਰੁਜ਼ਗਾਰੀ ਅਤੇ ਨਸ਼ਿਆਂ ਨੂੰ ਖਤਮ ਕਰਨ ਦੇ ਮਕਸਦ ਨੂੰ ਇੱਕ ਇੱਕ ਕਰਕੇ ਪੂਰਾ ਕਰਕੇ ਦਿਖਾਵੇਗੀ। ਬੀਤੇ ਲੰਮੇ ਅਰਸੇ ਦੌਰਾਨ ਵੱਖ ਵੱਖ ਸਰਕਾਰਾਂ ਨੇ ਸੂਬੇ ਦੀ ਜਨਤਾ ਨੂੰ ਲੁੱਟਿਆ ਤੇ ਕੁੱਟਿਆ ਦੀ ਨੀਤੀ ਨਾਲ ਰਾਜ ਕੀਤਾ ਹੈ ਜਿਸ ਤੋਂ ਦੁਖੀ ਸੂਬੇ ਦੀ ਜਨਤਾ ਨੇ ਤੀਜੇ ਬਦਲਾਅ ਨੂੰ ਲਿਆਉਣ 'ਚ ਪੂਰਾ ਸਹਿਯੋਗ ਦਿੱਤਾ। ਜਿਸ ਨਾਲ ਸੂਬਾ ਹੋਰ ਤਰੱਕੀ ਵੱਲ ਵਧੇਗਾ। ਇਸ ਮੌਕੇ ਆਗੂ ਬਹਾਦੁਰ ਸਿੰਘ ਸ਼ੌਂਕੀ, ਰਵੀ ਕੁਮਾਰ ਬੁਥਗੜ੍ਹ, ਮਨਜੀਤ ਸਿੰਘ, ਗੁਰਮੀਤ ਸਿੰਘ, ਮਨਜੀਤ ਸਿੰਘ, ਪਰਮਜੀਤ ਸਿੰਘ ਪੰਮੂ ਗੋਚਰ, ਬਲਵਿੰਦਰ ਸਿੰਘ, ਹੈਰੀ ਪਲਾਟਾ, ਕਿਸ਼ੋਰ ਭਾਟੀਆ ਸਪਾਲਮਾਂ, ਤਾਰੀ ਨਲਹੋਟੀ, ਹਰਦੀਪ, ਕਮਲ ਨਲਹੋਟੀ, ਅੱਛਰ ਸਿੰਘ, ਸੁਖਦੇਵ ਸਿੰਘ ਆਦਿ ਨੇ ਲੱਡੂ ਵੰਡ ਕੇ ਖੁਸ਼ੀ ਦਾ ਇਜ਼ਹਾਰ ਕੀਤਾ।

## ਬਾਬਾ ਨਿਧਾਨ ਸਿੰਘ ਪਬਲਿਕ ਸਕੂਲ ਦਾ ਦਸਵੀਂ ਕਲਾਸ ਦਾ ਨਤੀਜਾ ਸ਼ਾਨਦਾਰ



**ਕਰਤਾਰਪੁਰ (ਹਰਮੇਸ਼ ਦੱਤ)**-ਸੀ.ਬੀ.ਐਸ.ਈ.ਦੁਆਰਾ ਦਸਵੀਂ ਕਲਾਸ ਦਾ ਨਤੀਜਾ ਘੋਸ਼ਿਤ ਕੀਤਾ ਗਿਆ ਜਿਸ ਵਿੱਚ ਸੰਤ ਬਾਬਾ ਨਿਧਾਨ ਸਿੰਘ ਪਬਲਿਕ ਸਕੂਲ ਕਰਤਾਰਪੁਰ ਦਾ ਨਤੀਜਾ ਸ਼ਾਨਦਾਰ ਰਿਹਾ। ਪ੍ਰਿੰ. ਕੰਵਲਜੀਤ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਯੁਵਰਾਜ ਸਿੰਘ ਤੇਜੀ ਨੇ 97.8%ਅੰਕ ਪ੍ਰਾਪਤ ਕਰਕੇ ਪਹਿਲਾ, ਨਵਜੋਤ ਕੌਰ ਨੇ 93.8% ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ, ਮਨਮੀਤ ਕੌਰ ਨੇ 90.8% ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ, ਕਨਿਕਾ ਸੇਠ ਨੇ 86.8% ਅੰਕ ਪ੍ਰਾਪਤ ਕਰਕੇ ਚੌਥਾ, ਸੁਭਰੀਤ ਕੌਰ ਨੇ 84.6% ਅੰਕ ਪ੍ਰਾਪਤ ਕਰਕੇ ਪੰਜਵਾਂ ਸਥਾਨ ਪ੍ਰਾਪਤ ਕੀਤਾ। ਚੇਅਰਪਰਸਨ ਸੁਰਿੰਦਰ ਕੌਰ, ਡਾ. ਚਰਨ ਸਿੰਘ, ਡਾ. ਪਿਆਰਾ ਸਿੰਘ, ਪ੍ਰਿੰ. ਕੰਵਲਜੀਤ ਕੌਰ ਅਤੇ ਸਕੂਲ ਸਟਾਫ ਨੇ ਵਧੀਆ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਵਿਦਿਆਰਥੀਆਂ ਨੂੰ ਹਮੇਸ਼ਾ ਜ਼ਿਆਦਾ ਮਿਹਨਤ ਕਰਕੇ ਸਕੂਲ ਅਤੇ ਮਾਤਾ ਪਿਤਾ ਦਾ ਨਾਂਅ ਰੋਸ਼ਨ ਕਰਨਾ ਚਹੀਦਾ ਹੈ।

# ਮਹਾਤਮਾ ਗੌਤਮ ਬੁੱਧ ਦੇ ਜੀਵਨ ਤੇ ਸਿਧਾਂਤ 'ਤੇ ਸੈਮੀਨਾਰ



**ਬਹਿਰਾਮ (ਅਵਤਾਰ ਕਲੇਰ)**-ਡਾ. ਅੰਬੇਡਕਰ ਚੇਤਨਾ ਸੁਸਾਇਟੀ ਬੰਗਾ ਦੀ ਅਗਵਾਈ 'ਚ ਡਾ. ਭੀਮ ਰਾਓ ਅੰਬੇਡਕਰ ਐਜੂਕੇਸ਼ਨ ਐਂਡ ਹੈਲਥ ਕਲੱਬ ਸਰਹਾਲ ਕਾਜ਼ੀਆਂ ਵੱਲੋਂ ਯੁੱਗ ਪੁਰਸ਼ ਤਥਾਗਤ ਮਹਾਤਮਾ ਗੌਤਮ ਬੁੱਧ ਦੇ ਜੀਵਨ ਅਤੇ ਸਿਧਾਂਤ ਵਿਸ਼ੇ 'ਤੇ ਸੈਮੀਨਾਰ ਅੰਬੇਡਕਰ ਲਾਇਬ੍ਰੇਰੀ ਸਰਹਾਲ ਕਾਜ਼ੀਆਂ 'ਚ ਕਰਵਾਇਆ ਗਿਆ। ਸੈਮੀਨਾਰ ਦੀ ਪ੍ਰਧਾਨਗੀ ਡਾ. ਵੇਦ ਪ੍ਰਕਾਸ਼ ਨੇ ਕੀਤੀ ਅਤੇ ਬਤੌਰ ਮੁੱਖ ਮਹਿਮਾਨ ਡਾ. ਕਸ਼ਮੀਰ ਚੰਦ ਵਿਸ਼ੇਸ਼ ਤੌਰ 'ਤੇ ਪਹੁੰਚੇ। ਸਮਾਗਮ ਦੇ ਸ਼ੁਰੂਆਤ ਵਿੱਚ ਪ੍ਰਿੰ. ਜਸਵੀਰ ਸੈਂਪਲੇ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ ਡਾ. ਵੇਦ ਪ੍ਰਕਾਸ਼ ਨੇ ਕਿਹਾ ਕਿ ਸਾਨੂੰ ਆਪਣੇ ਮਹਾਂਪੁਰਸ਼ਾਂ ਦੀ ਸੋਚ ਨੂੰ ਲੋਕਾਂ ਤੱਕ ਲੈ ਕੇ ਜਾਣਾ ਹੋਏਗਾ ਤਾਂ ਹੀ ਅਸੀਂ ਅੱਗੇ ਵਧ ਸਕਦੇ ਹਾਂ। ਸਮਾਗਮ ਨੂੰ ਸੰਬੋਧਨ ਕਰਦੇ ਹੋਏ ਡਾ. ਕਸ਼ਮੀਰ ਚੰਦ ਨੇ ਦੱਸਿਆ ਕਿ ਸਾਡੀ ਵਿਰਾਸਤ ਬਹੁਤ ਅਮੀਰ ਰਹੀ ਹੈ। ਇਸ ਨੂੰ ਵਾਪਸ ਲਿਆਉਣ ਲਈ ਯਤਨ ਕਰਨੇ ਜ਼ਰੂਰੀ ਹਨ। ਉਨ੍ਹਾ ਕਿਹਾ ਕਿ ਅਜਿਹੇ ਸਮਾਗਮ ਹਰ ਪਿੰਡ ਵਿੱਚ ਕੀਤੇ ਜਾਣੇ ਚਾਹੀਦੇ ਹਨ। ਸਮਾਗਮ ਦੀ ਸਮਾਪਤੀ 'ਤੇ ਕਲੱਬ ਪ੍ਰਧਾਨ ਲਖਵੀਰ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਕਲੱਬ ਦੁਆਰਾ ਡਾ. ਅੰਬੇਡਕਰ ਚੇਤਨਾ ਸੁਸਾਇਟੀ ਦੇ ਪ੍ਰਧਾਨ ਅਤੇ ਮੈਂਬਰਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਸਟੇਜ ਦੀ ਭੂਮਿਕਾ ਲੈਕ. ਬਲਿਹਾਰ ਚੰਦ ਨੇ ਨਿਭਾਈ। ਸਮਾਗਮ ਨੂੰ ਕੁਲਵਿੰਦਰ ਬੰਗਾ, ਹਰਬਲਾਸ ਬੰਗਾ, ਗੁਰਮੁਖ ਸਿੰਘ, ਰਾਣਾ ਮੁਕੰਦਪਰ, ਦਰਬਾਰੀ ਲਾਲ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਡਾ. ਵੇਦ ਪ੍ਰਕਾਸ਼, ਡਾ. ਕਸ਼ਮੀਰ ਚੰਦ, ਕੁਲਵਿੰਦਰ ਬੰਗਾ, ਲੈਕ. ਬਲਿਹਾਰ ਚੰਦ, ਪ੍ਰਿੰ. ਜਸਵੀਰ ਸੈਂਪਲੇ, ਪ੍ਰਿੰ. ਹਰਬਲਾਸ ਮਹੇ, ਲੈਕ. ਸੁਰਜੀਤ ਸੈਂਪਲੇ, ਸੁਰਿੰਦਰ ਮੋਹਣ, ਲਖਵੀਰ ਲੱਕੀ, ਗੁਰਮੁਖ ਸਿੰਘ, ਕੁਲਦੀਪ ਜੱਸਲ, ਸੋਹਣ ਲਾਲ ਮਹੇ, ਲੈਕ. ਪਰਮਜੀਤ ਸਿੰਘ, ਨਿਤਨ ਮੁਕੰਦਪੁਰ, ਰਾਣਾ ਮੁਕੰਦਪੁਰੀ, ਦਿਲਬਾਗ ਸਿੰਘ, ਬਲਵਿੰਦਰ ਕੁਮਾਰ, ਰਾਜ ਕੁਮਾਰ, ਨਵੀ ਸੈਂਪਲੇ, ਅਰਮਾਨ ਸੈਂਪਲੇ, ਰਵੀ ਕੁਮਾਰ, ਅਮਨਦੀਪ ਸੈਂਪਲੇ, ਦਰਬਾਰੀ ਲਾਲ, ਬਿੰਦਰ ਜੱਸਲ, ਸੁਰਜੀਤ ਸੋਮਾ, ਰਾਮ ਕਿਸ਼ਨ ਜੱਸਲ ਆਦਿ ਹਾਜ਼ਰ ਸਨ।

# ਪੰਜਾਬ ਨੂੰ ਹਰਿਆ ਭਰਿਆ ਬਣਾਉਣ ਲਈ 1.26 ਕਰੋੜ ਬੂਟੇ ਲਾਉਣ ਦਾ ਟੀਚਾ : ਕਟਾਰੂਚੱਕ



**ਚੰਡੀਗੜ੍ਹ, (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਉਣ ਵਾਲੀਆਂ ਨਸਲਾਂ ਲਈ ਸਾਫ ਸੁਥਰਾ ਵਾਤਾਵਰਣ ਸਿਰਜਣ ਲਈ ਪੂਰਨ ਤੌਰ ਉੱਤੇ ਵਚਨਬੱਧ ਹੈ। ਇਸ ਮਕਸਦ ਹਿੱਤ ਪੰਜਾਬ ਨੂੰ ਹਰਿਆ ਭਰਿਆ ਕਰਨ ਲਈ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਵੱਲੋਂ ਸਾਲ 2023-24 ਦੌਰਾਨ ਪੂਰੇ ਸੂਬੇ ਵਿੱਚ ਵੱਖ-ਵੱਖ ਸਕੀਮਾਂ ਤਹਿਤ ਲਗਭਗ 1.26 ਕਰੋੜ ਬੂਟੇ ਲਗਾਏ ਜਾਣਗੇ। ਇਹ ਜਾਣਕਾਰੀ ਮੋਹਾਲੀ ਦੇ ਸੈਕਟਰ 68 ਸਥਿਤ ਵਣ ਕੰਪਲੈਕਸ ਵਿਖੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਵਿਭਾਗ ਦੀ ਇੱਕ ਸਮੀਖਿਆ ਮੀਟਿੰਗ ਮੌਕੇ ਦਿੱਤੀ। ਇਸ ਦੌਰਾਨ ਉਨ੍ਹਾਂ ਇਹ ਵੀ ਕਿਹਾ ਕਿ ਸੂਬੇ ਦੇ ਵੱਖੋ ਵੱਖ ਹਿੱਸਿਆਂ ਤੋਂ ਜੰਡ ਦੇ ਬੂਟਿਆਂ ਦੀ ਕਾਫੀ ਮੰਗ ਆ ਰਹੀ ਹੈ, ਇਸ ਲਈ ਇਨ੍ਹਾਂ ਬੂਟਿਆਂ ਨੂੰ ਸਥਾਪਿਤ ਕਰਨ ਉੱਤੇ ਵਿਸ਼ੇਸ਼ ਜੋਰ ਦਿੱਤਾ ਜਾਵੇਗਾ। ਇਸ ਮੌਕੇ ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਵਿੱਚ ਵਿਭਾਗ ਦੀਆਂ 212 ਨਰਸਰੀਆਂ ਹਨ। ਇਹਨਾਂ ਨਰਸਰੀਆਂ ਵਿੱਚ ਜਿਆਦਾਤਰ ਮਹਿਲਾਵਾਂ ਕੰਮ ਕਰਦੀਆ ਹਨ ਅਤੇ ਇਥੇ ਪਾਖਾਨੇ ਦਾ ਪ੍ਰਬੰਧ ਨਹੀਂ ਹੈ। ਮਹਿਲਾਵਾਂ ਦੇ ਸਨਮਾਨ ਅਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਸਾਲ ਸਟੇਟ ਅਥਾਰਿਟੀ ਕੈਂਪਾ ਸਕੀਮ ਅਧੀਨ 100 ਨਰਸਰੀਆਂ ਵਿੱਚ 100 ਪਾਖਾਨੇ ਸਥਾਪਿਤ ਕੀਤੇ ਜਾਣਗੇ, ਜਿਸ ਲਈ 3 ਕਰੋੜ ਰੁਪਏ ਦੀ ਤਜਵੀਜ਼ ਕੀਤੀ ਗਈ ਹੈ। ਇਸ ਤਰ੍ਹਾਂ ਪੰਜਾਬ, ਸੰਗਠਿਤ ਰੂਪ ਵਿੱਚ ਅਜਿਹਾ ਕਦਮ ਚੁੱਕਣ ਵਾਲਾ ਦੇਸ਼ ਦਾ ਪਹਿਲਾ ਸੂਬਾ ਹੈ। ਇਹ ਕੰਮ ਦੋ ਪੜਾਵਾਂ ਵਿੱਚ ਕੀਤਾ ਜਾਵੇਗਾ। ਇਸ ਤੋਂ ਇਲਾਵਾ ਬਾਕੀ ਰਹਿੰਦੀਆਂ ਨਰਸਰੀਆ ਵਿੱਚ ਪਾਖਾਨੇ ਬਣਾਉਣ ਲਈ ਅਗਲੇ ਸਾਲ ਇੰਤਜ਼ਾਮ ਕੀਤਾ ਜਾਵੇਗਾ। ਉਨ੍ਹਾਂ ਇਸ ਗੱਲ ਉੱਤੇ ਤਸੱਲੀ ਪ੍ਰਗਟ ਕੀਤੀ ਕਿ ਕੁਝ ਜ਼ਿਲ੍ਹਿਆਂ ਵਿੱਚ ਇਹ ਕੰਮ ਜੰਗੀ ਪੱਧਰ ਉੱਤੇ ਸ਼ੁਰੂ ਵੀ ਹੋ ਗਿਆ ਹੈ। ਇਸ ਮੌਕੇ ਵਿੱਤੀ ਕਮਿਸ਼ਨਰ ਵਿਕਾਸ ਗਰਗ, ਪ੍ਰਮੁੱਖ ਮੁੱਖ ਵਣਪਾਲ ਆਰ.ਕੇ. ਮਿਸ਼ਰਾ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਆਪ ਦੀ ਜਿੱਤ 'ਤੇ ਲੋਹੀਆਂ 'ਚ ਮਨਾਏ ਜਸ਼ਨ



**ਲੋਹੀਆਂ ਖਾਸ, (ਰੀਨਾ ਸ਼ਰਮਾ, ਯੋਗੇਸ਼ਵਰ) :** ਜ਼ਿਮਨੀ ਚੋਣ 'ਚ ਸੁਸ਼ੀਲ ਕੁਮਾਰ ਰਿੰਕੂ ਵੱਲੋਂ ਵੱਡੀ ਲੀਡ ਨਾਲ ਜਿੱਤ ਦਰਜ ਕਰਨ 'ਤੇ ਆਪ ਵਰਕਰਾਂ 'ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਲੋਹੀਆਂ ਸ਼ਹਿਰ ਵਿੱਚ ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ, ਮੋਗਾ ਦੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ, ਚੇਅਰਮੈਨ ਦੀਪਕ ਅਰੋੜਾ, ਚੇਅਰਮੈਨ ਹਰਮਨਦੀਪ ਸਿੰਘ ਬਰਾੜ, ਇੰਚਾਰਜ ਰਤਨ ਸਿੰਘ ਕਾਕੜ ਕਲਾਂ, ਜਲੰਧਰ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਚਤਰੱਥ ਅਤੇ ਕਿਸਾਨ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਤਜਿੰਦਰ ਸਿੰਘ ਰਾਮਪੁਰ ਦੀ ਅਗਵਾਈ ਹੇਠ ਆਪ ਵਰਕਰਾਂ ਨੇ ਇਕੱਠੇ ਹੋ ਕੇ ਭੰਗੜੇ ਪਾਏ, ਕੇਕ ਕੱਟੇ ਅਤੇ ਜਿੱਤ ਦੀ ਖੁਸ਼ੀ 'ਚ ਨਾਅਰੇਬਾਜ਼ੀ ਕਰਦਿਆਂ ਸਾਰੇ ਸ਼ਹਿਰ ਦੇ ਬਜ਼ਾਰਾਂ 'ਚ ਜੇਤੂ ਮਾਰਚ ਕੱਢਿਆ।

ਆਪ ਵਰਕਰ ਰਮਨ ਕੁਮਾਰ ਸੱਦੀ 'ਰੋਮੀ ਪ੍ਰਧਾਨ' ਨੇ ਕਿਹਾ ਕਿ ਇਹ ਜਿੱਤ ਪਾਰਟੀ ਦੇ ਸਮੂਹ ਸੀਨੀਅਰ ਲੀਡਰਸ਼ਿਪ ਦੀ ਅਗਵਾਈ ਹੇਠ ਸਮੂਹ ਜਲੰਧਰ ਦੇ ਵੋਟਰਾਂ ਦੀ ਹੈ। ਇਸ ਮੌਕੇ ਸੋਸ਼ਲ ਮੀਡੀਆ ਇੰਚਾਰਜ ਸੁਖਬੀਰ ਸਿੰਘ ਤਲਵਾੜ, ਸੰਦੀਪ ਪਿੱਪਲੀ, ਜਸਵੀਰ ਜਲਾਲਪੁਰੀ, ਸੋਮ ਨਾਥ ਭੱਟੀ, ਅਜ਼ਾਦਵੀਰ ਸਿੰਘ ਜੰਮੂ, ਸ਼ਿਵਾ, ਸਤਵੀਰ ਸਿੰਘ ਥਿੰਦ, ਮੁਖਤਿਆਰ ਸਿੰਘ ਯੂਪੀ, ਕੌਂਸਲਰ ਮਨਜੀਤ ਸਿੰਘ, ਲੈਹਿੰਬਰ ਭੱਟੀ, ਚਰਨਜੀਤ ਸਿੰਘ ਚੰਨੀ, ਅਜੈ ਕੁਮਾਰ, ਰਾਜੀਵ ਕੁਮਾਰ ਟਿੰਕੂ, ਕੁਲਦੀਪ ਸਿੰਘ ਬਾਗਵਾਲੇ, ਦਰਸ਼ਨ ਸਿੰਘ ਅਲਮਾਰੀਆਂ ਵਾਲੇ, ਮਾ. ਕਰਮ ਚੰਦ ਸ਼ਰਮਾ, ਅਵਤਾਰ ਸਿੰਘ ਚੰਦੀ, ਅਮਰਜੀਤ ਸਿੰਘ ਅਹੂਜਾ, ਦਵਿੰਦਰ ਸਿੰਘ ਬਿੱਲਾ, ਕੁਲਭੂਸ਼ਨ ਖੇੜਾ, ਸਿਮਰਨ ਗਿੱਦੜਪਿੰਡੀ, ਮਾ. ਗੁਰਪਾਲ ਸਿੰਘ, ਕਰਮਜੀਤ ਪੱਡਾ, ਸਰਬਜੀਤ ਸਿੰਘ ਜੀਤੀ, ਸਰਪੰਚ ਜਸਪਾਲ ਸਿੰਘ ਭੱਟੀ, ਸਰਪੰਚ ਸੁਖਵਿੰਦਰ ਸਿੰਘ ਗੱਟੀ, ਸਰਪੰਚ ਸੁਰਜੀਤ ਸਿੰਘ ਖਾਲੇਵਾਲ, ਜਰਨੈਲ ਸਿੰਘ ਖਾਲੇਵਾਲ, ਜਗਤਾਰ ਸਿੰਘ ਕੰਗ ਆਦਿ ਹਾਜ਼ਰ ਸਨ।

# ਲੋਕ ਅਦਾਲਤ 'ਚ 34 ਲੱਖ ਰੁਪਏ ਦੇ ਚੈੱਕ ਬਾਊਂਸ ਦੇ ਕੇਸ ਦਾ ਨਿਪਟਾਰਾ

**ਜਲੰਧਰ :** ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਨੇ ਦੱਸਿਆ ਕਿ ਜ਼ਿਲ੍ਹਾ ਜਲੰਧਰ ਿ ਵਖੇ 18, ਨਕੋਦਰ ਵਿੱਚ 2 ਅਤੇ ਫਿਲੌਰ ਵਿਖੇ 2, ਕੁੱਲ 22 ਬੈਚ ਸਥਾਪਤ ਕੀਤੇ ਗਏ ਸਨ। ਜ਼ਿਲ੍ਹਾ ਕਚਹਿਰੀਆਂ ਜਲੰਧਰ, ਨਕੋਦਰ ਅਤੇ ਫਿਲੌਰ ਵਿਖ ਉਪਰੋਕਤ ਸ਼੍ਰੇਣੀਆਂ ਨਾਲ ਸੰਬੰਧਤ ਕੁੱਲ 25055 ਕੇਸ ਸੁਣਵਾਈ ਲਈ ਰੱਖੇ ਗਏ ਸਨ,ਜਿਹਨਾਂ ਵਿੱਚ 23195 ਕੇਸ ਦਾ ਨਿਪਟਾਰਾ ਮੌਕੇ 'ਤੇ ਹੀ ਰਾਜ਼ੀਨਾਮਾ ਕਰਵਾਇਆ ਗਿਆ। ਇਨ੍ਹਾਂ ਕੇਸਾਂ ਵਿੱਚ ਕੁੱਲ ਰੁਪਏ 24,43,19,665 ਦੇ ਝਗੜੇ ਮੁਕਾਏ ਗਏ। ਜਲੰਧਰ ਵਿਖੇ ਲਗਾਏ ਗਏ 18 ਬੈਚਾਂ ਦਾ ਨਿਰੀਖਣ ਨਰਭਉ ਸਿੰਘ ਗਿੱਲ ਮਾਣਯੋਗ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਕਮ ਚੇਅਰਮੈਨ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਵੱਲ ਕੀਤਾ ਗਿਆ। ਉਹਨਾਂ ਦੇ ਨਾਲ ਡਾ. ਗਗਨਦੀਪ ਕੌਰ, ਸੀ ਜੇ ਐੱਮ ਕਮ ਸਕੱਤਰ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਸਨ। ਉਹਨਾ ਦੱਸਿਆ ਕਿ ਅਗਲੀ ਕੌਮੀ ਲੋਕ ਅਦਾਲਤ 09.09.2023 ਨੂੰ ਜਲੰਧਰ, ਨਕੋਦਰ ਅਤੇ ਫਿਲੌਰ ਵਿਖੇਲਗਾਈ ਜਾਵੇਗੀ। ਜਿਹੜੇ ਲੋਕ ਆਪਣੇ ਅਦਲਾਤੀ ਝਗੜਿਆਂ ਦਾ ਨਿਪਟਾਰਾ ਲੋਕ ਅਦਾਲਤ ਰਾਹੀਂ ਕਰਵਾਉਣਾ ਚਾਹੁੰਦੇ ਹਨ, ਉਹ ਆਪਣੀ ਦਰਖਾਸਤ ਸੰਬੰਧਤ ਅਦਾਲਤ ਨੂੰ ਦੇ ਸਕਦੇ ਹਨ। ਇਸ ਲੋਕ ਅਦਾਲਤ ਦੀ ਖਾਸੀਅਤ ਇਹ ਰਹੀ ਕਿ ਇਸ ਲੋਕ ਅਦਾਲਤ ਵਿੱਚ 11 ਸਾਲ ਨਾਲ ਸੰਬੰਧਤ 34 ਲੱਖ ਰੁਪਏ ਦੇ ਚੈੱਕ ਬਾਊਂਸ ਦਾ ਕੇਸ ਆਪਸੀ ਸਹਿਮਤੀ ਨਾਲ ਖਤਮ ਕੀਤਾ। ਇਸ ਤੋਂ ਇਲਾਵਾ ਕਈ ਸਾਲ ਝਗੜ ਰਹੇ ਪਤੀ-ਪਤਨੀ ਅਤੇ ਬੱਚਿਆਂ ਨੂੰ ਮਾਣਯੋਗ ਜੱਜ (ਫੈਮਲੀ ਕੋਰਟ) ਦੀ ਕੋਸ਼ਿਸ਼ ਨਾਲ ਇਕੱਠਾ ਕੀਤਾ। ਡਾ. ਗਗਨਦੀਪ ਕੌਰ ਸੀ ਜੇ ਐੱਮ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਜੀ ਨੇ ਦੱਸਿਆ ਕਿ ਕਾਨੂੰਨੀ ਸੇਵਾਵਾਂ ਅਥਾਰਟੀਆਂ ਵੱਲੋਂ ਸਮੇਂ-ਸਮੇਂ 'ਤੇ ਇਹ ਲੋਕ ਅਦਾਲਤਾਂ ਕਰਵਾਈਆਂ ਜਾਂਦੀਆਂ ਹਨ। ਲੋਕ ਅਦਾਲਤ ਵਿੱਚ ਮਸਲਾ ਲਗਵਾਉਣ ਲਈ ਅਤੇ ਕਾਨੂੰਨੀ ਸੇਵਾਵਾਂ ਦੀਆਂ ਹੋਰ ਸੁਵਿਧਾਵਾਂ ਬਾਰੇ ਜਾਣਕਾਰੀ ਲੈਣ ਲਈ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਟੋਲ ਫੀ ਨੰਬਰ 1968 'ਤੇ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ।

# ਸੂਬੇ ਦੀ ਜਨਤਾ ਨੇ ਅਕਾਲੀ, ਭਾਜਪਾ ਤੇ ਕਾਂਗਰਸੀਆਂ ਦੇ ਝੂਠ ਨੂੰ ਨਕਾਰਿਆ : ਚੱਢਾ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**-ਸੂਬੇ ਦੀ ਜਨਤਾ ਨੇ ਜਲੰਧਰ ਜ਼ਿਮਨੀ ਚੋਣ 'ਚ ਅਕਾਲੀ, ਭਾਜਪਾ ਅਤੇ ਕਾਂਗਰਸੀਆਂ ਦੀ ਝੂਠ ਦੀ ਸਿਆਸਤ ਨੂੰ ਨਕਾਰ ਕੇ ਆਮ ਆਦਮੀ ਪਾਰਟੀ ਦੇ ਹੱਕ 'ਚ ਭਾਰੀ ਫਤਵਾ ਦਿੱਤਾ ਹੈ। ਜਿਸ ਤੋਂ ਸਾਬਤ ਹੁੰਦਾ ਹੈ ਕਿ ਲੋਕ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਨੀਤੀਆਂ ਤੋਂ ਬੇਹੱਦ ਖੁਸ਼ ਹਨ। ਉਕਤ ਵਿਚਾਰ ਹਲਕਾ ਰੂਪਨਗਰ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਨੇ ਅੱਜ ਖੇਤਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਤਖਤਗੜ੍ਹ ਵਿਖੇ ਖਿਡਾਰੀਆਂ ਲਈ ਬਣਾਏ ਜਾ ਰਹੇ ਬੈਡਮਿੰਟਨ ਕੋਰਟ ਦੇ ਚੱਲ ਰਹੇ ਕੰਮ ਦਾ ਜਾਇਜ਼ਾ ਲੈਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟਾਏ। ਉਨ੍ਹਾ ਆਖਿਆ ਕਿ ਉਕਤ ਸਮੁੱਚੀਆਂ ਪਾਰਟੀਆਂ ਨੇ ਆਪ ਸਰਕਾਰ 'ਤੇ ਤਰ੍ਹਾਂ-ਤਰ੍ਹਾਂ ਦੇ ਦੋਸ਼ ਲਗਾਏ ਮਗਰ ਉਕਤ ਹਲਕੇ ਦੇ ਸੁਝਵਾਨ ਲੋਕਾਂ 'ਤੇ ਇਸ ਦਾ ਕੋਈ ਅਸਰ ਦੇਖਣ ਨੂੰ ਨਹੀਂ ਮਿਲਿਆ। ਉਨ੍ਹਾ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਆਪ ਪਾਰਟੀ ਦੇਸ਼ ਦੀ ਸੱਤਾ 'ਤੇ ਕਾਬਜ਼ ਹੋਵੇਗੀ। ਵਿਧਾਇਕ ਚੱਢਾ ਨੇ ਆਖਿਆ ਕਿ ਇਸ ਹਾਰ ਤੋਂ ਸਬਕ ਲੈ ਕੇ ਰਵਾਇਤੀ ਪਾਰਟੀਆਂ ਨੂੰ ਆਪਣੀ ਕਾਰਜਸ਼ੈਲੀ 'ਚ ਸੁਧਾਰ ਲਿਆਉਣਾ ਚਾਹੀਦਾ ਹੈ ਅਤੇ ਉਨਾਂ ਵੱਲੋਂ ਜਨਤਾ ਨਾਲ ਕੇਵਲ ਉਹੀ ਵਾਅਦੇ ਕੀਤੇ ਜਾਣ ਜਿਨਾਂ ਨੂੰ ਉਹ ਪੂਰਾ ਕਰ ਸਕਣ। ਉਨ੍ਹਾ ਕਿਹਾ ਕਿ ਸੂਬੇ ਦੀ ਜਨਤਾ ਦਾ ਅਕਾਲੀ ਅਤੇ ਭਾਜਪਾ ਤੋਂ ਪਹਿਲਾਂ ਹੀ ਮੋਹ ਭੰਗ ਹੋ ਚੁੱਕਾ ਹੈ ਜਦਕਿ ਹੁਣ ਕਾਂਗਰਸ ਦੇ ਉਮੀਦਵਾਰ ਨੂੰ ਹਰਾ ਕੇ ਲੋਕਾਂ ਨੇ ਆਪ ਦੀਆਂ ਨੀਤੀਆਂ 'ਤੇ ਮੋਹਰ ਲਗਾਈ ਹੈ। ਜਿਸ ਕਰਕੇ ਪੰਜਾਬ ਸਰਕਾਰ ਹੁਣ ਹੋਰ ਵੀ ਮਜ਼ਬੂਤ ਹੋ ਕੇ ਸੂਬੇ ਦੇ ਲੋਕਾਂ ਦੀ ਬੇਹਤਰੀ ਲਈ ਕੰਮ ਕਰੇਗੀ। ਉਨ੍ਹਾ ਕਿਹਾ ਕਿ ਇਨ੍ਹਾਂ ਚੋਣਾਂ 'ਚ ਪਾਰਟੀ ਵੱਲੋਂ ਉਨ੍ਹਾ ਨੂੰ ਨਕੋਦਰ ਹਲਕੇ ਦਾ ਇੰਚਾਰਜ ਲਗਾਇਆ ਗਿਆ ਸੀ ਜਿੱਥੇ ਲੋਕਾਂ ਨੇ ਪਾਰਟੀ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਭਾਰੀ ਵੋਟਾਂ ਨਾਲ ਜਤਾਇਆ। ਇਸ ਤੋਂ ਪਹਿਲਾਂ ਉਨ੍ਹਾ ਉਕਤ ਸਕੂਲ 'ਚ ਬਣਾਏ ਜਾ ਰਹੇ ਬੈਡਮਿੰਟਨ ਕੋਰਟ ਦੇ ਚੱਲ ਰਹੇ ਕੰਮ ਦਾ ਨਿਰੀਖਣ ਕੀਤਾ ਤੇ ਆਖਿਆ ਕਿ ਇਹ ਬੈਡਮਿੰਟਨ ਕੋਰਟ ਮਨਰੇਗਾ ਤਹਿਤ ਬਣਾਇਆ ਜਾ ਰਿਹਾ ਹੈ ਜਿਸ ਦਾ ਕੰਮ ਮੁਕੰਮਲ ਹੋਣ ਉਪਰੰਤ ਅਗਲੇ ਹਫ਼ਤੇ ਖਿਡਾਰੀਆਂ ਅਤੇ ਸਕੂਲ ਨੂੰ ਸਮਰਪਤ ਕਰ ਦਿੱਤਾ ਜਾਵੇਗਾ। ਇਸ ਮੌਕੇ ਪ੍ਰਿੰ. ਮਨੀਰਾਮ, ਬਲਵੀਰ ਚੰਦ, ਗੁਰਵਿੰਦਰ ਸਿੰਘ ਸਸਕੌਰ, ਸਰਪੰਚ ਕੇਵਲ, ਸ਼ਨਕਾਂਤ ਪਲਾਟੀਆ, ਰੋਹਿਤ ਸ਼ਰਮਾ, ਨੀਰਜ ਪੁੰਜ, ਅਨਿਲ ਕੁਮਾਰ, ਅਵਨੀਤ ਚੱਢਾ, ਸੁਖਵਿੰਦਰ ਭਾਓਵਾਲ, ਜਤਿੰਦਰ ਕਾਕਾ, ਕਰਮ ਸਿੰਘ ਅਤੇ ਮਨਮੋਹਨ ਲਾਲ ਆਦਿ ਹਾਜ਼ਰ ਸਨ।

# ਗੋਲਡੀ ਬਰਾੜ ਦੇ ਨਾਂਅ 'ਤੇ 50 ਲੱਖ ਦੀ ਫਿਰੌਤੀ ਮੰਗਣ ਵਾਲਾ ਕਾਬੂ



**ਕਪੂਰਥਲਾ, (ਰਵਿੰਦਰ ਸਿੰਘ)**-ਰਾਜਪਾਲ ਸਿੰਘ ਸੰਧੂ, ਸੀਨੀਅਰ ਪੁਲਸ ਕਪਤਾਨ ਕਪੂਰਥਲਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹਰਵਿੰਦਰ ਸਿੰਘ, ਪੁਲਸ ਕਪਤਾਨ (ਤਫਤੀਸ਼) ਕਪੂਰਥਲਾ ਦੀ ਨਿਗਰਾਨੀ ਹੇਠ ਮਨਿੰਦਰਪਾਲ ਸਿੰਘ, ਉਪ ਪੁਲਸ ਕਪਤਾਨ ਸਬ ਡਵੀਜ਼ਨ ਕਪੂਰਥਲਾ ਦੀ ਸੁਪਰਵਿਜ਼ਨ ਹੇਠ ਮਾੜੇ ਅਨਸਰਾਂ ਨੂੰ ਕਾਬੂ ਕਰਦਿਆਂ ਇੰਸ. ਪਲਵਿੰਦਰ ਸਿੰਘ ਮੁੱਖ ਅਫਸਰ ਥਾਣਾ ਸਿਟੀ ਕਪੂਰਥਲਾ ਸਮੇਤ ਪੁਲਸ ਪਾਰਟੀ ਮੁਕੱਦਮਾ ਨੰਬਰ 94 ਮਿਤੀ 26.04.2023 ਅ/ਧ 386,506 ਭ:ਦ ਥਾਣਾ ਸਿਟੀ ਕਪੂਰਥਲਾ ਬਰਬਿਆਨ ਰਮਨ ਕੁਮਾਰ ਪੁੱਤਰ ਰਾਮ ਕ੍ਰਿਸ਼ਨ ਵਾਸੀ ਮੁਹੱਲਾ ਅਮ੍ਰਿਤ ਬਜ਼ਾਰ ਕਪੂਰਥਲਾ ਨੂੰ ਉਸ ਦੇ ਮੋਬਾਇਲ ਨੰਬਰ 98159-33233 ਪਰ ਮੋਬਾਇਲ ਫੋਨ ਵਟਸਐਪ ਨੰਬਰ+351965731731 ਤੋਂ ਮਿਤੀ 21.04.2023 ਨੂੰ ਗੋਲਡੀ ਬਰਾੜ ਦਾ ਨਾਂਅ ਵਰਤ ਕੇ 50 ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਗਈ। ਫਿਰੌਤੀ ਨਾ ਦੇਣ ਦੀ ਸੂਰਤ 'ਚ ਮੁਦੱਈ ਮੁਕੱਦਮਾ ਤੇ ਉਸ ਦੇ ਲੜਕੇ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ। ਇਸ ਤੋਂ ਇਲਾਵਾ ਵੱਖ-ਵੱਖ ਨੰਬਰਾਂ ਤੋਂ ਕਾਲਾਂ ਕਰਕੇ ਵੀ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਕੇ ਪੈਸਿਆਂ ਦੀ ਮੰਗ ਕਰਦਾ ਰਿਹਾ, ਜਿਸ 'ਤੇ ਮੁਕੱਦਮੇ ਦੀ ਤਫਤੀਸ਼ ਦੌਰਾਨ ਮਨੀਸ਼ ਗੁਲਾਟੀ ਪੁੱਤਰ ਯਸਪਾਲ ਗੁਲਾਟੀ ਵਾਸੀ ਮੁਹੱਲਾ ਕਸਾਬਾ ਕਪੂਰਥਲਾ ਹਾਲ ਵਾਸੀ ਮੁਹੱਲਾ ਗੁਰੂ ਨਾਨਕ ਨਗਰ ਕਪੂਰਥਲਾ ਥਾਣਾ ਸਿਟੀ ਕਪੂਰਥਲਾ ਨੂੰ ਗ੍ਰਿਫਤਾਰ ਕੀਤਾ। ਉਸ ਨੇ ਦੱਸਿਆ ਕਿ ਉਸ ਦਾ ਦੋਸਤ ਗੌਤਮ ਅਰੋੜਾ ਪੁੱਤਰ ਰਾਜਨ ਅਰੋੜਾ ਵਾਸੀ ਮੁਹੱਲਾ ਹਕੀਮ ਜਾਫਰ ਅਲੀ ਥਾਣਾ ਸਿਟੀ ਕਪੂਰਥਲਾ ਜੋ ਇੰਗਲੈਂਡ ਵਿੱਚ ਹੈ ਤੇ ਦੂਸਰਾ ਦੋਸਤ ਮਨੀ ਪੁੱਤਰ ਬਾਲ ਕ੍ਰਿਸ਼ਨ ਡੋਗਰਾ ਵਾਸੀ ਸੁਲਤਾਨਪੁਰ ਲੋਧੀ ਜੋ ਹੁਣ ਪੁਰਤਗਾਲ ਵਿੱਚ ਹੈ ਇਸ ਸਾਜਿਸ਼ ਦਾ ਹਿੱਸਾ ਹਨ। ਉਸ ਨੇ ਦੱਸਿਆ ਕਿ ਗੌਤਮ ਅਰੋੜਾ ਮਾਸਟਰ ਮਾਈਂਡ ਹੈ। ਗੌਤਮ ਅਰੋੜਾ ਦੇ ਕਹਿਣ 'ਤੇ ਹੀ ਮੈਂ ਆਪਣੇ ਦੋਸਤ ਮਨੀ ਪੁਰਤਗਾਲ ਤੋਂ ਵਟਸਐਪ ਨੰਬਰ ਇੰਗਲੈਂਡ ਭੇਜਿਆ ਸੀ। ਪੁਰਤਗਾਲ ਵਾਲੇ ਨੰਬਰ ਤੋਂ ਗੌਤਮ ਨੇ ਰਮਨ ਕੁਮਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆ ਦਿੱਤੀਆਂ ਤੇ ਪੈਸਿਆਂ ਦੀ ਮੰਗ ਕੀਤੀ। ਜਿਸ ਪਾਸੋਂ ਹੋਰ ਪੁੱਛਗਿੱਛ ਜਾਰੀ ਹੈ ਅਤੇ ਕਈ ਅਹਿਮ ਖੁਲਾਸੇ ਹੋਣ ਸੰਭਾਵਨਾ ਹੈ।

# ਨੈਸ਼ਨਲ ਲੋਕ ਅਦਾਲਤ ਰਾਹੀਂ ਕਪੂਰਥਲਾ 'ਚ 560 ਕੇਸਾਂ ਦਾ ਨਿਪਟਾਰਾ

**ਕਪੂਰਥਲਾ ( ਰਵਿੰਦਰ ਸਿੰਘ)**-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਮੋਹਾਲੀ ਤੋਂ ਪ੍ਰਾਪਤ ਹੋਏ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਕਪੂਰਥਲਾ ਵੱਲੋਂ ਅੱਜ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਅਮਰਿੰਦਰ ਸਿੰਘ ਗਰੇਵਾਲ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਕਪੂਰਥਲਾ ਦੀ ਅਗਵਾਈ ਹੇਠ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਕਚਹਿਰੀ ਕਪੂਰਥਲਾ ਵਿਖੇ 8, ਸਬ-ਡਵੀਜ਼ਨ ਫਗਵਾੜਾ ਵਿਖੇ 2, ਸਬ ਡਵੀਜ਼ਨ ਸੁਲਤਾਨਪੁਰ ਲੋਧੀ ਵਿਖੇ 1 ਅਤੇ ਸਬ ਡਵੀਜ਼ਨ ਭੁੱਲਥ ਵਿਖੇ 1 ਬੈਂਚ ਗਠਿਤ ਕੀਤੇ ਗਏ। ਇਸ ਤੋਂ ਇਲਾਵਾ 4 ਬੈਂਚ ਰੈਵੀਨਿਊ ਕੋਰਟ ਦੇ ਗਠਿਤ ਕੀਤੇ ਗਏ। ਨੈਸ਼ਨਲ ਲੋਕ ਅਦਾਲਤ ਵਿੱਚ ਜੂਡੀਸ਼ੀਅਲ ਅਤੇ ਰੈਵਨਿਊ ਅਦਾਲਤਾਂ ਵੱਲੋਂ ਲਗਭਗ 4531 ਕੇਸ ਸ਼ਾਮਲ ਕੀਤੇ ਗਏ, ਜਿਨ੍ਹਾਂ ਵਿੱਚੋਂ 560 ਕੇਸਾਂ ਦਾ ਨਿਪਟਾਰਾ ਕੀਤਾ ਗਿਆ ਅਤੇ ਲਗਭਗ 8,75,19,598 ਰੁਪਏ ਦੀ ਰਕਮ ਮੁਆਵਜ਼ੇ ਵਜੋਂ ਸੈਟਲ ਕੀਤੀ ਗਈ। ਨੈਸ਼ਨਲ ਲੋਕ ਅਦਾਲਤ ਵਿੱਚ ਕ੍ਰਿਮਨਲ ਕੰਪਾਊਂਡੇਬਲ, ਧਾਰਾ 138 ਐਨ.ਆਈ. ਐਕਟ, ਬੈਂਕ ਰਿਕਵਰੀ ਕੇਸ, ਐਮ.ਏ.ਸੀ.ਟੀ. ਕੇਸ, ਲੇਬਰ ਮੈਟਰਸ, ਬਿਜਲੀ ਅਤੇ ਪਾਣੀ ਦੇ ਬਿੱਲਾਂ ਸੰਬੰਧੀ ਮਾਮਲੇ, ਵਿਵਾਹਕ ਮਾਮਲੇ, ਲੈਂਡ ਐਕੁਜੀਸ਼ਨ ਕੇਸ, ਸਰਵਿਸ ਮੈਟਰਸ, ਰੈਵਨਿਊ ਕੇਸ ਅਤੇ ਹੋਰ ਸਿਵਲ ਮੈਟਰਸ, ਰੈਂਟ, ਇੰਜਕਸ਼ਨ ਸੂਟ, ਸਪੈਸਫਿਕ ਪ੍ਰਫੋਰਮੈਂਸ ਵਗੈਰਾ ਦੇ ਲੰਬਿਤ ਅਤੇ ਪ੍ਰੀ-ਲਿਟੀਗੇਟਿਵ ਕੇਸ ਸ਼ਾਮਲ ਕੀਤੇ ਗਏ। ਇਸ ਮੌਕੇ ਅਜੈਬ ਸਿੰਘ, ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ, ਕਪੂਰਥਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੋਕ ਅਦਾਲਤ ਵਿੱਚ ਕੇਸ ਨਿਪਟਾਉਣ ਨਾਲ ਸਮਾਂ ਅਤੇ ਧਨ ਦੋਵਾਂ ਦੀ ਬੱਚਤ ਹੁੰਦੀ ਹੈ, ਇਸ ਦੇ ਫੈਸਲੇ ਦੇ ਖਿਲਾਫ ਅਪੀਲ ਕਿਸੇ ਵੀ ਉੱਚ ਅਦਾਲਤ ਵਿੱਚ ਨਹੀਂ ਲਗਾਈ ਜਾ ਸਕਦੀ ਹੈ ਅਤੇ ਲੋਕ ਅਦਾਲਤ ਰਾਹੀਂ ਨਿਪਟਾਏ ਗਏ ਕੇਸਾਂ ਵਿੱਚ ਦੋਨਾਂ ਧਿਰਾਂ ਦੀ ਜਿੱਤ ਹੁੰਦੀ ਹੈ। ਕਪੂਰਥਲਾ ਵਿਖੇ ਜੂਡੀਸ਼ੀਅਲ ਬੈਂਚਾਂ ਦੀ ਪ੍ਰਧਾਨਗੀ ਅਜੈਬ ਸਿੰਘ, ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ, ਕਪੂਰਥਲਾ, ਜਸਪਾਲ ਵਰਮਾ ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ, ਕਪੂਰਥਲਾ, ਡਾ. ਗੁਰਪ੍ਰੀਤ ਕੌਰ, ਪ੍ਰਿੰਸੀਪਲ ਜੱਜ, ਫੈਮਿਲੀ ਕੋਰਟ, ਕਪੂਰਥਲਾ, ਜਸਵੀਰ ਸਿੰਘ, ਚੀਫ ਜੂਡੀਸ਼ੀਅਲ ਮੈਜਿਸਟ੍ਰੇਟ, ਕਪੂਰਥਲਾ, ਸੁਪਰੀਤ ਕੌਰ, ਐਡੀਸ਼ਨਲ ਸਿਵਲ ਜੱਜ (ਸੀਨੀਅਰ ਡਵੀਜਨ), ਕਪੂਰਥਲਾ, ਪ੍ਰਤੀਕ ਗੁਪਤਾ, ਸਿਵਲ ਜੱਜ (ਜੂ ਡੀ), ਕਪੂਰਥਲਾ, ਮਿਸ ਸਿਮਰਨ ਸਿਵਲ ਜੱਜ (ਜੂ ਡੀ) ਅਤੇ ਮੁਕੇਸ਼ ਕੁਮਾਰ ਬਾਂਸਲ, ਚੇਅਰਮੈਨ ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ), ਕਪੂਰਥਲਾ ਵੱਲੋਂ ਕੀਤੀ ਗਈ। ਇਨ੍ਹਾਂ ਬੈਂਚਾਂ ਵਿੱਚ ਸੁਰੇਸ਼ ਕਾਲੀਆ, ਨੀਤਿਨ ਸ਼ਰਮਾ, ਅਜੈ ਕੰਡਾ, ਮਿਸ ਪਰਮਜੀਤ ਕੌਰ ਕਾਹਲੋਂ, ਮਾਧਵ ਧੀਰ, ਐਮ.ਆਰ ਕਾਲੀਆ, ਗੁਰਮੀਤ ਸਿੰਘ, ਹਰਮਨਦੀਪ ਸਿੰਘ ਸਾਹੀ, ਦੀਪਤੀ ਮਰਵਾਹਾ, ਰਜਿੰਦਰਪਾਲ ਸਿੰਘ ਵਾਲੀਆ, ਪੂਜਾ ਨੇਗੀ ਐਡਵੋਕੇਟਸ ਅਤੇ ਡਾ. ਉਪਾਸਨਾ ਵਰਮਾ, ਡਾ. ਮਨਜੀਤ ਕੌਰ, ਡਾ. ਰਨਵੀਰ ਕੌਸ਼ਲ, ਸੰਜੀਵ ਅਗਰਵਾਲ ਅਤੇ ਅਨਿਲ ਕੁਮਾਰ ਸੋਸ਼ਲ ਵਰਕਰਾਂ ਵੱਲੋਂ ਬਤੌਰ ਮੈਂਬਰ ਭਾਗ ਲਿਆ ਗਿਆ। ਅਜੈਬ ਸਿੰਘ, ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ, ਕਪੂਰਥਲਾ ਅਤੇ ਅਮਨਦੀਪ ਕੌਰ ਚਾਹਲ, ਚੀਫ ਜੂਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਕਪੂਰਥਲਾ ਵੱਲੋਂ ਵੱਖ-ਵੱਖ ਲੋਕ ਅਦਾਲਤਾਂ ਦੇ ਬੈਂਚਾਂ ਦੇ ਨਿਰੀਖਣ ਦੌਰਾਨ ਧਿਰਾਂ ਦੇ ਆਪਸੀ ਰਾਜ਼ੀਨਾਮੇ ਕਰਵਾਉਣ ਦੇ ਉਪਰਾਲੇ ਕੀਤੇ ਗਏ। ਉਪ ਮੰਡਲ ਫਗਵਾੜਾ ਵਿਖੇ ਜੂਡੀਸ਼ੀਅਲ ਬੈਂਚਾਂ ਦੀ ਪ੍ਰਧਾਨਗੀ ਅਰੁਣ ਸ਼ੋਰੀ, ਸਿਵਲ ਜੱਜ, ਫਗਵਾੜਾ ਅਤੇ ਵਿਜੈ ਸਿੰਘ ਡੱਡਵਾਲ, ਸਿਵਲ ਜੱਜ, ਫਗਵਾੜਾ ਵੱਲੋਂ ਕੀਤੀ ਗਈ। ਇਨ੍ਹਾਂ ਬੈਂਚਾਂ 'ਚ ਅਬੈ ਸ਼ਰਮਾ, ਮਨਮੋਹਨ, ਅਕਿੰਤ ਢੀਂਗਰਾ ਅਤੇ ਜਤਿੰਦਰ ਠਾਕੁਰ ਐਡਵੋਕੇਟਸ ਨੇ ਬਤੌਰ ਮੈਂਬਰਾਨ ਭਾਗ ਲਿਆ। ਉਪ ਮੰਡਲ ਸੁਲਤਾਨਪੁਰ ਲੋਧੀ ਵਿਖੇ ਜੂਡੀਸ਼ੀਅਲ ਬੈਂਚਾਂ ਦੀ ਪ੍ਰਧਾਨਗੀ ਮਹਿਕ ਸੱਭਰਵਾਲ, ਐਡੀਸ਼ਨਲ ਸਿਵਲ ਜੱਜ, ਸੁਲਤਾਨਪੁਰ ਲੋਧੀ ਨੇ ਕੀਤੀ। ਇਸ ਬੈਂਚ ਵਿੱਚ ਸਤਨਾਮ ਸਿੰਘ ਮੋਮੀ ਐਡਵੋਕੇਟ ਅਤੇ ਡਾ. ਰਵਿੰਦਰ ਸੁੱਭ ਸੋਸ਼ਲ ਵਰਕਰ ਨੇ ਬਤੌਰ ਮੈਂਬਰਾਨ ਭਾਗ ਲਿਆ । ਉਪ ਮੰਡਲ ਭੁੱਲਥ ਵਿਖੇ ਜੂਡੀਸ਼ੀਅਲ ਬੈਂਚ ਦੀ ਪ੍ਰਧਾਨਗੀ ਰਾਹੁਲ ਕੁਮਾਰ, ਐਡੀਸ਼ੋਨਲ ਸਿਵਲ ਜੱਜ, ਭੁੱਲਥ ਨੇ ਕੀਤੀ। ਇਸ ਬੈਂਚ 'ਤੇ ਪਰਵਿੰਦਰ ਸਿੰਘ ਐਡਵੋਕੇਟ ਅਤੇ ਡਾ. ਜਯੋਤੀ ਧੀਰ ਸੋਸ਼ਲ ਵਰਕਰ ਨੇ ਬਤੌਰ ਮੈਂਬਰਾਨ ਭਾਗ ਲਿਆ ਗਿਆ। ਅਮਨਦੀਪ ਕੌਰ ਚਾਹਲ, ਚੀਫ ਜੂਡੀਸ਼ੀਅਲ ਮੈਜਿਸਟ੍ਰੇਟ-ਕਮ-ਸੱਕਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਕਪੂਰਥਲਾ ਨੇ ਦੱਸਿਆ ਕਿ ਜ਼ਿਲ੍ਹਾ ਕਪੂਰਥਲਾ, ਫਗਵਾੜਾ, ਸੁਲਤਾਨਪੁਰ ਲੋਧੀ ਅਤੇ ਭੁਲੱਥ ਦੀਆਂ ਅਦਾਲਤਾਂ ਵਿੱਚ 9 ਸਤੰਬਰ ਨੂੰ ਅਗਲੀ ਨੈਸ਼ਨਲ ਲੋਕ ਅਦਾਲਤ ਲਗਾਈ ਜਾਵੇਗੀ।

# ਕੌਮੀ ਲੋਕ ਅਦਾਲਤ 'ਚ 3195 ਕੇਸਾਂ ਦਾ ਮੌਕੇ 'ਤੇ ਨਿਪਟਾਰਾ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**—ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ. ਏ. ਐਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਨਵਾਂਸ਼ਹਿਰ ਅਤੇ ਬਲਾਚੌਰ ਵਿਖੇ ਲਾਈ ਗਈ ਕੌਮੀ ਲੋਕ ਅਦਾਲਤ ਦੌਰਾਨ 3195 ਕੇਸਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ। ਇਸ ਕੌਮੀ ਲੋਕ ਅਦਾਲਤ ਦੌਰਾਨ 3819 ਕੇਸ ਸੁਣਵਾਈ ਲਈ ਲੱਗੇ ਸਨ।

ਜ਼ਿਲ੍ਹਾ ਅਤੇ ਸੈਸ਼ਨ ਜੱਜ ਕੰਵਲਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਬਲਾਚੌਰ ਅਤੇ ਨਵਾਂਸ਼ਹਿਰ ਵਿਖੇ ਲਾਈ ਗਈ ਕੌਮੀ ਲੋਕ ਅਦਾਲਤ ਦਾ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜ, ਜਸਟਿਸ ਐਨ ਐਸ ਸ਼ੇਖਾਵਤ, ਇੰਸਪੈਕਟਿੰਗ ਜੱਜ, ਸ਼ਹੀਦ ਭਗਤ ਸਿੰਘ ਨਗਰ ਸੈਸ਼ਨ ਡਵੀਜ਼ਨ, ਵੱਲੋਂ ਜ਼ਿਲ੍ਹੇ ਦਾ ਦੌਰਾ ਕਰਕੇ ਕੌਮੀ ਲੋਕ ਅਦਾਲਤ ਦੌਰਾਨ ਲਾਏ ਗਏ 10 ਬੈਂਚਾਂ ਦਾ ਨਿਰੀਖਣ ਕੀਤਾ। ਉਨ੍ਹਾਂ ਨੂੰ ਪਹਿਲਾਂ ਬਲਾਚੌਰ ਵਿਖੇ ਜ਼ਿਲ੍ਹਾ ਪੁਲਸ ਵੱਲੋਂ 'ਗਾਰਡ ਆਫ ਆਨਰ' ਪੇਸ਼ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨ ਜੱਜ ਕੰਵਲਜੀਤ ਸਿੰਘ ਬਾਜਵਾ, ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਐਸ ਐਸ ਪੀ ਭਾਗੀਰਥ ਸਿੰਘ ਮੀਨਾ ਵਲੋਂ ਜਸਟਿਸ ਸ਼ੇਖਾਵਤ ਦਾ ਸੁਆਗਤ ਕੀਤਾ ਗਿਆ। ਜਸਟਿਸ ਸ਼ੇਖਾਵਤ ਨੇ ਇਸ ਮੌਕੇ ਹਰੇਕ ਬੈਂਚ ਨਾਲ ਕੁੱਝ ਸਮਾਂ ਬਿਤਾਇਆ ਅਤੇ ਬੈਂਚ ਦੇ ਮੁਖੀ ਜੁਡੀਸ਼ਲ ਅਫ਼ਸਰ ਵੱਲੋਂ ਕੀਤੀ ਜਾ ਰਹੀ ਕਾਰਵਾਈ ਨੂੰ ਧਿਆਨ ਨਾਲ ਦੇਖਿਆ।

ਉਨ੍ਹਾਂ ਕਿਹਾ ਕਿ ਕੌਮੀ ਲੋਕ ਅਦਾਲਤ ਦਾ ਸੰਕਲਪ ਆਮ ਲੋਕਾਂ ਨੂੰ ਬਿਨਾਂ ਦੇਰੀ ਅਤੇ ਸਸਤਾ ਨਿਆਂ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਲੋਕ ਅਦਾਲਤ ਦਾ ਵਿਸ਼ੇਸ਼ ਮੰਤਵ ਸਮਝੌਤੇ, ਆਪਸੀ ਰਾਜੀਨਾਮੇ ਰਾਹੀ ਅਦਾਲਤੀ ਕੇਸਾਂ ਦਾ ਫੈਸਲਾ ਕਰਵਾਉਣਾ ਹੈ ਤਾਂ ਜੋ ਸਬੰਧਤ ਧਿਰਾਂ ਦਾ ਧਨ ਅਤੇ ਸਮਾਂ ਬਚਾਉਣ ਦੇ ਨਾਲ-ਨਾਲ ਉਨ੍ਹਾਂ ਦੀ ਆਪਸੀ ਦੁਸ਼ਮਣੀ ਵੀ ਘਟਾਈ ਜਾ ਸਕੇ ਤੇ ਲੋਕਾਂ ਵਿੱਚ ਆਪਸੀ ਭਾਈਚਾਰਾ ਅਤੇ ਪਿਆਰ ਬਣਿਆ ਰਹੇ। ਜ਼ਿਲ੍ਹਾ ਤੇ ਸੈਸ਼ਨ ਜੱਜ ਬਾਜਵਾ ਨੇ ਦੱਸਿਆ ਕਿ ਅੱਜ ਜ਼ਿਲ੍ਹੇ ਵਿੱਚ ਕੌਮੀ ਲੋਕ ਅਦਾਲਤ ਦੌਰਾਨ ਨਵਾਂਸ਼ਹਿਰ ਅਤੇ ਬਲਾਚੌਰ ਵਿਖੇ ਕ੍ਰਮਵਾਰ 09 ਤੇ 01 ਬੈਂਚ ਲਾਏ ਗਏ ਸਨ, ਜਿਨ੍ਹਾਂ ਵਲੋਂ 3195 ਮੁਕੱਦਮਿਆਂ ਦਾ ਨਿਪਟਾਰਾ ਕਰਦਿਆ 9,56,54,362/- ਰੁਪਏ ਦੇ ਅਵਾਰਡ ਸੁਣਾਏ ਗਏ । ਇਨ੍ਹਾਂ ਬੈਂਚਾਂ ਦੀ ਅਗਵਾਈ ਮਿਸ ਜਤਿੰਦਰ ਕੌਰ, ਚੇਅਰਮੈਨ ਸਥਾਈ ਲੋਕ ਅਦਾਲਤ (ਜਨ-ਉਪਯੋਗੀ ਸੇਵਾਵਾਂ), ਕੁਲਜੀਤ ਸਿੰਘ, ਪ੍ਰਧਾਨ, ਜ਼ਿਲ੍ਹਾ ਖਪਤਕਾਰ ਝਗੜਾ ਨਿਵਾਰਣ ਕਮਿਸ਼ਨ, ਕਰੁਨੇਸ਼ ਕੁਮਾਰ, ਵਧੀਕ ਜ਼ਿਲ੍ਹਾ ਤੇ ਸ਼ੈਸਨ ਜੱਜ-1, ਮਿਸ ਪਰਮਿੰਦਰ ਕੌਰ, ਸਿਵਲ ਜੱਜ (ਸੀਨੀਅਰ ਡੀਵੀਜ਼ਨ), ਜਗਬੀਰ ਸਿੰਘ ਮਹਿੰਦੀਰੱਤਾ, ਚੀਫ ਜੂਡੀਸ਼ੀਅਲ ਮੈਜਿਸਟਰੇਟ, ਕੋਂਪਲ ਧੰਜਲ, ਵਧੀਕ ਸਿਵਲ ਜੱਜ (ਸੀਨੀਅਰ ਡੀਵੀਜਨ), ਮਿਸ ਮੋਨਿਕਾ ਚੌਹਾਨ, ਸਿਵਲ ਜੱਜ (ਜੂਨੀਅਰ ਡੀਵੀਜਨ), ਸਰਵੇਸ਼ ਸਿੰਘ, ਸਿਵਲ ਜੱਜ (ਜੂਨੀਅਰ ਡਵੀਜ਼ਨ) ਅਤੇ ਸੁਖਵਿੰਦਰ ਸਿੰਘ, ਸਬ-ਡਵੀਜ਼ਨਲ ਜੂਡੀਸ਼ੀਅਲ ਮੈਜਿਸਟਰੇਟ ਬਲਾਚੌਰ ਵੱਲੋਂ ਕੀਤੀ ਗਈ ਅਤੇ ਇਨ੍ਹਾਂ ਬੈਚਾਂ ਦੇ ਨਾਲ ਮੈਂਬਰ ਦੇ ਤੌਰ 'ਤੇ ਐਡਵੋਕੇਟ ਸ਼ਾਮਲ ਸਨ। ਬਾਅਦ ਵਿੱਚ ਜਸਟਿਸ ਐਨ ਐਸ ਸ਼ੇਖਾਵਤ ਨੇ ਨਵਾਂਸ਼ਹਿਰ ਵਿਖੇ ਨਵੇਂ ਬਣੇ ਜੁਡੀਸ਼ਲ ਕੰਪਲੈਕਸ ਦਾ ਦੌਰਾ ਵੀ ਕੀਤਾ। ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨ ਜੱਜ ਕੰਵਲਜੀਤ ਸਿੰਘ ਬਾਜਵਾ, ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਐਸ ਐਸ ਪੀ ਭਾਗੀਰਥ ਸਿੰਘ ਮੀਨਾ ਮੌਜੂਦ ਸਨ।

15-MAY-PAGE-10.qxd 5/14/2023 10:08 PM Page 1



# ਸੰਘਰਸ਼ਸ਼ੀਲ ਜਥੇਬੰਦੀਆਂ ਨੇ ਪਹਿਲਵਾਨਾਂ ਦੀ ਹਮਾਇਤ 'ਚ ਬ੍ਰਿਜ ਭੂਸ਼ਣ ਦਾ ਪੁਤਲਾ ਫੂਕਿਆ




**ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ)**

ਇਲਾਕੇ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਨੇ ਸੰਖੇਪ ਜਿਹੇ ਸੱਦੇ 'ਤੇ ਸਥਾਨਕ ਕੋਤਵਾਲੀ ਚੌਂਕ ਵਿੱਚ ਇਕੱਠੇ ਹੋ ਕੇ ਪਿਛਲੇ 18 ਦਿਨਾਂ ਤੋਂ ਦਿੱਲੀ ਦੇ ਜੰਤਰ-ਮੰਤਰ 'ਤੇ ਦਿਨ-ਰਾਤ ਦੇ ਧਰਨੇ 'ਤੇ ਬੈਠੀਆਂ ਮਹਿਲਾ ਪਹਿਲਵਾਨਾਂ ਦੇ ਹੱਕ ਵਿੱਚ 'ਹਾਅ ਦਾ ਨਾਅਰਾ' ਮਾਰਦੇ ਹੋਏ ਪੂਰਨ ਸਹਿਯੋਗ ਦੇਣ ਦਾ ਐਲਾਨ ਕੀਤਾ। ਇਸ ਮੌਕੇ ਸੰਬੋਧਨ ਕਰਦੇ ਹੋਏ ਅਧਿਆਪਕ ਆਗੂ ਸੁਖਵਿੰਦਰ ਸਿੰਘ ਸੁੱਖੀ, ਪੈਨਸ਼ਨਰ ਆਗੂ ਅਸ਼ੋਕ ਕੌਸ਼ਲ, ਵਿਦਿਆਰਥੀ ਆਗੂ ਗੁਰਪ੍ਰੀਤ ਸਿੰਘ, ਮਾਰਕੀਟ ਕਮੇਟੀ ਦੇ ਇੰਦਰਜੀਤ ਸਿੰਘ ਪੁਰੀ, ਪੀਆਰਟੀਸੀ ਦੇ ਗੁਰਤੇਜ ਸਿੰਘ ਖਹਿਰਾ ਨੇ ਕਿਹਾ ਕਿ ਭਾਜਪਾ ਦੇ 'ਬੇਟੀ ਬਚਾਓ, ਬੇਟੀ ਪੜ੍ਹਾਓ' ਦੇ ਨਾਅਰੇ ਦੀ ਅਸਲੀਅਤ ਲੋਕਾਂ ਸਾਹਮਣੇ ਜ਼ਾਹਰ ਹੋ ਗਈ ਹੈ, ਕਿਉਂਜੋ ਭਾਜਪਾ ਦੇ ਆਗੂ ਹੀ ਔਰਤਾਂ ਦੀ ਬੇਪਤੀ ਕਰਦੇ ਨਜ਼ਰ ਆ ਰਹੇ ਹਨ। ਉਨਾਂ ਕਿਹਾ ਕਿ ਇੱਕ ਨਾਬਾਲਿਗ ਸਮੇਤ 7 ਮਹਿਲਾ ਪਹਿਲਵਾਨਾਂ ਦਾ ਦੋਸ਼ੀ ਭਾਰਤੀ ਕੁਸ਼ਤੀ ਸੰਘ ਦਾ ਪ੍ਰਧਾਨ ਜਦੋਂ ਕਹਿ ਰਿਹਾ ਹੈ ਕਿ ਉਹ ਮੋਦੀ ਜੀ ਦੇ ਕਹੇ 'ਤੇ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਲਈ ਤਿਆਰ ਹੈ ਤਾਂ ਮੋਦੀ ਸਾਹਿਬ ਨੂੰ ਉਸ ਦੀ ਕੀ ਝੇਂਪ ਹੈ? ਉਨ੍ਹਾਂ ਕਿਹਾ ਕਿ ਇਨਸਾਫ ਮੰਗ ਰਹੀਆਂ ਇਹ ਇਸਤ੍ਰੀ ਪਹਿਲਵਾਨਾਂ ਦੇਸ਼ ਦੀਆਂ ਉਹੀ ਧੀਆਂ ਹਨ, ਜਿਨ੍ਹਾਂ ਵੱਲੋਂ ਕੁਸ਼ਤੀਆਂ 'ਚ ਸੰਸਾਰ ਪੱਧਰ ਦੇ ਤਮਗੇ ਜਿੱਤ ਕੇ ਲਿਆਉਣ ਸਮੇਂ ਮੋਦੀ ਜੀ ਉਨ੍ਹਾਂ ਦੀਆਂ ਸਿਫਤਾਂ ਕਰਦੇ ਨਹੀਂ ਥੱਕਦੇ ਸਨ। ਬੁਲਾਰਿਆਂ ਨੇ ਕਿਹਾ ਕਿ ਇਸ ਕਾਂਡ ਨਾਲ ਸਾਬਕਾ ਗਵਰਨਰ ਸੱਤਿਆ ਪਾਲ ਮਲਿਕ ਦੇ ਉਸ ਬਿਆਨ 'ਤੇ ਮੂਹਰ ਲੱਗ ਗਈ ਹੈ ਕਿ ਦੇਸ਼ ਬਹੁਤ ਗਲਤ ਹੱਥਾਂ ਵਿੱਚ ਚਲਾ ਗਿਆ ਹੈ। ਆਗੂਆਂ ਨੇ ਕਿਹਾ ਕਿ ਜੇ ਦੇਸ਼ ਦੀਆਂ ਪਹਿਲਵਾਨ ਧੀਆਂ ਨੂੰ ਤੁਰੰਤ ਇਨਸਾਫ ਨਾ ਦਿੱਤਾ ਗਿਆ ਤਾਂ ਵੱਡੀ ਲਾਮਬੰਦੀ ਕਰਕੇ ਹੋਰ ਵੀ ਵੱਡੇ ਐਕਸ਼ਨ ਕੀਤੇ ਜਾਣਗੇ। ਇਸ ਮੌਕੇ ਅਧਿਆਪਕ ਆਗੂ ਸ਼ਿੰਦਰਪਾਲ ਸਿੰਘ ਢਿੱਲੋਂ, ਗਗਨ ਪਾਹਵਾ, ਪੀਆਰਟੀਸੀ ਦੇ ਸੁਖਚਰਨ ਸਿੰਘ, ਨਰੇਗਾ ਮਜ਼ਦੂਰ ਯੂਨੀਅਨ ਦੇ ਵੀਰ ਸਿੰਘ ਕੰਮੇਆਣਾ ਤੇ ਗੋਰਾ ਪਿਪਲੀ, ਕਿਸਾਨ ਆਗੂ ਹਰਪਾਲ ਸਿੰਘ ਮਚਾਕੀ, ਬੁੱਧੀਜੀਵੀ ਮੁਕੇਸ਼ ਭੰਡਾਰੀ ਤੋਂ ਇਲਾਵਾ ਵੱਡੀ ਗਿਣਤੀ 'ਚ ਮੁਲਾਜ਼ਮ ਤੇ ਪੈਨਸ਼ਨਰ ਹਾਜ਼ਰ ਸਨ।

ਆਖਿਰ 'ਤੇ ਸ਼ਹੀਦ ਭਗਤ ਸਿੰਘ ਪਾਰਕ ਸਾਹਮਣੇ ਪਹੁੰਚ ਕੇ ਨਾਅਰਿਆਂ ਦੀ ਗੂੰਜ 'ਚ ਭਾਜਪਾਈ ਸੰਸਦ ਮੈਂਬਰ ਬ੍ਰਿਜਭੂਸ਼ਣ ਸ਼ਰਨ ਸਿੰਘ ਦਾ ਪੁਤਲਾ ਫੂਕਿਆ ਗਿਆ।

## ਕਰਨਾਟਕ ਚੋਣ ਨਤੀਜੇ ਮੋਦੀ ਸਰਕਾਰ ਦੀਆਂ ਤਾਨਾਸ਼ਾਹ ਤੇ ਆਪ-ਹੁਦਰੀਆਂ ਦਾ ਮੂੰਹ ਤੋੜਵਾਂ ਜਵਾਬ : ਲਿਬਰੇਸ਼ਨ

### ਜਲੰਧਰ ਦੇ ਵੋਟਰਾਂ ਵੱਲੋਂ ਬੀਜੇਪੀ ਨੂੰ ਚੌਥੀ ਥਾਂ 'ਤੇ ਸੁੱਟਣਾ ਪੰਜਾਬ ਵਿਰੋਧੀ ਸਾਜ਼ਿਸ਼ੀ ਮਨਸੂਬਿਆਂ ਨੂੰ ਕਰਾਰਾ ਝਟਕਾ

**ਮਾਨਸਾ (ਆਤਮਾ ਸਿੰਘ ਪਮਾਰ)**-ਕਰਨਾਟਕ ਦੇ ਚੋਣ ਨਤੀਜਿਆਂ ਬਾਰੇ ਟਿੱਪਣੀ ਕਰਦੇ ਹੋਏ ਸੀਪੀਆਈ (ਐੱਮ ਐੱਲ) ਲਿਬਰੇਸ਼ਨ ਦੀ ਪੰਜਾਬ ਇਕਾਈ ਦਾ ਕਹਿਣਾ ਹੈ ਕਿ ਇਹ ਨਤੀਜੇ ਜਿੱਥੇ ਮੋਦੀ-ਸ਼ਾਹ ਜੁੰਡਲੀ ਦੀਆਂ ਤਾਨਾਸ਼ਾਹ ਤੇ ਆਪ-ਹੁਦਰੀਆਂ ਨੀਤੀਆਂ ਨੂੰ ਕਰਨਾਟਕ ਦੇ ਵੋਟਰਾਂ ਵੱਲੋਂ ਦਿੱਤਾ ਕਰਾਰਾ ਜਵਾਬ ਹਨ, ਉਥੇ ਹੀ ਇਹ ਹਾਰ ਦੇਸ਼ ਵਿੱਚ ਬੀਜੇਪੀ ਦੇ ਸਿਆਸੀ ਪਤਨ ਦੀ ਸ਼ੁਰੂਆਤ ਵੀ ਸਾਬਿਤ ਹੋਵੇਗੀ। ਬੀਜੇਪੀ ਨੇ ਜਿਵੇਂ ਕਰਨਾਟਕ, ਮਹਾਂਰਾਸ਼ਟਰ ਤੇ ਮੱਧ ਪ੍ਰਦੇਸ਼ ਵਿੱਚ ਦਲਬਦਲੀ ਤੇ ਵਿਧਾਇਕਾਂ ਦੀ ਖਰੀਦੋ ਫਰੋਖਤ ਨਾਲ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਤੋੜ ਕੇ ਖੁਦ ਸੱਤਾ ਸੰਭਾਲੀ ਸੀ, ਤਾਂ ਅਜਿਹੇ ਸਿਰੇ ਦੇ ਭ੍ਰਿਸ਼ਟ ਹੱਥਕੰਡਿਆਂ ਖਿਲਾਫ ਜਨਤਾ ਵਿੱਚ ਭਾਰੀ ਰੋਹ ਤੇ ਨਰਾਜ਼ਗੀ ਸੀ, ਜੋ ਕਿ ਹਿਮਾਚਲ ਤੇ ਕਰਨਾਟਕ ਦੇ ਚੋਣ ਨਤੀਜਿਆਂ ਦੇ ਰੂਪ 'ਚ ਸਾਹਮਣੇ ਆਈ ਹੈ ਅਤੇ ਨਿਸਚਿਤ ਤੌਰ 'ਤੇ ਇਹ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਚ ਵੀ ਅਪਣਾ ਰੰਗ ਜ਼ਰੂਰ ਵਿਖਾਵੇਗੀ। ਲਿਬਰੇਸ਼ਨ ਦੇ ਸੂਬਾਈ ਬੁਲਾਰੇ ਵੱਲੋਂ ਜਲੰਧਰ ਸੰਸਦੀ ਹਲਕੇ ਦੀ ਉੱਪ-ਚੋਣ ਵਿੱਚ ਬੀਜੇਪੀ ਉਮੀਦਵਾਰ ਨੂੰ ਉਥੋਂ ਦੇ ਵੋਟਰਾਂ ਵੱਲੋਂ ਚੌਥੇ ਨੰਬਰ 'ਤੇ ਸੁੱਟ ਕੇ ਤੇ ਉਸ ਦੀ ਜਮਾਨਤ ਜ਼ਬਤ ਕਰਵਾ ਕੇ ਆਰਐੱਸਐੱਸ-ਬੀਜੇਪੀ ਦੀਆਂ ਪੰਜਾਬ ਜਿੱਤਣ ਦੀਆਂ ਸਕੀਮਾਂ ਤੇ ਪੰਜਾਬ ਵਿਰੋਧੀ ਸਾਜ਼ਿਸ਼ੀ ਮਨਸੂਬਿਆਂ ਦਾ ਮੂੰਹ ਤੋੜ ਜਵਾਬ ਦਿੱਤਾ ਹੈ। ਦੂਜੇ ਪਾਸੇ ਆਮ ਆਦਮੀ ਪਾਰਟੀ ਦੀ ਜਿੱਤ ਮਾਨ ਸਰਕਾਰ ਦੀ ਕਾਰਗੁਜ਼ਾਰੀ ਦੇ ਬਲ 'ਤੇ ਨਾ ਹੋ ਕੇ, ਉਲਟਾ ਦਲਬਦਲੀਆਂ ਤੇ ਅੰਦਰਖਾਤੇ ਕੀਤੇ ਗਏ ਨਾਪਾਕ ਸਿਆਸੀ ਜੋੜਾਂ ਤੋੜਾਂ ਦਾ ਨਤੀਜਾ ਹੈ। ਇਹ ਨਤੀਜੇ ਦੇਸ਼ ਵਿੱਚ ਬੀਜੇਪੀ ਦੀਆਂ ਕਾਰਪੋਰੇਟ ਪ੍ਰਸਤ ਫਾਸਿਸਟ ਨੀਤੀਆਂ ਖਿਲਾਫ ਸੰਵਿਧਾਨਕ ਰਾਜ ਤੇ ਜਮਹੂਰੀਅਤ ਦੀ ਬਹਾਲੀ ਲਈ ਜਾਰੀ ਮੁਹਿੰਮ ਤੇ ਫਾਸ਼ੀਵਾਦ ਵਿਰੋਧੀ ਲਹਿਰ ਨੂੰ ਹੋਰ ਹੁਲਾਰਾ ਦੇਣਗੇ।

# ਆਪ ਦੇ ਵਰਕਰਾਂ ਤੇ ਵਿਧਾਇਕ ਨੇ ਲੱਡੂ ਵੰਡ ਕੇ ਕੀਤਾ ਜਿੱਤ ਦੀ ਖ਼ੁਸ਼ੀ ਦਾ ਇਜ਼ਹਾਰ

## ਸੁਸ਼ੀਲ ਰਿੰਕੂ ਦੀ ਜਿੱਤ ਨੇ ਵਿਰੋਧੀਆਂ ਦੇ ਭਰਮ-ਭੁਲੇਖੇ ਦੂਰ ਕੀਤੇ : ਨਰੇਸ਼ ਕਟਾਰੀਆ

**ਜ਼ੀਰਾ (ਨਰਿੰਦਰ ਅਨੇਜਾ)**

ਆਮ ਆਦਮੀ ਪਾਰਟੀ ਵੱਲੋਂ ਜਲੰਧਰ ਜ਼ਿਮਨੀ ਚੋਣ ਵਿੱਚ ਕਾਂਗਰਸ ਦੇ ਗੜ੍ਹ ਨੂੰ ਤੋੜਦਿਆਂ ਵੱਡੀ ਜਿੱਤ ਦਰਜ ਕੀਤੀ ਗਈ। ਪਿਛਲੇ ਲੰਮੇ ਸਮੇਂ ਤੋਂ ਇਸ ਸੀਟ 'ਤੇ ਕਾਂਗਰਸ ਦਾ ਕਬਜ਼ਾ ਰਿਹਾ, ਪਰ ਇਸ ਵਾਰ ਆਪ ਦੇ ਸੁਸ਼ੀਲ ਰਿੰਕੂ ਵੱਲੋਂ ਇੱਥੇ ਜਿੱਤ ਹਾਸਲ ਕੀਤੀ ਗਈ। ਇਸ ਜਿੱਤ ਦੀ ਖੁਸ਼ੀ ਵਿੱਚ ਜ਼ੀਰਾ ਦੇ ਵਿਧਾਇਕ ਨਰੇਸ਼ ਕਟਾਰੀਆ ਦੇ ਦਫਤਰ ਵਿੱਚ ਪਾਰਟੀ ਵਰਕਰਾਂ ਵੱਲੋਂ ਢੋਲ ਢਮੱਕੇ ਨਾਲ ਭੰਗੜੇ ਪਾ ਕੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਗਿਆ ਤੇ ਲੱਡੂ ਵੰਡੇ ਗਏ।

ਇਸ ਮੌਕੇ ਆਪ ਦੇ ਜ਼ੀਰਾ ਤੋਂ ਵਿਧਾਇਕ ਨਰੇਸ਼ ਕਟਾਰੀਆ ਵੱਲੋਂ ਵੀ ਜਿੱਤ ਦੀ ਖੁਸ਼ੀ 'ਚ ਭੰਗੜਾ ਪਾਇਆ ਗਿਆ। ਇਸ ਮੌਕੇ ਵਿਧਾਇਕ ਕਟਾਰੀਆ ਨੇ ਕਿਹਾ ਕਿ ਇਹ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ ਤੇ ਪਾਰਟੀ ਦੇ ਸਭ ਆਗੂਆਂ ਅਤੇ ਵਰਕਰਾਂ ਦੀ ਮਿਹਨਤ ਹੈ। ਉਨ੍ਹਾ ਕਿਹਾ ਕਿ ਸਭ ਨੇ ਇਸ ਸੀਟ ਲਈ ਬਹੁਤ ਮਿਹਨਤ ਕੀਤੀ। ਨਾਲ ਹੀ ਆਮ ਆਦਮੀ ਪਾਰਟੀ ਦੇ ਇਸ ਇੱਕ ਸਾਲ ਵਿੱਚ ਕੀਤੇ ਕੰਮਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਹਰ ਵਰਗ ਦਾ ਧਿਆਨ ਰੱਖਦਿਆਂ ਆਪਣੀਆਂ ਦਿੱਤੀਆਂ ਗਰੰਟੀਆਂ ਨੂੰ ਪੂਰਾ ਕੀਤਾ ਗਿਆ ਅਤੇ ਆਮ ਪਬਲਿਕ ਨੂੰ ਮੁਫਤ ਬਿਜਲੀ, ਚੰਗੀ ਸਿਹਤ ਲਈ ਆਮ ਆਦਮੀ ਕਲੀਨਿਕ ਤੇ ਹੋਰ ਸਹੂਲਤਾਂ ਦਿੱਤੀਆਂ ਗਈਆਂ, ਜਿਸ ਦਾ ਨਤੀਜਾ ਜਲੰਧਰ ਦੇ ਲੋਕਾਂ ਨੇ ਇਹ ਸੀਟ ਪਾਰਟੀ ਦੀ ਝੋਲੀ ਪਾਈ। ਉਨ੍ਹਾ ਵੱਲੋਂ ਇੱਥੇ ਸਮੁੱਚੀ ਪਾਰਟੀ ਹਾਈ ਕਮਾਂਡ ਤੇ ਸਮੂਹ ਵਰਕਰਾਂ ਨੂੰ ਇਸ ਜਿੱਤ ਦੀ ਵਧਾਈ ਦਿੱਤੀ ਗਈ। ਇਸ ਮੌਕੇ ਉਨ੍ਹਾਂ ਨਾਲ ਪਾਰਟੀ ਦੇ ਬਲਾਕ ਪ੍ਰਧਾਨ ਹਰਭਗਵਾਨ ਭੋਲਾ, ਯੂਥ ਆਗੂ ਸੰਕਰ ਕਟਾਰੀਆ, ਕੋ-ਬਲਾਕ ਪ੍ਰਧਾਨ ਗੁਰਮੀਤ ਸਿੰਘ, ਨਿੱਜੀ ਸਕੱਤਰ ਗੁਰਮਨਦੀਪ ਸਿੰਘ ਖਹਿਰਾ, ਗੁਰਪਾਲ ਸਿੰਘ ਸੀਹਾਪਾੜੀ, ਰਣਬੀਰ ਬਾਠ, ਨਿਰਵੈਰ ਸਿੰਘ ਹੋਲਾਂਵਾਲੀ ਤੇ ਹੋਰ ਕਈ ਵਰਕਰ ਮੌਜੂਦ ਰਹੇ।


ਵਿਧਾਇਕ ਨਰੇਸ਼ ਕਟਾਰੀਆ ਤੇ ਵਰਕਰ ਸੁਸ਼ੀਲ ਰਿੰਕੂ ਦੀ ਜਿੱਤ 'ਤੇ ਭੰਗੜਾ ਪਾਉਂਦੇ ਹੋਏ।

## ਕਾਤਰਾਂ

### ਕ੍ਰਾਂਤੀਕਾਰੀ ਕਿਸਾਨ ਯੂਨੀਆਨ 19 ਨੂੰ ਥਾਣੇ ਅੱਗੇ ਕਰੇਗੀ ਰੋਸ ਪ੍ਰਦਰਸ਼ਨ : ਪੋਜੋਕੇ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਹਲਕਾ ਫਿਰੋਜ਼ਪੁਰ ਦਿਹਾਤੀ ਜ਼ਮੀਨੀ ਮਸਲੇ ਨੂੰ ਲੈ ਕੇ ਕ੍ਰਾਂਤੀਕਾਰੀ ਕਿਸਾਨ ਯੂਨੀਆਨ ਪੰਜਾਬ ਜ਼ਿਲ੍ਹਾ ਫਿਰੋਜ਼ਪੁਰ 19 ਮਈ ਨੂੰ ਸਦਰ ਥਾਣੇ ਦੇ ਸਾਹਮਣੇ ਆਪਣਾ ਰੋਸ ਪ੍ਰਦਰਸ਼ਨ ਕਰੇਗੀ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਪੋਜੋ ਕੇ ਨੇ ਕਿਹਾ ਕਿ ਹੈਡ ਤੋਂ ਪਾਰ ਪਿੰਡ ਭਾਨੇ ਵਾਲਾ ਦਾ ਜ਼ਮੀਨੀ ਮਸਲੇ ਲੈ ਕੇ ਕਈ ਵਾਰ ਐੱਸ ਐੱਚ ਓ ਸਦਰ ਨੂੰ ਮਿਲੇ ਐੱਸ ਐੱਚ ਓ ਨੇ ਹਮੇਸ਼ਾ ਦੀ ਤਰ੍ਹਾਂ ਟਾਲ-ਮਟੋਲ ਹੀ ਕੀਤੀ ਕਣਕ ਪੱਕਣ ਤੋਂ ਪਹਿਲਾਂ ਇੱਕ ਦਰਖ਼ਾਸਤ ਐੱਸ ਐੱਸ ਪੀ ਨੂੰ ਵੀ ਦਿੱਤੀ ਸੀ, ਜਿਸ ਵਿੱਚ ਕੋਰਟ ਆਡਰ ਵੀ ਨਾਲ ਨੱਥੀ ਕੀਤੇ ਸਨ। ਉਹ ਦਰਖ਼ਾਸਤ ਵੀ ਐੱਸ ਐੱਚ ਓ ਸਦਰ ਕੋਲ ਆਈ ਸੀ।ਐੱਸ ਐੱਸ ਪੀ ਨੇ ਆਈ ਦਰਖ਼ਾਸਤ 'ਤੇ ਵੀ ਕੋਈ ਕਾਰਵਾਈ ਨਹੀਂ ਕੀਤੀ, ਸਗੋਂ ਵਿਰੋਧੀ ਪਾਰਟੀ ਨੂੰ ਚੋਰੀ ਕਣਕ ਵੱਢਣ ਵਿੱਚ ਮੱਦਦ ਕੀਤੀ। ਰਾਤ ਨੂੰ ਚੋਰੀ ਕਣਕ ਵੱਢਣ ਵਾਲੇ ਦੋਸ਼ੀ ਸ਼ਰੇਆਮ ਘੁੰਮ ਰਹੇ ਹਨ।ਇਸ ਦੇ ਨਾਲ਼ ਹੀ ਪਿੰਡ ਮੱਧਰੇ ਦੇ ਕਿਸਾਨ ਬਲਵੀਰ ਸਿੰਘ ਨਾਲ ਵੱਜੀ 10 ਲੱਖ ਦੀ ਠੱਗੀ ਦੋਸ਼ੀਆਂ ਖਿਲਾਫ ਐੱਫਆਈਆਰ ਦਰਜ, ਪਰ ਕੋਈ ਵੀ ਦੋਸ਼ੀ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ।ਕ੍ਰਾਂਤੀਕਾਰੀ ਕਿਸਾਨ ਯੂਨੀਅਨ ਬਲਾਕ ਮਮਦੋਟ ਦੇ ਪ੍ਰਧਾਨ ਗੁਰਭੇਜ ਟਿੱਬੀ ਨੇ ਕਿਹਾ ਕਿ ਬਲਾਕ ਦੀ ਮੀਟਿੰਗ ਕਰਕੇ ਵੱਡੀ ਗਿਣਤੀ ਵਿੱਚ ਕਿਸਾਨਾਂ ਨੂੰ 19 ਮਈ ਦੇ ਰੋਸ ਪ੍ਰਦਰਸ਼ਨ ਵਿੱਚ ਸ਼ਾਮਲ ਕੀਤਾ ਜਾਵੇਗਾ।

### ਸੀ ਡੀ ਐੱਲ ਯੂ ਦੇ ਵਿਦਿਆਰਥੀਆਂ ਨੇ ਫੂਕਿਆ ਬ੍ਰਿਜ ਭੂਸ਼ਣ ਦਾ ਪੁਤਲਾ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਰੈਸਲਿੰਗ ਐਸੋਸੀਏਸ਼ਨ ਆਫ ਇੰਡੀਆ ਦੇ ਪ੍ਰਧਾਨ ਤੇ ਭਾਜਪਾ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਖਿਲਾਫ ਦੇਸ਼ ਦੇ ਲੋਕਾਂ 'ਚ ਗੁੱਸਾ ਲਗਾਤਾਰ ਵਧਦਾ ਜਾ ਰਿਹਾ ਹੈ, ਜਿਸ ਦੇ ਚਲਦੇ ਚੌਧਰੀ ਦੇਵੀ ਲਾਲ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਦੇ ਗੇਟ ਦੇ ਅੱਗੇ ਬ੍ਰਿਜ ਭੂਸ਼ਣ ਦਾ ਪੁਤਲਾ ਫੂਕਿਆ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਵਿਦਿਆਰਥੀ ਆਗੂ ਪ੍ਰਵੀਨ ਖਟਕ ਨੇ ਕਿਹਾ ਕਿ ਦੇਸ਼ ਲਈ ਜਿਨ੍ਹਾਂ ਧੀਆਂ-ਪੁੱਤਰਾਂ ਨੇ ਖੇਡਾਂ 'ਚ ਤਮਗੇ ਲੈ ਕੇ ਦੇਸ਼ ਦੀ ਸੇਵਾ ਕੀਤੀ, ਉਨ੍ਹਾਂ ਦੀ ਕੋਈ ਜਾਤ, ਖੇਤਰ ਜਾਂ ਧਰਮ ਨਹੀਂ ਹੈ।ਖਟਕ ਨੇ ਕਿਹਾ ਕਿ ਸਿਰਫ਼ ਉਹੀ ਲੋਕ ਜਾਤ, ਖੇਤਰ, ਧਰਮ ਦੀ ਗੱਲ ਚੁੱਕਦੇ ਹਨ, ਜੋ ਸੱਚ ਨੂੰ ਦਬਾਉਣਾ ਚਾਹੁੰਦੇ ਹਨ।ਹੁਣ ਜਦੋਂ ਜਿਨਸੀ ਸ਼ੋਸ਼ਣ ਦੇ ਦੋਸ਼ੀ ਬ੍ਰਿਜ ਭੂਸ਼ਣ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਹੋ ਗਈਆਂ ਹਨ ਤਾਂ ਸਰਕਾਰ ਨੇ ਇਨਸਾਫ਼ ਦੀ ਆਵਾਜ਼ ਨੂੰ ਕੁਚਲਣ ਲਈ ਮਹਿਲਾ ਪਹਿਲਵਾਨਾਂ ਨੂੰ ਦਬਾਉਣ ਦੀ ਸ਼ੁਰੂਆਤ ਕਰ ਦਿੱਤੀ ਹੈ। ਉਨ੍ਹਾ ਕਿਹਾ ਕਿ ਜੇਕਰ ਸਰਕਾਰ ਨੇ ਬ੍ਰਿਜ ਭੂਸ਼ਣ 'ਤੇ ਸ਼ਿਕੰਜਾ ਨਾ ਕੱਸਿਆ ਤਾਂ ਤਿੱਖਾ ਅੰਦੋਲਨ ਕੀਤਾ ਜਾਵੇਗਾ। ਇਸ ਮੌਕੇ ਵਿੱਕੀ ਪ੍ਰਧਾਨ, ਅਜੈ ਬਿਸ਼ਨੋਈ, ਸੁਮਿਤ, ਅਜ਼ੀਜ਼, ਦਿਵਯਾਂਸ਼ੂ, ਪੁਨੀਤਾ, ਅਨੀਤਾ, ਪੂਨਮ, ਤਲਵਿੰਦਰ ਤਿਲੋਕੇਵਾਲਾ, ਰਤਨ ਕੁਮਾਰ, ਪੁਨੀਤ ਹਾਜ਼ਰ ਸਨ।

### ਡਾ. ਹਿਤੇਂਦਰ ਸੂਰੀ ਵੱਕਾਰੀ ਪੁਰਸਕਾਰ ਨਾਲ ਸਨਮਾਨਤ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੀਡੀਆ ਫੈਡਰੇਸ਼ਨ ਆਫ ਇੰਡੀਆ ਅਤੇ ਪਬਲਿਕ ਰਿਲੇਸ਼ਨਜ਼ ਕੌਂਸਲ ਆਫ ਇੰਡੀਆ ਵੱਲੋਂ ਸਾਂਝੇ ਤੌਰ 'ਤੇ ਚੰਡੀਗੜ੍ਹ ਵਿਖੇ ਵੱਕਾਰੀ "ਉਦਮੀ ਅਤੇ ਅਚੀਵਰਜ਼ ਐਵਾਰਡ 2023" ਸਮਾਰੋਹ ਕੀਤਾ ਗਿਆ। ਸਮਾਗਮ ਵਿੱਚ ਵੱਖ-ਵੱਖ ਖੇਤਰਾਂ ਦੀਆਂ ਉੱਘੀਆਂ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ ਜਿਨ੍ਹਾਂ ਨੇ ਆਪੋ-ਆਪਣੇ ਖੇਤਰਾਂ ਵਿੱਚ ਸ਼ਾਨਦਾਰ ਯੋਗਦਾਨ ਪਾਇਆ ਹੈ। ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਯ ਨੇ ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਪੁਰਸਕਾਰ ਪ੍ਰਦਾਨ ਕੀਤੇ। ਸਨਮਾਨਤ ਹੋਣ ਵਾਲਿਆਂ ਵਿੱਚ ਰਾਣਾ ਹਸਪਤਾਲ, ਸਰਹਿੰਦ, ਫਤਹਿਗੜ੍ਹ ਸਾਹਿਬ ਦੇ ਮਾਣਯੋਗ ਪ੍ਰੋਪਰਾਈਟਰ ਡਾ. ਹਿਤੇਂਦਰ ਸੂਰੀ ਵੀ ਸ਼ਾਮਲ ਸਨ। ਡਾ. ਸੂਰੀ ਨੂੰ ਗੁਦਾ ਦੀਆਂ ਸਥਿਤੀਆਂ ਜਿਵੇਂ ਕਿ ਬਵਾਸੀਰ, ਫਿਸਰ ਅਤੇ ਫਿਸਟੁਲਾ ਦੇ ਮਾਹਰ ਵਜੋਂ ਡਾਕਟਰੀ ਖੇਤਰ ਵਿੱਚ ਉਨ੍ਹਾ ਦੀਆਂ ਸਮਾਜਕ ਸੇਵਾਵਾਂ ਅਤੇ ਮੁਹਾਰਤ ਲਈ ਸਨਮਾਨਤ ਕੀਤਾ ਗਿਆ।

## ਸਕੂਲੀ ਬੱਚਿਆਂ ਨੂੰ ਡਾ. ਅੰਬੇਡਕਰ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਰਕਾਰੀ ਮਿਡਲ ਸਕੂਲ, ਪਿੰਡ ਗੁਰੂਸਰ ਮਹਿਰਾਜ (ਬਠਿੰਡਾ) ਵਿਖੇ ਪੰਚਾਇਤ ਦੀ ਹਾਜ਼ਰੀ ਵਿੱਚ ਸਮਾਜ ਸੇਵੀ ਸਾਬਕਾ ਹੌਲਦਾਰ ਨਾਜਰ ਸਿੰਘ ਨਾਫਰੀਆ ਵਾਈਸ ਚੇਅਰਮੈਨ ਵਾਲਮੀਕੀ-ਰਾਮਦਾਸੀਆ ਅੰਬੇਡਕਰ ਸੈੱਲ ਅਤੇ ਬੀਬੀ ਕਰਮਜੀਤ ਕੌਰ ਨਾਫਰੀਆ ਵੱਲੋਂ ਸਕੂਲ ਦੇ ਬੱਚਿਆਂ ਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਜੀਵਨ ਵਾਰੇ ਜਾਣਕਾਰੀ ਦਿੱਤੀ। ਇਸ ਮੌਕੇ ਬੱਚਿਆਂ ਨੂੰ ਕਾਪੀਆਂ, ਪੈਨ ਵੰਡੇ ਗਏ। ਇਸ ਤੋਂ ਇਲਾਵਾ ਚੰਗੇ ਕਿਰਦਾਰ ਵਾਲੇ ਅਧਿਆਪਕਾਂ ਨੂੰ ਵੀ ਸਨਮਾਨਤ ਕੀਤਾ ਗਿਆ। ਇਸ ਮੌਕੇ ਡਾ. ਰਵੇਲ ਸਿੰਘ ਸਰਪੰਚ, ਗੁਰਪ੍ਰੀਤ ਸਿੰਘ ਪੰਚ, ਮੱਘਰ ਸਿੰਘ ਪੰਚ, ਜਗਸੀਰ ਸਿੰਘ ਪੰਚ, ਦੀਦਾਰ ਸਿੰਘ ਪੰਚ, ਗੁਰਲਾਲ ਸਿੰਘ, ਮਾਸਟਰ ਜਗਰੂਪ ਸਿੰਘ, ਬਲਵਿੰਦਰ ਸਿੰਘ ਜੇ ਈ, ਗੁਰਜੰਟ ਸਿੰਘ ਅਤੇ ਸਮੂਹ ਸਕੂਲ ਸਟਾਫ ਹਾਜ਼ਰ ਸੀ। ਇਸ ਮੌਕੇ ਸਕੂਲ ਕਮੇਟੀ ਦੀ ਚੋਣ ਵੀ ਕੀਤੀ ਗਈ।

# ਵੱਖ-ਵੱਖ ਸਕੂਲਾਂ ਦੇ ਦਸਵੀਂ ਤੇ ਬਾਰ੍ਹਵੀਂ ਦੇ ਨਤੀਜੇ ਸ਼ਾਨਦਾਰ ਰਹੇ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਓਰੀਐਂਟ ਇੰਟਰਨੈਸ਼ਨਲ ਸਕੂਲ ਐਂਡ ਸਪੋਰਟਸ ਅਕੈਡਮੀ ਦੇ ਵਿਦਿਆਰਥੀਆਂ ਨੇ 12ਵੀਂ ਤੇ 10ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਕਾਮਰਸ ਸਟਰੀਮ ਦੀ ਕ੍ਰਿਤੀ ਨੇ ਓਵਰਆਲ 93 ਪ੍ਰਤੀਸ਼ਤ ਅੰਕ ਲੈ ਕੇ ਸਕੂਲ 'ਚੋਂ ਪਹਿਲਾ ਸਥਾਨ, ਸਾਇੰਸ ਸਟਰੀਮ ਦੀ ਆਂਚਲ ਨੇ 92 ਪ੍ਰਤੀਸ਼ਤ ਤੇ ਕਾਮਰਸ ਸਟਰੀਮ ਦੀ ਸੁਮਨਪ੍ਰੀਤ ਕੌਰ ਨੇ 90 ਪ੍ਰਤੀਸ਼ਤ ਨਾਲ ਕ੍ਰਮਵਾਰ ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। 10ਵੀਂ ਜਮਾਤ ਦੀ ਸੰਦੀਪ ਕੌਰ ਨੇ 96 ਫ਼ੀਸਦੀ ਅੰਕ ਲੈ ਕੇ ਪਹਿਲਾ, ਕੋਮਲਪ੍ਰੀਤ ਕੌਰ ਨੇ 94 ਫ਼ੀਸਦੀ ਅੰਕ ਲੈ ਕੇ ਦੂਜਾ ਤੇ ਪ੍ਰਭਨੂਰ ਕੌਰ ਨੇ 90 ਫ਼ੀਸਦੀ ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ। ਸਕੂਲ ਦੇ ਚੇਅਰਮੈਨ ਵਿਕਰਮ ਸ਼ਰਮਾ ਨੇ ਇਸ ਸ਼ਾਨਦਾਰ ਪ੍ਰਦਰਸ਼ਨ ਲਈ ਮਿਹਨਤੀ, ਸਟਾਫ਼ ਮੈਂਬਰਾਂ, ਮਾਪਿਆਂ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਇਸ ਮੌਕੇ ਮੈਨੇਜਿੰਗ ਡਾਇਰੈਕਟਰ ਸ਼ਾਰਦਾ ਸ਼ਰਮਾ, ਪ੍ਰਿੰਸੀਪਲ ਰਜਤ ਸ਼ਰਮਾ, ਸ਼ੁਭਮ ਸ਼ਰਮਾ, ਮ੍ਰਿਦੁਲਾ, ਸ਼ਰੁਤੀ ਸ਼ਰਮਾ, ਨਵਜੋਤ ਕੌਰ, ਹਰਪ੍ਰੀਤ ਕੌਰ, ਗੀਤੂ ਰਾਣੀ, ਮੇਨਕਾ ਰਾਣੀ, ਜਸਵਿੰਦਰ ਕੌਰ, ਪਲਕ, ਰੁਪਿੰਦਰ ਕੌਰ, ਜਸਪ੍ਰੀਤ ਕੌਰ ਤੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

ਇਸੇ ਤਰ੍ਹਾਂ ਦਾ ਸੁਪੀਰੀਅਰ ਵਰਲਡ ਸਕੂਲ ਗੜ੍ਹੀ ਤਰਖਾਣਾ ਦਾ ਦਸਵੀਂ ਤੇ ਬਾਰਵੀਂ ਜਮਾਤ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਸਕੂਲ ਮੁੱਖ ਅਧਿਆਪਕ ਰਸ਼ਮੀ ਸ਼ਰਮਾ ਨੇ ਦੱਸਿਆ ਕਿ ਦਸਵੀਂ ਜਮਾਤ ਦੀ ਕ੍ਰਿਸ਼ਿਕਾ ਸੇਠੀ ਨੇ 92 ਪ੍ਰਤੀਸ਼ਤ, ਸਮਰਜੋਤ ਕੌਰ ਨੇ 91 ਪ੍ਰਤੀਸ਼ਤ, ਸੁਖਨੀਤ ਕੌਰ ਨੇ 90 ਪ੍ਰਤੀਸ਼ਤ, ਰਿਧੀਮਾ ਨੇ 89 ਪ੍ਰਤੀਸ਼ਤ, ਸਿਮਰਨਜੋਤ ਕੌਰ ਨੇ 86 ਪ੍ਰਤੀਸ਼ਤ ਤੇ ਅਰਮਨਪ੍ਰੀਤ ਕੌਰ ਨੇ 85 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਦਾ ਮਾਣ ਵਧਾਇਆ। ਇਸੇ ਤਰ੍ਹਾਂ ਜਮਾਤ ਬਾਰ੍ਹਵੀਂ ਮੈਡੀਕਲ ਦੇ ਵਿਦਿਆਰਥੀਆਂ 'ਚੋਂ ਮਹਿਕਪ੍ਰੀਤ ਕੌਰ ਨੇ 86 ਪ੍ਰਤੀਸ਼ਤ, ਸਿਮਰਨ ਕਰਨ 80 ਪ੍ਰਤੀਸ਼ਤ ਤੇ ਤਰੁਨ ਕੁਮਾਰ 75 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ। ਕਾਮਰਸ ਸਟਰੀਮ ਦੀਆਂ ਵਿਦਿਆਰਥੀਆਂ 'ਚੋਂ ਕਾਮਿਨੀ ਗਰੋਵਰ ਨੇ 81 ਪ੍ਰਤੀਸ਼ਤ, ਦਿਕਸ਼ਾ ਨੇ 80 ਪ੍ਰਤੀਸ਼ਤ, ਮਹਿਕਪ੍ਰੀਤ ਨੇ 74 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ। ਆਰਟਸ ਸਟਰੀਮ ਦੇ ਵਿਦਿਆਰਥੀਆਂ 'ਚੋਂ ਪ੍ਰਿਆ ਨੇ 84 ਪ੍ਰਤੀਸ਼ਤ, ਸਹਿਜਪ੍ਰੀਤ ਕੌਰ ਨੇ 78 ਪ੍ਰਤੀਸ਼ਤ ਤੇ ਅਮਨਪ੍ਰੀਤ ਕੌਰ ਨੇ 75 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਤੇ ਮਾਪਿਆਂ ਦਾ ਨਾਂ ਚਮਕਾਇਆ। ਸਕੂਲ ਮੁੱਖ ਅਧਿਆਪਕ ਰਸ਼ਮੀ ਸ਼ਰਮਾ ਵੱਲੋਂ ਸਮੂਹ ਅਧਿਆਪਕਾਂ, ਮਾਪਿਆਂ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਗਈ। ਉਨ੍ਹਾਂ ਵਿਦਿਆਰਥੀਆਂ ਨੂੰ ਅੱਗੇ ਤੋਂ ਹੋਰ ਵੱਧ ਚੜ੍ਹ ਕੇ ਮਿਹਨਤ ਕਰਨ ਤੇ ਜ਼ਿੰਦਗੀ ਵਿੱਚ ਕਾਮਯਾਬ ਹੋਣ ਲਈ ਪ੍ਰੇਰਿਤ ਕੀਤਾ।

## ਸੁਸ਼ੀਲ ਰਿੰਕੂ ਦੀ ਜਿੱਤ 'ਤੇ ਜੈਤੋ 'ਚ ਜਸ਼ਨ ਦਾ ਮਾਹੌਲ




**ਜੈਤੋ (ਸਤੀਸ਼ ਕੁਮਾਰ ਭੀਰੀ)**-ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੀ ਭਾਰੀ ਬਹੁਮੱਤ ਨਾਲ ਜਿੱਤ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੇ ਲੋਕ ਹਿਤੈਸ਼ੀ ਹੋਣ 'ਤੇ ਮੋਹਰ ਲਾ ਦਿੱਤੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੁਖਰੀਤ ਰੋਮਾਣਾ ਨੇ ਅੱਗੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਵੱਲੋਂ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੀਆਂ ਸਾਰੀਆਂ ਸੀਟਾਂ 'ਤੇ ਜਿੱਤ ਪ੍ਰਾਪਤ ਕਰਕੇ ਇੱਕ ਰਿਕਾਰਡ ਕਾਇਮ ਕੀਤਾ ਜਾਵੇਗਾ। ਰੋਮਾਣਾ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਵੱਲੋਂ ਕੀਤੇ ਗਏ ਆਮ ਆਦਮੀ ਪਾਰਟੀ ਵਿਰੋਧੀ ਕੂੜ ਪ੍ਰਚਾਰ ਨੂੰ ਜਲੰਧਰ ਦੇ ਪੜ੍ਹੇ ਲਿਖੇ ਵੋਟਰਾਂ ਨੇ ਦਰਕਿਨਾਰ ਕਰਦਿਆਂ ਸਾਰੇ ਵਿਰੋਧੀਆਂ ਨੂੰ ਚਾਰੇ ਖਾਨੇ ਚਿੱਤ ਕਰ ਦਿੱਤਾ ਹੈ। ਆਪ ਉਮੀਦਵਾਰ ਦੀ ਹੋਈ ਜਿੱਤ ਮੌਕੇ ਢੋਲ ਨਗਾੜੇ ਵਜਾਉਂਦੇ ਹੋਏ ਲੱਡੂ ਵੰਡੇ ਗਏ। ਇਸ ਮੌਕੇ ਆਮ ਆਦਮੀ ਪਾਰਟੀ ਦੇ ਅਨੇਕਾਂ ਆਗੂ ਤੇ ਵਰਕਰ ਹਾਜ਼ਰ ਸਨ।

## ਹਾਰਵਰਡ ਕਾਨਵੈਂਟ ਸਕੂਲ ਦਾ ਬਾਰ੍ਹਵੀਂ ਦਾ ਨਤੀਜਾ ਸੌ ਫੀਸਦੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਇਕ ਵਾਰ ਫਿਰ ਸੀ ਬੀ ਐੱਸ ਈ ਵੱਲੋਂ ਐਲਾਨੇ ਨਤੀਜੇ ਵਿੱਚ ਮੱਲਾਂ ਮਾਰੀਆਂ ਅਤੇ ਚੰਗੀਆਂ ਪੁਜੀਸ਼ਨਾਂ ਹਾਸਲ ਕੀਤੀਆਂ। ਜਾਣਕਾਰੀ ਦਿੰਦੇ ਹੋਏ ਸਕੂਲ ਦੇ ਚੇਅਰਮੈਨ ਨਵਦੀਪ ਸਿੰਘ ਬਰਾੜ ਨੇ ਦੱਸਿਆ ਕਿ ਸਕੂਲ ਦਾ ਨਤੀਜਾ ਸੌ ਫੀਸਦੀ ਰਿਹਾ ਹੈ ਅਤੇ ਸਾਰੇ ਵਿਦਿਆਰਥੀ ਬਹੁਤ ਵਧੀਆ ਅੰਕ ਲੈ ਕੇ ਪਾਸ ਹੋਏ ਹਨ। ਉਨ੍ਹਾ ਦੱਸਿਆ ਕਿ ਸਕੂਲ ਦੇ ਕਾਮਰਸ ਗਰੁੱਪ ਵਿਚੋਂ ਵਿਦਿਆਰਥਣ ਮਹਿਕ ਨੇ 88% ਅੰਕ ਹਾਸਲ ਕਰਕੇ ਸਕੂਲ ਵਿੱਚੋਂ ਪਹਿਲਾ, ਸਚਿਨ ਅਹੂਜਾ 84%, ਅਰਸ਼ਪ੍ਰੀਤ ਕੌਰ ਨੇ 83.2%, ਗਗਨਦੀਪ ਕੌਰ ਨੇ 80.4% ਅਤੇ ਸਾਇੰਸ ਗਰੁੱਪ ਵਿੱਚ ਜੋਬਨ ਸਿੰਘ ਨੇ 83.4% ਅੰਕ ਹਾਸਲ ਕਰਕੇ ਆਪਣਾ ਅਤੇ ਆਪਣੇ ਸਕੂਲ ਦਾ ਨਾਂਅ ਰੌਸ਼ਨ ਕੀਤਾ।

ਇਸ ਤੋਂ ਇਲਾਵਾ ਕੋਮਲਪ੍ਰੀਤ ਕੌਰ ਨੇ 78.2 %, ਕਾਜਲ 75%, ਰਾਜਵੀਰ ਕੌਰ 73.4%, ਪੂਨਮ ਰਾਣੀ 74%, ਸਾਹਿਲ ਸ਼ਰਮਾ 72.6%, ਬਬਲੀਨ ਕੌਰ 70%, ਪਰਨੀਤ ਕੌਰ 71%, ਪਵਨਵੀਰ ਕੌਰ 70%, ਰਾਜਵੀਰ ਕੌਰ 70%, ਜਸਮਨ ਕੌਰ ਦੇ 70% ਅੰਕ ਹਾਸਲ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ ਅਤੇ ਪ੍ਰਿੰਸੀਪਲ ਮੈਡਮ ਨਿਧੀ ਬਰਾੜ ਨੇ ਬੱਚਿਆਂ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ ਉੱਤੇ ਵਧਾਈ ਦਿੱਤੀ ਅਤੇ ਬੱਚਿਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

### ਡੇਅਰੀ ਕਾਰੋਬਾਰ ਪ੍ਰਬੰਧਨ ਕੋਰਸ ਸ਼ੁਰੂ ਕਰਨ ਦਾ ਐਲਾਨ

**ਲੁਧਿਆਣਾ (ਐਮ ਐਸ ਭਾਟੀਆ, ਰੈਕਟਰ ਕਥੂਰੀਆ)**-ਡੇਅਰੀ ਕਾਰੋਬਾਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਵਿਕਸਤ ਕਰਨ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਪ੍ਰਦਾਨ ਕਰਨ ਦੇ ਉਦੇਸ਼ ਨਾਲ, ਐਗਰੀਟੈਕ ਸਟਾਰਟਅੱਪ ਮੂਫਾਰਮ ਨੇ ਡੇਅਰੀ ਕਾਰੋਬਾਰ ਪ੍ਰਬੰਧਨ ਵਿੱਚ ਕੋਰਸ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਸ ਲਈ ਮੂਫਾਰਮ ਨੇ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ (ਗਡਵਾਸੂ), ਲੁਧਿਆਣਾ ਨਾਲ ਸਾਂਝੇਦਾਰੀ ਕੀਤੀ ਹੈ। ਇਹ ਕੋਰਸ ਇਕ ਮਹੀਨੇ ਦਾ ਸਰਟੀਫਿਕੇਟ ਕੋਰਸ ਹੋਵੇਗਾ, ਜਿਸ ਨੂੰ ਪੂਰਾ ਕਰਨ ਤੋਂ ਬਾਅਦ ਨੌਜਵਾਨਾਂ ਨੂੰ ਨਾ ਸਿਰਫ ਨੌਕਰੀਆਂ ਦੇ ਮੌਕੇ ਮਿਲਣਗੇ ਸਗੋਂ ਉਹ ਆਪਣਾ ਕਾਰੋਬਾਰ ਵੀ ਸ਼ੁਰੂ ਕਰ ਸਕਣਗੇ। ਪਰਮ ਸਿੰਘ, ਸੰਸਥਾਪਕ ਅਤੇ ਸੀਈਓ, ਮੂਫਾਰਮ ਨੇ ਕਿਹਾ ਕਿ ਡੇਅਰੀ ਕਾਰੋਬਾਰ ਪ੍ਰਬੰਧਨ ਕੋਰਸ ਵਿੱਚ ਸਰਟੀਫਿਕੇਟ ਪ੍ਰੋਗਰਾਮ ਨੂੰ ਡੇਅਰੀ ਕਾਰੋਬਾਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਵਿਕਸਤ ਕਰਨ ਲਈ ਗਡਵਾਸੂ ਯੂਨੀਵਰਸਿਟੀ ਅਤੇ ਮੂਫਾਰਮ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ ਹੈ, ਜਿਸ ਨਾਲ ਡੇਅਰੀ ਉਦਯੋਗ ਲਈ ਨੌਜਵਾਨਾਂ ਨੂੰ ਲੋੜੀਂਦਾ ਗਿਆਨ ਤੇ ਹੁਨਰ ਸਿਖਲਾਈ ਪ੍ਰਦਾਨ ਕੀਤੀ ਜਾ ਸਕਦੀ ਹੈ। ਪਾਠਕ੍ਰਮ ਮੁੱਖ ਵਿਸ਼ਿਆਂ ਡੇਅਰੀ ਅਰਥ ਸ਼ਾਸਤਰ, ਸਟੇਕਹੋਲਡਰ ਪ੍ਰਬੰਧਨ, ਮਾਲੀਆ ਵਾਧਾ ਤੇ ਕਾਰੋਬਾਰੀ ਵਿਕਾਸ ਨੂੰ ਕਿਸਾਨਾਂ ਨੂੰ ਲਾਭਦਾਇਕ ਬਣਾਉਣ 'ਤੇ ਕੇਂਦਰਿਤ ਕਰੇਗਾ। ਇਸ ਕੋਰਸ ਲਈ ਹੋਰ ਜਾਣਕਾਰੀ ਲੈਣ ਲਈ ਤੁਸੀਂ ਮੂਫਾਰਮ ਟੋਲ ਫਰੀ ਨੰਬਰ 1800 123 7978 'ਤੇ ਕਾਲ ਕਰ ਸਕਦੇ ਹੋ।

## ਉਪ ਚੋਣ ਜਿੱਤਣ ਦੀ ਖ਼ੁਸ਼ੀ 'ਚ ਵਿਧਾਇਕ ਦੇਵ ਮਾਨ ਨੇ ਵੰਡੇ ਲੱਡੂ, ਭੰਗੜੇ ਪਾ ਕੇ ਮਨਾਇਆ ਜਸ਼ਨ



**ਨਾਭਾ (ਵਰਿੰਦਰ ਵਰਮਾ)**-ਜਲੰਧਰ ਵਿੱਚ ਹੋਈ ਲੋਕ ਸਭਾ ਦੀ ਉਪ ਚੋਣ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਵੱਡੀ ਲੀਡ ਨਾਲ ਜਿੱਤਣ ਦੀ ਖੁਸ਼ੀ ਵਿੱਚ ਆਮ ਆਦਮੀ ਪਾਰਟੀ ਦੇ ਦਫਤਰ ਨਾਭਾ ਵਿਖੇ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਵੱਲੋਂ ਲੱਡੂ ਵੰਡੇ ਗਏ ਅਤੇ ਭੰਗੜੇ ਪਾ ਕੇ ਜਸ਼ਨ ਮਨਾਇਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਅਸੀ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਦੇ ਸਾਰੇ ਲੋਕਾਂ ਨੂੰ ਮੁਬਾਰਕਬਾਦ ਦਿੰਦੇ ਹਾਂ ਅਤੇ ਜਲੰਧਰ ਦੇ ਵੋਟਰਾਂ ਦਾ ਆਮ ਆਦਮੀ ਪਾਰਟੀ ਨੂੰ ਵੋਟ ਦੇਣ ਲਈ ਧੰਨਵਾਦ ਕਰਦੇ ਹਾਂ। ਇਸ ਮੌਕੇ ਹਲਕਾ ਨਾਭਾ ਦੇ ਵਰਕਰ ਵੱਡੀ ਗਿਣਤੀ ਵਿੱਚ ਪੁਹੰਚ ਕੇ ਵਿਧਾਇਕ ਦੇਵਮਾਨ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਸੀਨੀਅਰ ਆਮ ਆਦਮੀ ਪਾਰਟੀ ਆਗੂਆਂ ਤੇ ਉਘੇ ਵਾਤਾਵਰਨ ਪ੍ਰੇਮੀ ਗੁਲਾਬ ਮਾਨ, ਤੇਜਿੰਦਰ ਸਿੰਘ ਖਹਿਰਾ, ਮਨਪ੍ਰੀਤ ਸਿੰਘ ਧਾਰੋਂਕੀ, ਅਮਨਦੀਪ ਸਿੰਘ ਰਹਿਲ ਪ੍ਰਧਾਨ ਟਰੱਕ ਯੂਨੀਅਨ ਨਾਭਾ, ਮਨਪ੍ਰੀਤ ਸਿੰਘ ਕਾਲੀਆ, ਗੁਰਪ੍ਰੀਤ ਸਿੰਘ ਗੋਪੀ, ਆਮ ਆਦਮੀ ਪਾਰਟੀ ਵਪਾਰ ਮੰਡਲ ਪ੍ਰਧਾਨਾਂ ਰਮਨ ਜਿੰਦਲ ਭੋਲਾ, ਸਾਬਕਾ ਪ੍ਰਧਾਨ ਦਵਿੰਦਰ ਸਿੰਘ ਕੁਲਾਰਾਂ, ਭਗਵੰਤ ਸਿੰਘ ਢੀਂਡਸਾ, ਸਹਿਰੀ ਯੂਥ ਪ੍ਰਧਾਨ ਸੰਦੀਪ ਸ਼ਰਮਾ, ਕੌਂਸਲਰ ਹਰਪ੍ਰੀਤ ਸਿੰਘ, ਵੇਦ ਚੰਦ ਮੰਡੌਰ, ਕੁਲਦੀਪ ਸਿੰਘ ਮੱਲੇਵਾਲ, ਡਾ. ਸੰਧੂ, ਵਿੱਕੀ ਭਾਦਸੋਂ, ਲੱਖੀ ਭਾਦਸੋਂ, ਬਲਵਿੰਦਰ ਸਿੰਘ ਤੇ ਵੱਡੀ ਗਿਣਤੀ ਅਹੁਦੇਦਾਰ ਮੌਜੂਦ ਸਨ।

## ਪੈਰਾ-ਮੈਡੀਕਲ ਸਾਇੰਸਜ਼ ਨੇ ਮਨਾਇਆ ਅੰਤਰਰਾਸ਼ਟਰੀ ਨਰਸ ਦਿਵਸ

**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮਾਤਾ ਜਰਨੈਲ ਕੌਰ ਮੈਮੋਰੀਅਲ ਇੰਸਟੀਚਿਊਟ ਆਫ ਨਰਸਿੰਗ ਐਂਡ ਪੈਰਾਮੈਡੀਕਲ ਸਾਇੰਸਿਜ਼ ਵੱਲੋਂ ਡਾ. ਜੋਰਾ ਸਿੰਘ , ਦੇਸ਼ ਭਗਤ ਯੂਨੀਵਰਸਿਟੀ ਅਤੇ ਤੇਜਿੰਦਰ ਕੌਰ, ਸੁਚੱਜੀ ਅਗਵਾਈ ਹੇਠ ਅੰਤਰਰਾਸ਼ਟਰੀ ਨਰਸ ਦਿਵਸ ਮਨਾਇਆ ਗਿਆ। ਇਸ ਮੌਕੇ ਡਾ. ਅਜੀਤਪਾਲ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਵਿਦਿਆਰਥੀਆਂ ਨੇ ਪੋਸਟਰ ਮੇਕਿੰਗ, ਮਹਿੰਦੀ ਮੁਕਾਬਲੇ ਅਤੇ ਫੈਂਸੀ ਡਰੈੱਸ ਵਿੱਚ ਭਾਗ ਲਿਆ। ਵਿਦਿਆਰਥੀਆਂ ਨੇ ਖੂਬਸੂਰਤ ਡਾਂਸ ਅਤੇ ਗੀਤ ਪੇਸ਼ ਕੀਤੇ। ਜੇਤੂ ਵਿਦਿਆਰਥੀਆਂ ਨੂੰ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ। ਇਸ ਸਮੇਂ ਡਾ. ਅਜੀਤਪਾਲ ਸਿੰਘ ਦੀਆਂ ਪੁਸਤਕਾਂ "ਸਧਰਾਂ ਭਰਿਆ ਸੰਦੂਕ" ਅਤੇ "ਹਰਫਾਂ ਵਿਚਲੀ ਖਾਮੋਸ਼ੀ" ਦਾ ਪ੍ਰਚਾਰ ਕੀਤਾ ਗਿਆ। ਮੁੱਖ ਮਹਿਮਾਨ ਨੇ ਫਲੋਰੈਂਸ ਨਾਈਟਿੰਗੇਲ ਨੂੰ ਆਪਣੀ ਸ਼ਰਧਾਂਜਲੀ ਦਿੱਤੀ। ਮੁੱਖ ਮਹਿਮਾਨ ਨੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀਆਂ ਆਈਟਮਾਂ ਦੀ ਸ਼ਲਾਘਾ ਕੀਤੀ ਅਤੇ ਭਵਿੱਖ ਵਿੱਚ ਅਜਿਹਾ ਕਰਨ ਲਈ ਪ੍ਰੇਰਿਤ ਕੀਤਾ। ਕਾਲਜ ਦੇ ਸੁਪਰਡੈਂਟ ਮੇਜਰ ਚੰਦ ਨੇ ਆਪਣੇ ਭਾਸ਼ਣ ਵਿੱਚ ਨਰਸਿੰਗ ਦੇ ਨੋਬਲ ਪ੍ਰੋਫੈਸ਼ਨ ਨੂੰ ਸੈਲਿਊਟ ਕੀਤਾ। ਇਸ ਸਮੇਂ ਸੰਜਨਾ ਨਾਰੰਗ ਪ੍ਰਿੰਸੀਪਲ ਅਤੇ ਪਰਮਪ੍ਰੀਤ ਕੌਰ, ਵਾਈਸ ਪ੍ਰਿੰਸੀਪਲ, ਦੇਸ਼ ਭਗਤ ਗਲੋਬਲ ਸਕੂਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸਮੇਂ ਦਿਲਬਾਗ ਸਿੰਘ ਸੁਪਰਵਾਈਜ਼ਰ ਅਤੇ ਨਵਦੀਪ ਸਿੰਘ ਰੱਖੜਾ ਲੇਖਾਕਾਰ ਹਾਜ਼ਰ ਸਨ।




## ਰਿੰਕੂ ਦੀ ਜਿੱਤ 'ਤੇ 'ਆਪ' ਆਗੂਆਂ ਤੇ ਵਰਕਰਾਂ ਲੱਡੂ ਵੰਡੇ



**ਮੱਖੂ (ਰਛਪਾਲ ਸਿੰਘ ਸੰਧੂ)**-ਲੋਕ ਸਭਾ ਹਲਕਾ ਜਲੰਧਰ 'ਚ ਹੋਈ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੀ ਸ਼ਾਨਦਾਰ ਵੋਟਾਂ ਨਾਲ ਹੋਈ ਜਿੱਤ ਦੀ ਖ਼ੁਸ਼ੀ ਵਿੱਚ ਵਿਧਾਨ ਸਭਾ ਹਲਕਾ ਜ਼ੀਰਾ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਵੱਲੋਂ ਦਾਨਾ ਮੰਡੀ ਮੱਖੂ ਵਿਖੇ ਆੜ੍ਹਤੀਆਂ ਵੱਲੋਂ ਲੱਡੂ ਵੰਡ ਕੇ ਖ਼ੁਸ਼ੀ ਦਾ ਇਜ਼ਹਾਰ ਕੀਤਾ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ ਨੇ ਕਿਹਾ ਕਿ ਸੁਸ਼ੀਲ ਕੁਮਾਰ ਰਿੰਕੂ ਦੀ ਸ਼ਾਨਦਾਰ ਵੋਟਾਂ ਨਾਲ ਜਿੱਤ ਨੇ ਸਾਬਤ ਕਰ ਦਿੱਤਾ ਹੈ ਕਿ ਲੋਕ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪੂਰੀ ਤਰ੍ਹਾਂ ਖੁਸ਼ ਹਨ। ਜਿਸ ਤਰ੍ਹਾਂ ਪੰਜਾਬ ਵਾਸੀਆਂ ਨੇ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਹੈ ਉਸੇ ਤਰ੍ਹਾਂ ਹੀ ਸਾਲ 2024 ਵਿਚ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਸਮੁੱਚੇ ਦੇਸ਼ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣਗੇ। ਇਸ ਮੌਕੇ ਨਰਿੰਦਰ ਕਟਾਰੀਆ ਨਾਲ ਰਜੀਵ ਠੁਕਰਾਲ ਲੱਕੀ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਮੱਖੂ, ਪ੍ਰਸ਼ਾਂਤ ਕਟਾਰੀਆ, ਪਵਨ ਕਟਾਰੀਆ, ਰਿਸ਼ੂ ਖੁਰਾਣਾ, ਪ੍ਰਦੀਪ ਕੱਕੜ, ਬਲਵਿੰਦਰ ਸਿੰਘ ਕਟਾਰੀਆ, ਲਖਵੀਰ ਸਿੰਘ ਸੱਧਰਵਾਲਾ, ਆਸੂ ਧਵਨ, ਗੌਰਵ ਮਦਾਨ, ਨਰੇਸ਼ ਮੋਂਗਾ, ਪ੍ਰਦੀਪ ਧਵਨ, ਗੁਰਮੀਤ ਸਿੰਘ ਰਸੂਲਪੁਰ, ਨਿਸ਼ਾਨ ਸਿੰਘ ਅਮੀਵਾਲਾ, ਅਸਵਨੀ, ਥੋਮਸ, ਰੋਹਿਤ ਆਦਿ ਹਾਜ਼ਰ ਸਨ।

## ਗੁਰਪ੍ਰੀਤ ਹੋਲੀ ਹਾਰਟ ਪਬਲਿਕ ਸਕੂਲ ਦੇ ਦਸਵੀਂ ਤੇ ਬਾਰ੍ਹਵੀਂ ਦੇ ਨਤੀਜੇ ਸ਼ਾਨਦਾਰ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਨਾਮਵਰ ਵਿੱਦਿਅਕ ਸੰਸਥਾ ਗੁਰਪ੍ਰੀਤ ਹੋਲੀ ਹਾਰਟ ਪਬਲਿਕ ਸਕੂਲ, ਮਹਿਲ ਕਲਾਂ ਦੇ ਵਿਦਿਆਰਥੀਆਂ ਨੇ ਸੀ.ਬੀ.ਐੱਸ.ਈ ਦੁਆਰਾ ਐਲਾਨੇ ਗਏ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਨਤੀਜਿਆਂ ਵਿੱਚ ਇੱਕ ਵਾਰ ਫਿਰ ਤੋਂ ਸ਼ਾਨਦਾਰ ਅੰਕ ਪ੍ਰਾਪਤ ਕੀਤੇ ਹਨ। ਸਕੂਲ ਦੇ 153 ਵਿਦਿਆਰਥੀਆਂ ਨੇ ਇਸ ਸਾਲ ਬਾਰ੍ਹਵੀਂ ਜਮਾਤ ਅਤੇ 110 ਵਿਦਿਆਰਥੀਆਂ ਨੇ ਦਸਵੀਂ ਬੋਰਡ ਦੀ ਪ੍ਰੀਖਿਆ ਦਿੱਤੀ ਸੀ, ਜਿਨ੍ਹਾਂ ਚੋਂ ਬਾਰ੍ਹਵੀਂ ਜਮਾਤ ਵਿੱਚ ਕਾਮਰਸ ਸਟਰੀਮ ਵਿੱਚੋਂ ਰਮਨਦੀਪ ਕੌਰ ਨੇ 92.2 ਫੀਸਦੀ ਅੰਕ ਲੈ ਕੇ ਪਹਿਲਾ ਅਤੇ ਮਨਪ੍ਰੀਤ ਕੌਰ ਨੇ 91.4 ਫੀਸਦੀ ਅੰਕਾਂ ਨਾਲ ਸਕੂਲ ਵਿੱਚੋਂ ਦੂਜਾ ਸਥਾਨ ਹਾਸਲ ਕੀਤਾ। ਦਸਵੀਂ ਜਮਾਤ ਵਿੱਚੋਂ ਦਿਵਯਾਂਸ਼ ਠਾਕੁਰ ਨੇ 93.4 ਫੀਸਦੀ ਅੰਕਾਂ ਨਾਲ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸੁਸ਼ੀਲ ਗੋਇਲ, ਐਗਜ਼ੀਕਿਊਟਿਵ ਡਾਇਰੈਕਟਰ ਰਾਕੇਸ਼ ਬਾਂਸਲ ਨੇ ਸ਼ਾਨਦਾਰ ਨਤੀਜਿਆਂ ਲਈ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਉਨ੍ਹਾ ਕਿਹਾ ਕਿ ਸ਼ਾਨਦਾਰ ਨਤੀਜਾ ਦੇਣ ਲਈ ਉਨ੍ਹਾ ਨੂੰ ਆਪਣੇ ਵਿਦਿਆਰਥੀਆਂ ਤੇ ਅਧਿਆਪਕਾਂ 'ਤੇ ਮਾਣ ਹੈ। ਵਿਦਿਆਰਥੀਆਂ ਨੇ ਨਾ ਸਿਰਫ ਆਪਣੇ ਮਾਪਿਆਂ ਦਾ ਸਗੋਂ ਸਕੂਲ ਤੇ ਅਧਿਆਪਕਾਂ ਦਾ ਵੀ ਮਾਣ ਵਧਾਇਆ ਹੈ।

## ਸਰਕਾਰੀ ਸਕੂਲ ਵਿਖੇ ਨਸ਼ਿਆਂ ਖਿਲਾਫ ਜਾਗਰੂਕਤਾ ਪ੍ਰੋਗਰਾਮ


ਪ੍ਰੋਗਰਾਮ ਦੌਰਾਨ ਟੀਮ ਮੈਂਬਰਾਂ ਨੂੰ ਸਨਮਾਨਤ ਕਰਦੇ ਪ੍ਰਿੰਸੀਪੀਲ ਨਵਨੀਤ ਕੁਮਾਰ ਤੇ ਸਟਾਫ ਅਤੇ (ਹੇਠਾਂ) ਮਾਨਵ ਸੇਵਾ ਕਲਾ ਮੰਚ ਵੱਲੋਂ ਪੇਸ਼ ਨਾਟਕ ਨੂੰ ਦੇਖਦੇ ਵਿਦਿਆਰਥੀ।

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਹਿਰਾ ਮੁਹੱਬਤ ਵਿਖੇ ਗਿਆਨਦੀਪ ਵੈੱਲਫੇਅਰ ਸੁਸਾਇਟੀ ਬਠਿੰਡਾ ਵੱਲੋਂ ਪ੍ਰੋਜੈਕਟ ਅਧੀਨ ਸਮਾਜਿਕ ਸੁਰੱਖਿਆ ਤੇ ਇਸਤਰੀ ਬਾਲ ਵਿਕਾਸ ਵਿਭਾਗ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨਸ਼ਿਆਂ ਖਿਲਾਫ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਗਿਆਨਦੀਪ ਵੈੱਲਫੇਅਰ ਸੁਸਾਇਟੀ ਦੀ ਪ੍ਰਧਾਨ ਰੈਨੂੰ ਬਾਲਾ ਤੇ ਸੋਸ਼ਲ ਵਰਕਰ ਅਮਨਦੀਪ ਕੌਰ ਨੇ ਵੀ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ। ਸਕੂਲ ਦੇ ਪ੍ਰਿੰਸੀਪਲ ਨਵਨੀਤ ਕੁਮਾਰ ਤੇ ਸਮੂਹ ਸਟਾਫ ਦੇ ਸਹਿਯੋਗ ਨਾਲ ਹੋਏ ਪ੍ਰੋਗਰਾਮ ਦੌਰਾਨ ਮਾਨਵ ਸੇਵਾ ਕਲਾ ਮੰਚ ਮਹਿਰਾਜ ਦੀ ਟੀਮ ਦੁਆਰਾ 'ਮਿੱਠਾ ਜ਼ਹਿਰ' ਨਾਟਕ ਖੇਡਿਆ ਗਿਆ। ਮਾਨਵ ਸੇਵਾ ਕਲਾ ਮੰਚ ਦੇ ਡਾਇਰੈਕਟਰ ਰਾਜਿੰਦਰ ਸਿੰਘ ਬਾਹੀਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਅਜਿਹੇ ਪ੍ਰੋਗਰਾਮ ਪਿੰਡਾਂ ਵਿੱਚ ਵੱਧ ਤੋਂ ਵੱਧ ਕਰਾਉਣੇ ਚਾਹੀਦੇ ਹਨ ਤਾਂ ਜੋ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰੱਖਿਆ ਜਾ ਸਕੇ। ਇਸ ਮੌਕੇ ਪ੍ਰਧਾਨ ਰੈਨੂੰ ਬਾਲਾ ਵੱਲੋਂ ਪ੍ਰਿੰਸੀਪਲ ਸਮੇਤ ਅਧਿਆਪਕਾਂ ਨੂੰ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਤੇ ਸਟਾਫ ਵੱਲੋਂ ਆਈ ਹੋਈ ਟੀਮ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਗੁਰਮੀਤ ਸਿੰਘ ਤੇ ਅਧਿਆਪਕ ਸਾਹਿਬਾਨ, ਕੁਲਦੀਪ ਕੁਮਾਰ, ਜਗਦੀਪ ਸਿੰਘ, ਹਰਪ੍ਰੀਤ ਸਿੰਘ, ਯੋਗੇਸ਼, ਭਿੰਦਰਪਾਲ ਕੌਰ, ਮੀਨਾ ਕੁਮਾਰੀ, ਰੀਟਾ ਰਾਣੀ, ਗੁਰਪ੍ਰੀਤ ਕੌਰ, ਬਲਜੀਤ ਕੌਰ, ਨੀਲਮ, ਚਰਨਜੀਤ ਕੌਰ, ਜਗਮੋਹਨ ਸਿੰਘ ਡੀ ਪੀ, ਗੁਰਪ੍ਰੀਤ ਸਿੰਘ ਕੰਪਿਊਟਰ ਟੀਚਰ, ਜਸਪਿੰਦਰ ਕੌਰ, ਸਿਮਰਜੀਤ ਕੌਰ, ਮੋਨਿਕਾ ਅਰੋੜਾ, ਸ਼ਿਵਾਨੀ, ਰੰਜਨਾ, ਕਿਮੀ, ਮੰਜੂ, ਸਿਮਰਜੀਤ ਕੌਰ ਵੀ.ਟੀ., ਅਮਨਦੀਪ ਕੌਰ, ਕੁਲਜੀਤ ਕੌਰ ਤੇ ਪਲਵਿੰਦਰ ਕੌਰ ਤੋਂ ਇਲਾਵਾ ਨਾਟਕ ਟੀਮ ਵਿੱਚ ਹਿੰਮਤ ਕੁਮਾਰ ਮਹਿਰਾਜ, ਜਤਿੰਦਰ ਗੋਲਡੀ, ਲੱਕੀ ਸਿਵੀਆ, ਗਗਨਦੀਪ ਕੌਰ ਸਿਵੀਆ, ਬਲਕਰਨ ਸਿਵੀਆ ਸਾਨੀਆ ਤੇ ਲਾਡੀ ਸਿਵੀਆ ਆਦਿ ਸ਼ਾਮਲ ਸਨ।

## ਸਰਕਾਰੀ ਰਣਬੀਰ ਕਾਲਜ 'ਚ ਇਨਾਮ ਵੰਡ ਸਮਾਰੋਹ



**ਸੰਗਰੂਰ (ਪ੍ਰਵੀਨ ਸਿੰਘ)**-ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਖੇ ਪ੍ਰਿੰਸੀਪਲ ਸੁਖਬੀਰ ਸਿੰਘ ਅਗਵਾਈ ਵਿੱਚ ਕਾਲਜ ਦੇ ਸੈਸ਼ਨ 2019-20 ਤੇ 2020-21 ਦੇ ਵਿਦਿਆਰਥੀਆਂ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਜਿਸ ਵਿੱਚ ਇਨ੍ਹਾਂ ਦੋਵਾਂ ਸੈਸ਼ਨਾਂ ਦੇ ਅਕਾਦਮਿਕ, ਖੇਡਾਂ, ਸੱਭਿਆਚਾਰਕ ਖੇਤਰਾਂ ਅਤੇ ਵੱਖ-ਵੱਖ ਕੋ-ਕਰੀਕੁਲਰ ਗਤੀਵਿਧੀਆਂ ਵਿੱਚ ਮੱਲਾਂ ਮਾਰਨ ਵਾਲੇ 167 ਵਿਦਿਆਰਥੀਆਂ ਨੂੰ ਅਕਾਦਮਿਕ/ਰੋਲ ਆੱਫ਼ ਆਨਰਜ਼/ਕਾਲਜ ਕਲਰ ਸਰਟੀਫ਼ਿਕੇਟ ਤੇ ਮੈਡਲ/ਨਕਦ ਇਨਾਮ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ। ਇਸ ਸਾਲਾਨਾ ਇਨਾਮ ਵੰਡ ਸਮਾਰੋਹ ਵਿੱਚ ਹਲਕਾ ਸੰਗਰੂਰ ਤੋਂ ਵਿਧਾਇਕ ਨਰਿੰਦਰ ਕੌਰ ਭਰਾਜ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਡਾ. ਪਰਮਿੰਦਰ ਸਿੰਘ (ਪ੍ਰਿੰਸੀਪਲ ਸਟੇਟ ਕਾਲਜ ਆੱਫ਼ ਐਜੂਕੇਸ਼ਨ, ਪਟਿਆਲਾ) ਨੇ ਅੱਜ ਦੇ ਇਸ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ। ਸਮਾਗਮ ਦੀ ਸ਼ੁਰੂਆਤ ਵਿੱਚ ਪ੍ਰਿੰਸੀਪਲ ਸੁਖਬੀਰ ਸਿੰਘ ਨੇ ਅੱਜ ਦੇ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਨੂੰ ਜੀ ਆਇਆਂ ਆਖਿਆ ਅਤੇ ਉਨ੍ਹਾਂ ਸਨਮੁੱਖ ਕਾਲਜ ਦੇ ਦੋਵਾਂ ਸੈਸ਼ਨਾਂ ਦੀ ਸਾਲਾਨਾ ਰਿਪੋਰਟ ਪੜ੍ਹੀ। ਨਰਿੰਦਰ ਕੌਰ ਭਰਾਜ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਸਮਾਗਮ ਦੇ ਵਿਸ਼ੇਸ਼ ਮਹਿਮਾਨ ਡਾ. ਪਰਮਿੰਦਰ ਸਿੰਘ ਨੇ ਸਮੂਹ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਤੇ ਉਨ੍ਹਾਂ ਨੂੰ ਸਮਾਜ ਵਿੱਚ ਸੁਹਿਰਦਤਾ ਨਾਲ ਵਿਚਰਲ ਤੇ ਸਮਾਜ ਭਲਾਈ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿਸਾ ਲੈਣ ਲਈ ਪ੍ਰੇਰਿਤ ਕੀਤਾ। ਕਾਲਜ ਪ੍ਰਿੰਸੀਪਲ ਤੇ ਸਮੂਹ ਸਟਾਫ ਵੱਲੋਂ ਨਰਿੰਦਰ ਕੌਰ ਭਰਾਜ ਤੇ ਡਾ. ਪਰਮਿੰਦਰ ਸਿੰਘ ਨੂੰ ਵਿਸ਼ੇਸ਼ ਸਨਮਾਨ ਚਿੰਨ੍ਹ ਭੇਟ ਕੀਤੇ ਗਏ।

## ਸ਼ਹਿਰ ਨੂੰ ਸਾਫ-ਸੁਥਰਾ ਬਣਾਉਣ ਲਈ ਦੁਕਾਨਦਾਰਾਂ ਦਾ ਸਹਿਯੋਗ ਜ਼ਰੂਰੀ : ਕਾਕਾ ਬਰਾੜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਿਛਲੇ ਦਿਨਾਂ ਤੋਂ ਨਗਰ ਕੌਂਸਲ ਵਿਖੇ ਮੀਟਿੰਗ ਕਰਨ ਉਪਰੰਤ ਹਲਕਾ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਵੱਲੋਂ ਸ਼ਹਿਰ ਨੂੰ ਸਾਫ ਸੁਥਰਾ ਲਈ ਸੰਭਾਲੀ ਕਮਾਂਡ ਹੇਠ ਸ਼ੁਰੂ ਹੋਏ ਸਫਾਈ ਅਭਿਆਨ ਦੂਜੇ ਦਿਨ ਵੀ ਜਾਰੀ ਰਿਹਾ। ਇਸ ਮੌਕੇ ਟਰੱਕ ਯੂਨੀਅਨ ਦੇ ਪ੍ਰਧਾਨ ਸੁਖਜਿੰਦਰ ਸਿੰਘ ਬਬਲੂ ਬਰਾੜ, ਸ਼ਮਿੰਦਰ ਸਿੰਘ ਟਿੱਲੂ ਪ੍ਰਧਾਨ, ਜਗਜੀਤ ਸਿੰਘ, ਸੋਨੂੰ ਛਾਬੜਾ, ਬਲਵਿੰਦਰ ਗਰੋਵਰ, ਜਤਿੰਦਰ ਮਹੰਤ, ਉਪਕਾਰ ਸਿੰਘ, ਨਗਰ ਕੌਂਸਲ ਦੇ ਈ.ਓ ਰਜ਼ਨੀਸ਼ ਕੁਮਾਰ, ਸੈਨੇਟਰੀ ਇੰਸਪੈਕਟਰ ਪਰਮਜੀਤ ਸਿੰਘ, ਜੇ.ਈ ਵਿਜੈ ਕੁਮਾਰ ਸ਼ਰਮਾ ਆਦਿ ਹਾਜ਼ਰ ਸਨ।

ਇਸ ਮੌਕੇ ਹਲਕਾ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਨੇ ਆਖਿਆ ਕਿ ਇਹ ਸਫਾਈ ਅਭਿਆਨ ਤਦ ਹੀ ਕਾਮਯਾਬ ਹੁੰਦਾ ਹੈ ਜਦੋਂ ਹਰ ਇੱਕ ਇਨਸਾਨ ਇਸ 'ਚ ਯੋਗਦਾਨ ਪਾਉਂਦਾ ਹੈ।

ਉਨ੍ਹਾ ਕਿਹਾ ਕਿ ਸ਼ਹਿਰ ਨੂੰ ਸਾਫ ਸੁਥਰਾ ਰੱਖਣਾ ਆਪਣਾ ਸਾਰਿਆਂ ਦਾ ਫਰਜ਼ ਹੈ। ਉਨ੍ਹਾ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਕੂੜਾ ਸੜਕ 'ਤੇ ਨਾ ਸੁੱਟਣ ਅਤੇ ਦੁਕਾਨਾਂ ਦੇ ਬਾਹਰ ਡਸਟਬਿਨ ਲਗਾਉਣ। 'ਕਾਕਾ ਬਰਾੜ' ਨੇ ਆਖਿਆ ਕਿ ਆਉਣ ਵਾਲੇ ਦਿਨਾਂ ਵਿੱਚ ਸ਼ਹਿਰ ਨੂੰ ਹੋਰ ਸਾਫ ਸੁਥਰਾ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ। ਇਹ ਸਫਾਈ ਅਭਿਆਨ ਸ਼ੇਰ ਸਿੰਘ ਚੌਕ 'ਚੋਂ ਸ਼ੁਰੂ ਹੋ ਕੇ ਅਬੋਹਰ ਰੋਡ, ਘਾਹ ਮੰਡੀ ਚੌਕ ਤੱਕ, ਛੋਟਾ ਤਾਲਾਬ ਰੋਡ, ਗੋਨਿਆਣਾ ਰੋਡ ਦੀ ਮੇਨ ਸੜਕ ਤੇ ਗਲੀਆਂ ਦੀ ਸਫਾਈ ਕੀਤੀ ਗਈ। ਇਸ ਤੋਂ ਇਲਾਵਾ ਮਲੋਟ ਰੋਡ ਤੇ ਕੋਟਕਪੂਰਾ ਰੋਡ 'ਤੇ ਵੀ ਸਫਾਈ ਅਭਿਆਨ ਚਲਾਇਆ ਗਿਆ।

ਸਵੇਰੇ 7 ਵਜੇ ਤੋਂ ਹੀ ਹਲਕਾ ਵਿਧਾਇਕ 'ਕਾਕਾ ਬਰਾੜ' ਕਰਮਚਾਰੀਆਂ ਦੇ ਨਾਲ ਨਾਲ ਪੈਦਲ ਚੱਲ ਕੇ ਇਸ ਅਭਿਆਨ ਦੀ ਦੇਖ ਰੇਖ ਕਰ ਰਹੇ ਸਨ। ਉਨ੍ਹਾ ਸਫਾਈ ਸੇਵਕਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਉਹ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾ ਰਹੇ ਹਨ।

CMYK

## ਵਾਤਾਵਰਣ ਨੂੰ ਪਲੀਤ ਹੋਣ ਤੋਂ ਬਚਾਉਣ ਲਈ ਕਣਕ ਦੇ ਨਾੜ ਨੂੰ ਅੱਗ ਬਿਲਕੁਲ ਨਾ ਲਗਾਈ ਜਾਵੇ :ਡੀ ਸੀ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਣਕ ਦੇ ਨਾੜ ਨੂੰ ਅੱਗ ਬਿਲਕੁਲ ਨਾ ਲਗਾਉਣ। ਉਨ੍ਹਾਂ ਕਿਹਾ ਕਿ ਨਾੜ ਨੂੰ ਅੱਗ ਲਗਾਉਣ ਨਾਲ ਨਾਈਟਰੋਜਨ, ਫਾਸਫੋਰਸ ਅਤੇ ਪੋਟਾਸ਼ ਤੋਂ ਇਲਾਵਾ ਵੱਡੀ ਮਾਤਰਾ ਵਿੱਚ ਲਘੂ ਤੱਤ ਨਸ਼ਟ ਹੋ ਜਾਂਦੇ ਹਨ ਅਤੇ ਇਸ ਦੇ ਨਾਲ ਜ਼ਹਿਰੀਲੀਆਂ ਗੈਸਾਂ ਜਿਵੇਂ ਕਾਰਬਨ ਡਾਈਆਕਸਾਈਡ, ਕਾਰਬਨ ਮੋਨੋਆਕਸਾਈਡ, ਮੀਥੇਨ, ਨਾਈਟਰਸ ਆਕਸਾਈਡ ਆਦਿ ਪੈਦਾ ਹੁੰਦੀਆਂ ਹਨ, ਜਿਸ ਕਾਰਨ ਮਨੁੱਖਾਂ ਵਿੱਚ ਸਾਹ, ਅੱਖਾਂ ਵਿੱਚ ਜਲਣ ਅਤੇ ਚਮੜੀ ਦੇ ਰੋਗਾਂ ਦਾ ਖਤਰਾ ਪੈਦਾ ਹੋ ਜਾਂਦਾ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਵਿਸ਼ਵ ਪੱਧਰ ਤੇ ਆਲਮੀ ਤਪਸ਼ ਵਧਣ ਨਾਲ ਹੋ ਰਹੀਆਂ ਮੌਸਮੀ ਤਬਦੀਲੀਆਂ ਦੇ ਪ੍ਰਤੀਕੂਲ ਪ੍ਰਭਾਵ ਪਿਛਲੇ ਸਾਲਾਂ ਦੌਰਾਨ ਫਸਲਾਂ ਦੀ ਕਾਸ਼ਤ ਉੱਪਰ ਪ੍ਰਤੱਖ ਰੂਪ ਵਿੱਚ ਦੇਖਣ ਨੂੰ ਮਿਲ ਰਹੇ ਹਨ, ਜਿਸ ਦੇ ਨਤੀਜੇ ਵਜੋਂ ਬੇਮੌਸਮੀ ਬਰਸਾਤਾਂ ਨਾਲ ਅਚਨਚੇਤ ਹੜ੍ਹ ਆ ਰਹੇ ਹਨ ਅਤੇ ਦਿਨ ਦਾ ਤਾਪਮਾਨ ਵਧਣ ਕਾਰਨ ਸੋਕੇ ਵਰਗੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨਾਂ ਕਿਹਾ ਕਿ ਖੇਤੀ ਮਾਹਿਰਾਂ ਅਨੁਸਾਰ ਮੌਸਮੀ ਤਬਦੀਲੀਆਂ ਕਾਰਨ ਫਸਲਾਂ ਨੂੰ ਲੱਗਣ ਵਾਲੇ ਕੀੜਿਆਂ ਮਕੌੜਿਆਂ ਅਤੇ ਬਿਮਾਰੀਆਂ ਵਿੱਚ ਬਦਲਾਅ ਵੀ ਦੇਖਣ ਨੂੰ ਮਿਲ ਰਿਹਾ ਹੈ। ਉਨਾਂ ਕਿਹਾ ਕਿ ਭਵਿੱਖ ਵਿੱਚ ਖੇਤੀਬਾੜੀ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਵਾਤਾਵਰਣ ਪੱਖੀ ਖੇਤੀ ਤਕਨੀਕਾਂ ਨੂੰ ਤਰਜੀਹ ਦੇਣੀ ਪਵੇਗੀ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਣਕ ਦੇ ਨਾੜ ਨੂੰ ਅੱਗ ਬਿਲਕੁਲ ਨਾ ਲਗਾਉਣ ਤਾਂ ਜੋ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਕਣਕ ਦੇ ਨਾੜ ਦਾ ਵਿਗਿਆਨਿਕ ਢੰਗ ਨਾਲ ਨਿਪਟਾਰਾ ਕਰਨ ਲਈ ਕਿਸਾਨ ਖੇਤੀਬਾੜੀ ਵਿਭਾਗ ਦੇ ਮਾਹਿਰਾਂ ਨਾਲ ਸੰਪਰਕ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਕਣਕ ਦੇ ਨਾੜ ਦੀ ਅੱਗ ਨੂੰ ਰੋਕਣ ਲਈ ਖੇਤੀਬਾੜੀ ਵਿਭਾਗ ਦੇ ਨਾਲ ਹੋਰ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ਜੋ ਕਿ ਕਿਸਾਨਾਂ ਨੂੰ ਅੱਗ ਨਾ ਲਗਾਉਣ ਲਈ ਜਾਗਰੂਕ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਕਿਤੇ ਨਾੜ ਨੂੰ ਅੱਗ ਲੱਗਣ ਦਾ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਸਬੰਧਤ ਟੀਮਾਂ ਵੱਲੋਂ ਅੱਗ ਬੁਝਾਉਣ ਲਈ ਤੁਰੰਤ ਲੋੜੀਂਦੀ ਕਾਰਵਾਈ ਕੀਤੀ ਜਾਂਦੀ ਹੈ।

## ਜ਼ਰੂਰੀ ਮੁਰੰਮਤ ਕਾਰਨ ਅੱਜ ਬਿਜਲੀ ਸਪਲਾਈ ਬੰਦ ਰਹੇਗੀ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)- ਪਾਵਰਕਾਮ ਦਫਤਰ ਅਜਨਾਲਾ ਦੇ ਐਕਸੀਅਨ ਸੀਨੀਅਰ ਇੰਜੀਨੀਅਰ ਅਨੀਸ਼ਦੀਪ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਸਬਾ ਨਿਵਾਸੀਆਂ ਨੂੰ ਨਿਰਵਿਘਨ ਸਪਲਾਈ ਦੇਣ ਲਈ ਚੱਲ ਰਹੇ ਸੁਧਾਰ ਦੇ ਕੰਮ ਅਤੇ 220 ਕੇਵੀਏ ਸਬ-ਸਟੇਸ਼ਨ ਫਤਿਹਗੜ ਚੂੜੀਆਂ ਦੀ ਜ਼ਰੂਰੀ ਮੈਨਟੀਨੈਂਸ ਕਰਨ ਕਰਕੇ ਮਿਤੀ 15 ਮਈ ਨੂੰ 220 ਕੇ ਵੀ ਏ ਸਬ-ਸਟੇਸ਼ਨ ਫਤਿਹਗੜ ਚੂੜੀਆਂ ਤੋਂ ਚੱਲਦੇ 66 ਕੇਵੀਏ ਸਬ-ਸਟੇਸ਼ਨ ਰਮਦਾਸ, 66 ਕੇਵੀਏ ਸਬ-ਸਟੇਸ਼ਨ ਗੱਗੋਮਾਹਲ, 66 ਕੇ ਵੀ ਏ ਸਬ-ਸਟੇਸ਼ਨ ਡਿਆਲ ਭੜੰਗ, 66 ਕੇਵੀਏ ਸਬ-ਸਟੇਸ਼ਨ ਅਜਨਾਲਾ, 66 ਕੇ ਵੀ ਏ ਸਬ-ਸਟੇਸ਼ਨ ਚੱਕ ਡੋਗਰਾ, 66 ਕੇਵੀਏ ਸਬ-ਸਟੇਸ਼ਨ ਝੰਡੇਰ, 66 ਕੇਵੀਏ ਸਬ-ਸਟੇਸ਼ਨ ਜਗਦੇਵ ਕਲਾਂ, 66 ਕੇਵੀਏ ਸਬ-ਸਟੇਸ਼ਨ ਸੋਹੀਆਂ, ਅਤੇ ਨਾਲ ਹੀ 220 ਕੇਵੀਏ ਤੋਂ ਚੱਲਦੇ ਫੀਡਰ ਯੂਪੀਐੱਸ ਤਲਵੰਡੀ ਨਾਹਰ, ਕੋਟਲਾ ਸਦਰ ਏ ਪੀ, ਸੁਧਾਰ ਏ ਪੀ ਵਾਲੇ ਏਰੀਏ ਦੀ ਬਿਜਲੀ ਸਪਲਾਈ ਸਵੇਰੇ 10:00 ਵਜੇ ਤੋਂ ਸ਼ਾਮ 05:00 ਵਜੇ ਤੱਕ ਬੰਦ ਰਹੇਗੀ।

## ਤੇਰਾਂ ਮਹੀਨਿਆਂ 'ਚ 13 ਫੁੱਟ ਲੰਮੀ ਸੜਕ ਨਹੀਂ ਬਣੀ : ਧਾਰੀਵਾਲ



ਪੱਟੀ (ਬਲਦੇਵ ਸਿੰਘ ਕਿਰਤੋਵਾਲ/ਸ਼ਮਸ਼ੇਰ ਸਿੰਘ ਯੋਧਾ)-ਸੂਬੇ ਦੀ ਅਗਵਾਈ ਵਾਲੀ ਆਪ ਸਰਕਾਰ ਨਸ਼ਿਆਂ, ਭਰਿਸ਼ਟਾਚਾਰ, ਕਾਨੂੰਨ ਵਿਵਸਥਾ, ਨਵੀਆਂ ਸੜਕਾਂ ਤੇ ਸੜਕਾਂ ਦੀ ਰਿਪੇਅਰ ਕਰਨ 'ਚ ਸਰਕਾਰ ਪੂਰੀ ਤਰ੍ਹਾਂ ਨਾਲ ਫੇਲ ਹੈ। ਟਰਾਂਸਪੋਰਟ ਮੰਤਰੀ ਆਪਣੇ ਹਲਕੇ 'ਚ ਤੇਰਾਂ ਮਹੀਨਿਆਂ 'ਚ 13 ਫੁੱਟ ਸੜਕ ਰਿਪੇਅਰ ਨਹੀਂ ਕਰਵਾ ਸਕੇ। ਨਵੀਆਂ ਸੜਕਾਂ ਬਣਾਉਣੀਆਂ ਬੜੀ ਦੂਰ ਦੀ ਗੱਲ ਹੈ।ਆਪ ਸਰਕਾਰ ਵੱਲੋਂ ਭਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੇਣ ਦੇ ਦਾਅਵੇ ਖੋਖਲੇ ਸਾਬਤ ਹੋਏ ਹਨ। ਪੱਟੀ ਹਲਕੇ ਦੇ ਸਰਕਾਰੀ ਦਫਤਰਾਂ 'ਚ ਰਿਸ਼ਵਤ ਤੋਂ ਬਗੈਰ ਸਰਕਾਰੀ ਬਾਬੂ ਡੱਕਾ ਭੰਨ ਕੇ ਦੂਹਰਾ ਨਹੀਂ ਕਰਦੇ। ਨਸ਼ਿਆਂ ਕਾਰਨ ਬੁੱਢੇ ਮਾਪੇ ਨੌਜਵਾਨਾਂ ਦੀਆਂ ਲਾਸ਼ਾਂ ਚੁੱਕਣ ਲਈ ਮਜਬੂਰ ਹਨ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਪੱਟੀ ਦੀ ਕੋਰ ਕਮੇਟੀ ਦੀ ਮੀਟਿੰਗ ਗੁਰਭੇਜ ਸਿੰਘ ਧਾਰੀਵਾਲ ਦੇ ਗ੍ਰਿਹ ਵਿਖੇ ਹੋਈ। ਮੀਟਿੰਗ ਵਿੱਚ ਐਸਡੀਐਮ ਦਫਤਰ ਪੱਟੀ ਵਿਖੇ ਬੀਤੇ 9 ਮਹੀਨਿਆਂ ਤੋਂ ਚੱਲ ਰਹੇ ਧਰਨੇ 'ਤੇ ਅਹਿਮ ਵਿਚਾਰਾਂ ਹੋਈਆਂ। ਭੱਗੂਪੁਰ ਤੋਂ ਪੱਟੀ ਰੋਡ ਅਤੇ ਸੀਤੋ ਨੌ ਅਬਾਦ ਰੋਹੀ ਸਬੰਧੀ ਲਾਲਜੀਤ ਸਿੰਘ ਭੁੱਲਰ ਟਰਾਂਸਪੋਰਟ ਮੰਤਰੀ ਪੰਜਾਬ ਨਾਲ ਕਈ ਗੇੜ ਦੀਆਂ ਮੀਟਿੰਗਾਂ ਬੇਸਿੱਟਾ ਰਹੀਆਂ। ਕਿਸਾਨ ਆਗੂਆਂ ਨੇ ਜ਼ਿਲ੍ਹਾ ਕੋਰ ਕਮੇਟੀ ਨਾਲ 9 ਮਹੀਨਿਆਂ ਤੋਂ ਚੱਲ ਰਹੇ ਧਰਨੇ ਤੇ ਗੱਲਬਾਤ ਕੀਤੀ ਗਈ। ਜ਼ਿਲ੍ਹੇ ਅਤੇ ਪੱਟੀ ਜ਼ੋਨ ਵੱਲੋਂ ਆਪਸੀ ਤਾਲਮੇਲ ਕਰਕੇ ਹਲਕੇ ਦਾ ਵਿਕਾਸ ਨਾ ਹੋਣ ਦੇ ਵਿਰੋਧ ਵਿੱਚ ਆਉਣ ਵਾਲੇ ਸਮੇਂ ਵਿੱਚ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ ਜਿਸ ਲਈ ਜ਼ੁੰਮੇਵਾਰ ਪੱਟੀ ਤੋਂ ਵਿਧਾਇਕ ਤੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਤੇ ਪੰਜਾਬ ਸਰਕਾਰ ਹੋਵੇਗੀ। ਆਗੂਆਂ ਨੇ ਦੱਸਿਆ ਕਿ ਹਲਕੇ ਅੰਦਰ ਕਾਨੂੰਨ ਵਿਵਸਥਾ ਜਿਵੇ ਖੰਭ ਲਾ ਕੇ ਉੱਡ ਗਈ। ਚਿੱਟੇ ਦਿਨ ਗੁੰਡਾ ਅਨਸਰਾਂ ਵੱਲੋਂ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਰਿਹਾ। ਕਿਸਾਨਾਂ ਦੀਆਂ ਮੋਟਰਾਂ ਦੀਆਂ ਤਾਰਾਂ ਚੋਰੀ ਕਰਨ ਦਾ ਸਿਲਸਿਲਾ ਵੀ ਲਗਾਤਾਰ ਜਾਰੀ। ਪੁਲਿਸ ਪ੍ਰਸ਼ਾਸਨ ਵਾਰਦਾਤਾਂ ਨੂੰ ਕੰਟਰੋਲ ਕਰਨ 'ਚ ਨਾਕਾਮ ਹੈ। ਇਸ ਸਮੇਂ ਸਕੱਤਰ ਸਵਰਨ ਸਿੰਘ ਹਰੀਕੇ, ਜ਼ਿਲਾ ਆਗੂ ਤਰਸੇਮ ਸਿੰਘ ਧਾਰੀਵਾਲ. ਨਿਸ਼ਾਨ ਸਿੰਘ ਪੱਟੀ, ਹਰਜਿੰਦਰ ਸਿੰਘ ਪੱਟੀ, ਗੁਰਜੰਟ ਸਿੰਘ ਭੱਗੂਪੁਰ, ਰੂਪ ਸਿੰਘ ਸੈਦੋ, ਚਾਨਣ ਸਿੰਘ ਬੰਗਲਾ ਰਾਏ, ਹਰਿੰਦਰ ਸਿੰਘ ਆਸਲ, ਸੁਖਬੀਰ ਸਿੰਘ ਢਿੱਲੋਂ ਅਤੇ ਸਤਨਾਮ ਸਿੰਘ ਆਦਿ ਆਗੂ ਹਾਜ਼ਰ ਸਨ।

## ਮਾਂ ਦਾ ਦਰਜਾ ਸੰਸਾਰ 'ਚ ਸਭ ਤੋਂ ਵੱਡਾ: ਪ੍ਰਿੰ. ਸੰਗੀਤਾ



ਡੇਰਾ ਬਾਬਾ ਨਾਨਕ (ਰਮੇਸ ਸ਼ਰਮਾ)-ਸੰਤ ਫਰਾਂਸਿਸ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਡੇਰਾ ਬਾਬਾ ਨਾਨਕ ਵਿੱਚ ਮਾਂ ਦਿਵਸ ਮਨਾਇਆ ਗਿਆ ਜਿਸ ਵਿੱਚ ਸਕੂਲ ਦੀਆਂ ਮਹਿਲਾ ਅਧਿਆਪਕਾਵਾਂ ਨੂੰ ਸਕੂਲ ਦੀ ਪ੍ਰਿੰਸੀਪਲ ਸਿਸਟਰ ਸੰਗੀਤਾ ਵੱਲੋਂ ਸਿਰੋਪਾਓ ਅਤੇ ਫੁੱਲ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਪ੍ਰਿੰਸੀਪਲ ਵੱਲੋਂ ਸਾਰੇ ਮਹਿਲਾਂ ਅਧਿਆਪਕਾ ਨੂੰ ਇਸ ਖਾਸ ਖੁਸ਼ੀ ਦੇ ਦਿਨ ਤੇ ਵਧਾਈ ਦਿੰਦਿਆਂ ਕਿਹਾ ਕਿ ਇੱਕ ਮਾਂ ਦਾ ਦਰਜਾ ਸੰਸਾਰ ਵਿੱਚ ਸਭ ਤੋ ਵੱਡਾ ਦਰਜਾ ਹੈ , ਕਿਉਂਕਿ ਜਿੰਨੇ ਵੀ ਗੁਰੂ ਅਤੇ ਪੀਰ ਪੈਗੰਬਰ ਇਸ ਸੰਸਾਰ ਵਿੱਚ ਪੈਦਾ ਹੋਏ ਹਨ ਇਹ ਸਭ ਮਾਵਾਂ ਦੀ ਕੁੱਖੋਂ ਪੈਦਾ ਹੋਏ ਹਨ। ਰੱਬ ਦਾ ਦੂਜਾ ਨਾਮ ਮਾਂ ਹੈ। ਉਨ੍ਹਾਂ ਸਾਰੇ ਬੱਚਿਆਂ ਨੂੰ ਵੀ ਇਹ ਸੁਨੇਹਾ ਦਿੰਦੇ ਹੋਏ ਕਿਹਾ ਕਿ ਆਪਣੀਆਂ ਮਾਵਾਂ ਨਾਲ ਪਿਆਰ ਕਰੋ ਅਤੇ ਸਾਨੂੰ ਉਨ੍ਹਾਂ ਦੇ ਕਹਿਣੇ ਅਨੁਸਾਰ ਚਲਣਾ ਚਾਹੀਦਾ ਹੈ। ਇਸ ਮੌਕੇ ਸਿਸਟਰ ਪ੍ਰਿੰਸੀਪਲ ਸੰਗੀਤਾ, ਸਿਸਟਰ ਜਯਾ, ਸਿਸਟਰ ਅੰਜੂ ਰੋਜ਼ ਅਤੇ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ ।

## ਕਵੀਸ਼ਰ ਭਾਈ ਗੁਰਦੀਪ ਸਿੰਘ ਵਿਛੋੜਾ ਨੂੰ ਆਰਥਿਕ ਸਹਾਇਤਾ ਭੇਟ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)—ਪਿਛਲੇ 2 ਸਾਲਾਂ ਤੋਂ ਬਿਮਾਰ ਗੁਰੂ ਘਰ ਦੇ ਕਵੀਸ਼ਰ ਭਾਈ ਗੁਰਦੀਪ ਸਿੰਘ ਵਿਛੋੜਾ ਨੂੰ ਭਾਈ ਨੰਦ ਲਾਲ ਜੀ ਸਭਾ ਵਲੋਂ 6 ਹਜ਼ਾਰ ਰੁਪਏ ਭੇਟ ਕੀਤੇ ਗਏ। ਇਸ ਸਬੰਧੀ ਪੱਤਰਕਾਰਾਂ ਨਾਲ ਜਾਣਕਾਰੀ ਸਭਾ ਪ੍ਰਧਾਨ ਭਾਈ ਬਲਵੰਤ ਸਿੰਘ ਸੋਹਲ ਨੇ ਸਾਂਝੀ ਕੀਤੀ। ਉਨ੍ਹਾਂ ਨੇ ਦੱਸਿਆ ਕਿ ਭਾਈ ਸਾਹਿਬ ਬਹੁਤ ਲੰਬੇ ਸਮੇਂ ਤੋਂ ਗੁਰੂ ਸਾਹਿਬ ਦੇ ਇਤਿਹਾਸ ਨਾਲ ਸੰਗਤਾਂ ਨੂੰ ਨਿਹਾਲ ਕਰਦੇ ਰਹੇ ਪਰ ਕਿਸੇ ਸਿੱਖ ਜਥੇਬੰਦੀ ਨੇ ਭਾਈ ਸਾਹਿਬ ਨੂੰ ਕੋਈ ਮਦਦ ਨਹੀਂ ਕੀਤੀ। ਉਨ੍ਹਾਂ ਆਪਣੀ ਸਭਾ ਵੱਲੋਂ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਜਾਂ ਸਿੱਖ ਜਥੇਬੰਦੀਆਂ ਵੱਲੋਂ ਭਾਈ ਸਾਹਿਬ ਦੀ ਮਦਦ ਕਰਨ ਦੀ ਮੰਗ ਕੀਤੀ ਹੈ। ਇਸ ਮੌਕੇ ਇਨਾਂ ਇਲਾਵਾ ਭਾਈ ਬਗੀਚਾ ਸਿੰਘ ਖਜਾਨਚੀ, ਕਵੀਸ਼ਰ ਭਾਈ ਸੁਲਤਾਨ ਸਿੰਘ ਪੰਧੇਰ, ਭਾਈ ਹਰਜਿੰਦਰ ਸਿੰਘ ਪੰਧੇਰ, ਭਾਈ ਸਰਵਣ ਸਿੰਘ ਆਜ਼ਾਦ, ਭਾਈ ਕਸ਼ਮੀਰ ਸਿੰਘ ਰਡਾਲਾ, ਭਾਈ ਸਵੰਰਨ ਸਿੰਘ ਬੂਹ, ਭਾਈ ਨਰਿੰਜਨ ਸਿੰਘ ਬੋਪਾਰਾਏ, ਭਾਈ ਜਸਵਿੰਦਰ ਸਿੰਘ ਗੱਦਲੀ, ਭਾਈ ਅਮਰ ਸਿੰਘ ਚਾਟੀਵਿੰਡ ਲੇਹਲ, ਭਾਈ ਨਰਿੰਦਰ ਸਿੰਘ ਡੱਡੀਆਂ, ਭਾਈ ਗੁਰਜੰਟ ਸਿੰਘ ਬਾਲੀਆਂ, ਭਾਈ ਸਕੱਤਰ ਭਡੋਰੀ, ਭਾਈ ਗੁਰਜਿੰਦਰ ਸਿੰਘ ਜੋਬਨ ਝਬਾਲ, ਭਾਈ ਸੁਰਜੀਤ ਸਿੰਘ ਮੱਲ੍ਹੀ ਅਤੇ ਭਾਈ ਸੂਬੇਗ ਸਿੰਘ ਰਟੌਲ ਆਦਿ ਹਾਜਰ ਰਹੇ।



## ਅਕਾਲ ਅਕੈਡਮੀ ਤਿੱਬੜ ਦਾ ਦਸਵੀਂ/ਬਾਰ੍ਹਵੀਂ ਦਾ ਨਤੀਜਾ ਸ਼ਾਨਦਾਰ ਰਿਹਾ



ਧਾਰੀਵਾਲ (ਤਿੱਬੜ), (ਮਨਦੀਪ ਸਿੰਘ ਵਿੱਕੀ)- ਸੀ.ਬੀ.ਐਸ.ਈ. ਬੋਰਡ ਵੱਲੋਂ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਐਲਾਨੇ ਗਏ ਨਤੀਜਿਆਂ ਵਿੱਚ ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਸੰਚਾਲਿਤ ਅਕਾਲ ਅਕੈਡਮੀ ਤਿੱਬੜ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸ਼ਾਨਦਾਰ ਨਤੀਜੇ ਤੇ ਅਕਾਲ ਅਕੈਡਮੀ ਤਿੱਬੜ ਦੇ ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਦੱਸਿਆ ਕਿ ਇਨ੍ਹਾਂ ਨਤੀਜਿਆਂ ਵਿੱਚ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਸਾਰੇ ਬੱਚੇ ਚੰਗੇ ਨੰਬਰ ਲੈ ਕੇ ਪਾਸ ਹੋਏ ਹਨ। ਉਨ੍ਹਾਂ ਦੱਸਿਆ ਕਿ ਦਸਵੀਂ ਜਮਾਤ ਦੇ ਵਿਦਿਆਰਥੀ ਪਰਮਪ੍ਰੀਤ ਕੌਰ 96% ਅੰਕ ਹਾਸਿਲ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ (ਜ਼ਿਲ੍ਹੇ 'ਚੋਂ ਦੂਸਰਾ ਸਥਾਨ), ਮਨਜੋਤ ਸਿੰਘ 95% ਅੰਕ ਹਾਸਿਲ ਕਰਕੇ ਦੂਸਰਾ ਸਥਾਨ ਅਤੇ ਜਸਲੀਨ ਕੌਰ ਨੇ 95% ਅੰਕ ਹਾਸਿਲ ਕਰਕੇ ਤੀਸਰਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਬਾਰ੍ਹਵੀਂ ਜਮਾਤ ਵਿੱਚੋਂ ਮੈਡੀਕਲ ਗਰੁੱਪ ਦੀ ਵਿਦਿਆਰਥਣ ਸਿਮਰਨਜੋਤ ਕੌਰ 93.2% ਅੰਕ ਹਾਸਿਲ ਕਰਕੇ ਪਹਿਲਾ ਸਥਾਨ, ਕਾਮਰਸ ਗਰੁੱਪ ਵਿੱਚੋਂ ਅਮਨਪ੍ਰੀਤ ਕੌਰ ਨੇ 92.8% ਅੰਕ ਹਾਸਿਲ ਕਰਕੇ ਦੂਸਰਾ ਸਥਾਨ ਅਤੇ ਆਰਟਸ ਗਰੁੱਪ ਵਿੱਚੋਂ ਹਰਨੂਰ ਸਿੰਘ ਨੇ 82.2% ਅੰਕ ਹਾਸਿਲ ਕਰਕੇ ਤੀਸਰਾ ਸਥਾਨ ਹਾਸਿਲ ਕਰਕੇ ਆਪਣੀ ਸੰਸਥਾ ਅਤੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ ਹੈ। ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਇਨ੍ਹਾਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਵਾਲੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਭਵਿੱਖ ਵਿੱਚ ਹੋਰ ਵੀ ਬੁਲੰਦੀਆਂ ਛੂਹਣ ਦਾ ਅਸ਼ੀਰਵਾਦ ਦਿੱਤਾ ਅਤੇ ਹੋਰ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਇਸ ਚੰਗੇ ਨਤੀਜੇ ਲਈ ਵਿਦਿਆਰਥੀਆਂ ਦੀ ਸਖਤ ਮਿਹਨਤ, ਮਾਪਿਆਂ ਅਤੇ ਅਧਿਆਪਕਾਂ ਦੇ ਭਰਪੂਰ ਸਹਿਯੋਗ ਦੀ ਸ਼ਲਾਘਾ ਕੀਤੀ। ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਕਿਹਾ ਕਿ ਇਥੇ ਇਹ ਗੱਲ ਜ਼ਿਕਰਯੋਗ ਹੈ ਕਿ ਪਦਮਸ਼੍ਰੀ ਸ਼੍ਰੋਮਣੀ ਪੰਥ ਰਤਨ ਸੰਤ ਬਾਬਾ ਇਕਬਾਲ ਸਿੰਘ ਵੱਲੋਂ ਪਿੰਡਾਂ ਨੂੰ ਵਿੱਦਿਆ ਦੇ ਖੇਤਰ ਵਿੱਚ ਉੱਚਾ ਕਰਨ ਦਾ ਟੀਚਾ ਅੱਜ ਪ੍ਰਫੁੱਲਤ ਹੋ ਰਿਹਾ ਹੈ। ਇਨ੍ਹਾਂ ਅਕੈਡਮੀਆਂ ਵਿੱਚ ਜਿੱਥੇ ਬੱਚਿਆਂ ਨੂੰ ਸੰਸਾਰਿਕ ਵਿੱਦਿਆ ਦਿੱਤੀ ਜਾਂਦੀ ਹੈ, ਓਥੇ ਹੀ ਉਨ੍ਹਾਂ ਦੀ ਧਾਰਮਿਕ ਅਤੇ ਨੈਤਿਕ ਵਿੱਦਿਆ ਉੱਪਰ ਵੀ ਜ਼ੋਰ ਦਿੱਤਾ ਜਾਂਦਾ ਹੈ, ਜਿਸ ਨਾਲ ਵਿੱਦਿਆਰਥੀ ਉੱਚੇ-ਸੁੱਚੇ ਜੀਵਨ ਵਾਲੇ ਬਣ ਕੇ ਜ਼ਿੰਦਗੀ ਵਿੱਚ ਤਰੱਕੀ ਦੀਆਂ ਰਾਹਾਂ ਉੱਪਰ ਤੁਰਦੇ ਹਨ। ਇਸ ਤਰ੍ਹਾਂ ਇਹ ਸੰਸਥਾ ਪੇਂਡੂ ਖੇਤਰ ਦੇ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੀ ਹੈ।

## ਦਬੁਰਜੀ ਵਿਖੇ ਨਵੇਂ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਨੀਂਹ ਪੱਥਰ ਰੱਖਿਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਅਲਫਾ ਇੰਟਰਨੈਸ਼ਨਲ ਸਿਟੀ, ਦਬੁਰਜੀ ਵਿਖੇ ਅਲਫਾ ਸਿਟੀ ਦੇ ਪ੍ਰਬੰਧਕਾਂ ਵੱਲੋਂ ਦਿੱਤੀ ਗਈ 2500 ਗਜ਼ ਜ਼ਮੀਨ 'ਤੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ 'ਤੇ ਗੁਰਦੁਆਰਾ ਸਾਹਿਬ ਦਾ ਨਿਰਮਾਣ ਸ਼ੁਰੂ ਕੀਤਾ ਗਿਆ ਜਿਸ ਦਾ ਨੀਂਹ ਪੱਥਰ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਅਤੇ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਵੱਲੋਂ ਰੱਖਿਆ ਗਿਆ। ਇਸ ਮੌਕੇ ਅਲਫਾ ਸਿਟੀ ਦੀ ਨਿਵਾਸੀ ਸੰਗਤਾਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਅਤੇ ਚੌਪਈ ਸਾਹਿਬ ਜੀ ਦੇ ਪਾਠ ਕੀਤੇ ਗਏ। ਅਰਦਾਸ ਉਪਰੰਤ ਬੋਲੇ ਸੋ ਨਿਹਾਲ ਦੀ ਗੂੰਜ ਵਿਚ ਨੀਂਹ ਪੱਥਰ ਰੱਖ ਕੇ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਸ਼ੁਭ ਆਰੰਭ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਪੁੱਜੇ ਕੈਬਨਿਟ ਮੰਤਰੀ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਗੁਰਪ੍ਰਤਾਪ ਸਿੰਘ ਟਿੱਕਾ ਅਤੇ ਹਲਕਾ ਦੱਖਣੀ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਸੰਗਤਾਂ ਨੂੰ ਵਧਾਈ ਦਿੱਤੀ ਅਤੇ ਅਲਫਾ ਸਿਟੀ ਪ੍ਰਬੰਧਕਾਂ ਵੱਲੋਂ ਗੁਰਦੁਆਰਾ ਉਸਾਰੀ ਦੀ ਕਰਵਾਈ ਜਾ ਰਹੀ ਸੇਵਾ ਲਈ ਸ਼ਲਾਘਾ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਅਲਫਾ ਸਿਟੀ ਜਿਹੀ ਵੱਡੀ ਅਤੇ ਘਣੀ ਵੱਸੋਂ ਵਾਲੀ ਕਲੋਨੀ ਲਈ ਸੰਗਤਾਂ ਦੀ ਸਹੂਲਤ ਹਿੱਤ ਗੁਰਦੁਆਰਾ ਸਾਹਿਬ ਦੀ ਸਥਾਪਨਾ ਮੁੱਖ ਲੋੜ ਹੈ ਤਾਂ ਜੋ ਇਲਾਕਾ ਨਿਵਾਸੀ ਰੋਜ਼ਾਨਾ ਗੁਰੂ ਘਰ ਦੀਆਂ ਅਸੀਸਾਂ ਪ੍ਰਾਪਤ ਕਰਨ ਸਕਣ ਅਤੇ ਗੁਰੂ ਸਿੱਖਿਆਵਾਂ ਦੇ ਨਾਲ-ਨਾਲ ਇਕ ਦੂਸਰੇ ਨਾਲ ਧਾਰਮਿਕ ਤੌਰ ਤੇ ਵੀ ਜੁੜ ਸਕਣ। ਇਸ ਮੌਕੇ ਅਲਫਾ ਸਿਟੀ ਦੇ ਪ੍ਰਬੰਧਕ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਜਗਜੀਤ ਸਿੰਘ ਬੰਟੀ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਨਵੀਂ ਉਸਾਰੀ ਜਾ ਰਹੀ ਗੁਰਦੁਆਰਾ ਸਾਹਿਬ ਦੀ ਵਿਸ਼ਾਲ ਅਤੇ ਸੁੰਦਰ ਇਮਾਰਤ ਵਿਚ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਅਸਥਾਨ, ਸੁਖਾਸਨ ਅਸਥਾਨ, ਲੰਗਰ ਛਕਣ ਲਈ ਅਤੇ ਧਾਰਮਿਕ ਸਮਾਗਮਾਂ ਲਈ ਹਾਲ ਵੀ ਬਣਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਛੇਤੀਂ ਹੀ ਗੁਰਦੁਆਰਾ ਸਾਹਿਬ ਦਾ ਉਸਾਰੀ ਕਾਰਜ ਮੁਕੰਮਲ ਕਰਕੇ ਸੰਗਤ ਅਰਪਣ ਕਰ ਦਿੱਤਾ ਜਾਵੇਗਾ। ਇਸ ਮੌਕੇ ਕੈਬਨਿਟ ਮੰਤਰੀ ਅਤੇ ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਅਲਫਾ ਸਿਟੀ ਦੇ ਪ੍ਰਬੰਧਕ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ ਜਗਜੀਤ ਸਿੰਘ ਬੰਟੀ, ਚੀਫ਼ ਖ਼ਾਲਸਾ ਦੀਵਾਨ ਸਥਾਨਕ ਪ੍ਰਧਾਨ ਸੰਤੋਖ ਸਿੰਘ ਸੇਠੀ ਅਤੇ ਆਨਰੇਰੀ ਜੁਆਇੰਟ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ, ਅਲਫਾ ਸਿਟੀ ਪ੍ਰਬੰਧਕਾਂ ਵਿਚ ਸ਼ਾਮਲ ਸਰਬਜੀਤ ਸਿੰਘ ਰਾਜੂ ਅਤੇ ਰਜੇਸ਼ ਆਸ਼ੂ ਔਰੜਾ, ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਗੁਰਪ੍ਰਤਾਪ ਸਿੰਘ ਟਿੱਕਾ ਅਤੇ ਹਲਕਾ ਇੰਚਾਰਜ ਦੱਖਣੀ ਤਲਬੀਰ ਸਿੰਘ ਗਿੱਲ ਅਤੇ ਹੋਰ ਮੋਹਤਬਰ ਸ਼ਖ਼ਸੀਅਤਾਂ ਹਾਜ਼ਰ ਸਨ।



## ਸ਼ਾਹ ਹਰਬੰਸ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ ਰਾਣੀ ਵਲਾਹ ਵਿਖੇ ਮਾਂ ਦਿਵਸ ਮਨਾਇਆ

ਚੋਹਲਾ ਸਾਹਿਬ/ਸਰਹਾਲੀ ਕਲਾਂ (ਰਮਨ ਚੱਢਾ, ਹਰਪ੍ਰੀਤ ਸਿੰਘ ਚੰਬਾ)—ਸ਼ਾਹ ਹਰਬੰਸ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ ਰਾਣੀ ਵਲਾਹ ਦੇ ਮੈਨੇਜਿੰਗ ਡਾਇਰੈਕਟਰ ਗੁਲਵਿੰਦਰ ਸਿੰਘ ਸੰਧੂ, ਐਜੂਕੇਸਨ ਡਾਇਰੈਕਟਰ ਮੈਡਮ ਨਵਦੀਪ ਕੌਰ ਸੰਧੂ ਅਤੇ ਪ੍ਰਿੰਸੀਪਲ ਨਿਰਭੈ ਸਿੰਘ ਸੰਧੂ ਦੀ ਰਹਿਨੁਮਾਈ ਹੇਠ ਮਾਂ ਦਿਵਸ 'ਤੇ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਬੱਚਿਆਂ ਦੀਆਂ ਮਾਂਵਾਂ ਨੇ ਸ਼ਿਰਕਤ ਕੀਤੀ ਅਤੇ ਵੱਖ-ਵੱਖ ਬੱਚਿਆਂ ਵਲੋਂ ਮਾਂ ਦੀ ਮਮਤਾ, ਪਿਆਰ ਨੂੰ ਸਮਰਪਿਤ ਬਾਖੂਬੀ ਪੇਸ਼ਕਾਰੀਆਂ ਦਿੱਤੀਆਂ ਗਈਆਂ ਅਤੇ ਆਈਆਂ ਮਾਂਵਾਂ ਵਲੋਂ ਵੀ ਸਟੇਜ ਤੇ ਹੋਈਆਂ ਵੱਖ-ਵੱਖ ਖੇਡਾਂ 'ਚ ਸ਼ਿਰਕਤ ਕੀਤੀ ਗਈ। ਮੈਨੇਜਿੰਗ ਡਾਇਰੈਕਟਰ ਗੁਲਵਿੰਦਰ ਸਿੰਘ ਸੰਧੂ, ਐਜੂਕੇਸ਼ਨ ਡਾਇਰੈਕਟਰ ਮੈਡਮ ਨਵਦੀਪ ਕੌਰ ਸੰਧੂ ਅਤੇ ਪ੍ਰਿੰਸੀਪਲ ਨਿਰਭੈ ਸਿੰਘ ਸੰਧੂ ਵਲੋਂ ਆਈਆਂ ਮਾਂਵਾਂ ਨੂੰ ਸਨਮਾਨਿਤ ਕਰਦਿਆਂ ਕਿਹਾ ਕਿ ਮਾਂ ਕੁਰਬਾਨੀ, ਪਿਆਰ, ਸਖਤ ਮਿਹਨਤ ਅਤੇ ਸਬਰ ਦਾ ਪ੍ਰਤੀਕ ਹੁੰਦੀ ਹੈ, ਹਰ ਮਾਂ ਆਪਣੀ ਥਾਂ 'ਤੇ ਵਿਲੱਖਣ ਤੇ ਬਿਹਤਰੀਨ ਹੈ। ਦੁਨੀਆ ਭਰ ਦੀਆਂ ਸਾਰੀਆਂ ਮਾਵਾਂ ਨੂੰ ਮਾਂ ਦਿਵਸ ਦੀਆਂ ਦਿਲੋਂ ਮੁਬਾਰਕਾਂ!



## ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਸ਼ਰਧਾਂਜਲੀ ਸਮਾਗਮ 28 ਨੂੰ: ਪੰਡੋਰੀ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-28 ਮਈ ਨੂੰ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ.) ਵੱਲੋਂ ਦੇਸ਼ ਦੀ ਏਕਤਾ ਅਖੰਡਤਾ ਲਈ ਲੜਨ ਵਾਲੇ, ਦੇਸ਼ ਧ੍ਰੋਹੀ, ਦੇਸ਼ ਨੂੰ ਤੋੜਨ ਵਾਲੀਆਂ ਤਾਕਤਾਂ ਦੇ ਖਿਲਾਫ ਲੜਦਿਆਂ ਹੋਇਆਂ ਸ਼ਹੀਦੀ ਦਾ ਜਾਮ ਪੀਣ ਵਾਲੇ ਉਘੇ ਕਮਿਊਨਿਸਟ ਆਗੂ ਸ਼ਹੀਦ ਸਾਥੀ ਦੀਪਕ ਧਵਨ, ਅਵਤਾਰ ਸਿੰਘ ਚੁਤਾਲਾ, ਸਾਥੀ ਗੁਰਪ੍ਰਤਾਪ ਸਿੰਘ ਜਾਮਾਰਾਏ, ਸਾਥੀ ਸੁੱਚਾ ਸਿੰਘ ਨਾਰਲਾ, ਸਾਥੀ ਬਲਕਾਰ ਸਿੰਘ, ਜਗੀਰ ਸਿੰਘ ਧਾੜਣ ਅਤੇ ਕੁਦਰਤੀ ਮੌਤ ਨਾਲ ਵਿਛੜ ਚੁੱਕੇ ਸਾਥੀ ਬਲਬੀਰ ਸੂਦ, ਜਰਨੈਲ ਸਿੰਘ ਦਿਆਲਪੁਰਾ, ਜੋਗਿੰਦਰ ਸਿੰਘ ਮਾਣੋਚਾਹਲ, ਕਿਸਾਨ ਮੋਰਚੇ 'ਚ ਸ਼ਹੀਦ ਹੋਣ ਵਾਲੇ ਕਿਸਾਨ ਆਗੂਆਂ ਦੀ ਯਾਦ 'ਚ ਤਰਨ ਤਾਰਨ ਗਾਂਧੀ ਪਾਰਕ 'ਚ ਸਮਾਗਮ ਕਰਾਇਆ ਜਾ ਰਿਹਾ ਹੈ। ਇਹ ਜਾਣਕਾਰੀ ਪਾਰਟੀ ਦੇ ਜ਼ਿਲ੍ਹਾ ਸਕੱਤਰੇਤ ਮੈਂਬਰ ਬਲਦੇਵ ਸਿੰਘ ਪੰਡੋਰੀ ਨੇ ਦਿੱਤੀ। ਪੰਡੋਰੀ ਨੇ ਦੱਸਿਆ ਕਿ ਸਮਾਗਮ ਵਿੱਚ ਪਾਰਟੀ ਸੂਬਾ ਪ੍ਰਧਾਨ ਰਤਨ ਸਿੰਘ ਰੰਧਾਵਾ, ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਸਕੱਤਰ ਗੁਰਨਾਮ ਸਿੰਘ ਦਾਊਦ, ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਸਤਨਾਮ ਸਿੰਘ ਅਜਨਾਲਾ ਤੋਂ ਇਲਾਵਾ ਪਾਰਟੀ ਦੇ ਜ਼ਿਲ੍ਹਾ ਆਗੂ ਵੀ ਵਿਛੜ ਚੁੱਕੇ ਸਾਥੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਦਾ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਨੌਜਵਾਨ ਪੀੜ੍ਹੀ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਜਾਵੇਗੀ।

## ਨਸ਼ਿਆਂ ਖਿਲਾਫ ਪੁਲਸ ਵੱਲੋਂ ਪੁਲਸ ਪਬਲਿਕ ਮੀਟਿੰਗ ਆਯੋਜਿਤ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਪੰਜਾਬ ਪੁਲਸ ਵੱਲੋਂ ਨਸ਼ਿਆਂ ਖਿਲਾਫ ਵੱਖ-ਵੱਖ ਪਿੰਡਾ ਵਿੱਚ ਚਲਾਈ ਜਾ ਰਹੀ ਮੁਹਿੰਮ ਤਹਿਤ ਅੱਜ ਡੀਐੱਸਪੀਬਟਾਲਾ ਰਵਿੰਦਰ ਸਿੰਘ ਤੇ ਐਸਐਚਓ ਡੇਰਾ ਬਾਬਾ ਨਾਨਕ ਮੈਡਮ ਦਿੱਲਪ੍ਰੀਤ ਕੌਰ ਵੱਲੋਂ ਕਸਬੇ ਦੇ ਨਜ਼ਦੀਕੀ ਪਿੰਡ ਸਾਧਾਂਵਾਲੀ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਪੁਲਸ ਪਬਲਿਕ ਮੀਟਿੰਗ ਕੀਤੀ ਗਈ। ਇਸ ਮੌਕੇ ਪਿੰਡ ਸਾਧਾਵਾਲੀ ਤੇ ਪਿੰਡ ਪੱਖੋਕੇ ਟਾਹਲੀ ਸਾਹਿਬ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰ ਹੋ ਕੇ ਮੀਟਿੰਗ ਵਿੱਚ ਹਿੱਸਾ ਲਿਆ। ਮੀਟਿੰਗ ਵਿੱਚ ਹਾਜ਼ਰ ਲੋਕਾ ਨੂੰ ਸੰਬੋਧਨ ਕਰਦਿਆ ਡੀਐਸਪੀ ਰਵਿੰਦਰ ਸਿੰਘ, ਤੇ ਐੱਸਐੱਚਓ ਮੈਡਮ ਦਿੱਲਪ੍ਰੀਤ ਕੌਰ ਨੇ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਸਾਨੂੰ ਪੁਲਸ ਪ੍ਰਸਾਸਨ ਦਾ ਸਹਿਯੋਗ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀ ਨਸ਼ਿਆਂ ਦੇ ਰੋਕਥਾਮ ਲਈ ਹੰਭਲਾ ਨਾ ਮਾਰਾਂਗੇ ਤਾਂ ਉਹ ਦਿਨ ਦੂਰ ਨਹੀਂ ਜਦ ਸਾਡੀ ਨੌਜਵਾਨ ਪੀੜ੍ਹੀ ਇਨ੍ਹਾਂ ਨਸ਼ਿਆਂ ਕਾਰਨ ਬਰਬਾਦ ਹੋ ਜਾਵੇਗੀ। ਅਸੀਂ ਆਪਣੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰੀਏ। ਉਨ੍ਹਾਂ ਕਿਹਾ ਕਿ ਅਗਰ ਕੋਈ ਅਣਪਛਾਤਾ ਜਾਂ ਸ਼ੱਕੀ ਵਿਅਕਤੀ ਤੁਹਾਡੇ ਪਿੰਡਾਂ ਦੇ ਨੇੜੇ ਘੁੰਮਦਾ ਦਿਖਾਈ ਦੇਵੇ ਤਾਂ ਇਸ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਅਗਰ ਤੁਹਾਡੇ ਆਪਣੇ ਪਿੰਡ ਦੀ ਕੋਈ ਵੀ ਸਮੱਸਿਆ ਹੋਵੇ ਤਾਂ ਪੁਲਸ ਪ੍ਰਸ਼ਾਸਨ ਦੇ ਧਿਆਨ 'ਚ ਲਿਆਂਦਾ ਜਾਵੇ, ਅਸੀਂ ਤਰੁੰਤ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਧਿਆਨ ਵਿੱਚ ਲਿਆ ਕੇ ਉਹ ਸਮੱਸਿਆ ਹੱਲ ਕਰਵਾਵਾਂਗੇ। ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਪ੍ਰਵੇਜ ਮਸੀਹ ਪੱਖੋਕੇ ਟਾਹਲੀ ਸਾਹਿਬ, ਸਰਪੰਚ ਸੁਖਵਿੰਦਰ ਸਿੰਘ ਸਾਧਾਵਾਲੀ, ਬੀਬੀ ਕਰਮਜੀਤ ਕੌਰ, ਕਸ਼ਮੀਰ ਸਿੰਘ, ਪਾਲ ਸਿੰਘ, ਮਿਸਤਰੀ ਬੀਰ ਸਿੰਘ, ਸੁਖਵਿੰਦਰ ਸਿੰਘ ਪੱਖੋਕੇ, ਸੋਹਣ ਸਿੰਘ, ਜਸਵੰਤ ਸਿੰਘ ਹਰੂਵਾਲ, ਪਰਮਜੀਤ ਸਿੰਘ ਪੰਮਾ, ਯੂਸਫ ਮਸੀਹ ਪੱਖੋਕੇ, ਏ. ਐਸ. ਆਈ. ਮਲਕੀਅਤ ਸਿੰਘ, ਏ. ਐਸ. ਆਈ. ਕਾਬਲ ਸਿੰਘ ਤੋਂ ਇਲਾਵਾ ਪਿੰਡ ਸਾਧਾਂਵਾਲੀ ਤੇ ਪਿੰਡ ਪੱਖੋਕੇ ਟਾਹਲੀ ਸਾਹਿਬ ਦੇ ਨੌਜਵਾਨ ਹਾਜ਼ਰ ਸਨ।

## ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ ਰੇਖਾ ਮਹਾਜਨ ਨੇ ਸਰਹੱਦੀ ਸਕੂਲਾਂ ਦਾ ਕੀਤਾ ਅਚਨਚੇਤ ਦੌਰਾ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਸਰਹੱਦੀ ਤਹਿਸੀਲ ਅਜਨਾਲਾ ਦੇ ਵੱਖ-ਵੱਖ ਪਿੰਡਾਂ ਦੇ ਸਕੂਲਾਂ 'ਚ ਪੜ੍ਹਦੇ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਪ੍ਰਦਾਨ ਕੀਤੀ ਜਾ ਰਹੀ ਮਿਆਰੀ ਸਿੱਖਿਆ ਦੇ ਮਿਆਰ ਅਤੇ ਮੁੱਢਲੀਆਂ ਸਹੂਲਤਾਂ ਦਾ ਜਾਇਜ਼ਾ ਲੈਣ ਲਈ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ ਰੇਖਾ ਮਹਾਜਨ ਵੱਲੋਂ ਅਚਨਚੇਤ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਸਰਹੱਦੀ ਪਿੰਡ ਬੱਲੜਵਾਲ ਦੇ ਸਕੂਲ ਵਿਖੇ ਮੁੱਖ ਅਧਿਆਪਕ ਪ੍ਰਮਬੀਰ ਸਿੰਘ ਰੋਖੇ ਤੇ ਸਟਾਫ ਦੀ ਹਾਜ਼ਰੀ 'ਚ ਕੀਤੇ ਸਵਾਲਾਂ ਦੇ ਤਸੱਲੀਬਖਸ਼ ਜਵਾਬ ਸੁਣਨ ਉਪਰੰਤ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੁਪਿਹਰ ਦਾ ਖਾਣਾ, ਕਿਤਾਬਾਂ, ਵਰਦੀਆਂ, ਪ੍ਰੀ-ਪ੍ਰਾਇਮਰੀ ਕਲਾਸ , ਸਮਾਰਟ ਕਲਾਸ-ਰੂਮ ਆਦਿ ਦਾ ਜਾਇਜ਼ਾ ਲਿਆ । ਇਸ ਮੌਕੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਜਨਾਲਾ ਯੂਥ ਵੈਲਫੇਅਰ ਕਲੱਬ ਦੁਆਰਾ ਦਿੱਤੇ ਗਏ ਕਰੀਬ 50 ਸਪੋਰਟਸ ਤੇ ਸਕੇਟਿੰਗ ਦੇ ਬੂਟ ਵੀ ਵੰਡੇ। ਇਸ ਮੌਕੇ ਮੁੱਖ ਅਧਿਆਪਕ ਪ੍ਰਮਬੀਰ ਸਿੰਘ ਰੋਖੇ, ਕਲੱਬ ਦੇ ਆਗੂ ਐਡਵੋਕੇਟ ਸੰਦੀਪ ਕੌਸਲ, ਸਮਸੇਰ ਸਿੰਘ ਹੀਰਾ, ਜੋਜੀ ਸ਼ਰਮਾ ਅਜੇ ਸ਼ਰਮਾ, ਐਡਵੋਕੇਟ ਅਜੇ, ਮੰਗਲ ਸਿੰਘ, ਸਰਬਜੀਤ ਸਿੰਘ, ਸ਼ੇਰ ਸਿੰਘ, ਪ੍ਰਮਿੰਦਰਪ੍ਰੀਤ ਕੌਰ, ਰੁਪਿੰਦਰ ਕੌਰ, ਕੰਵਲਜੀਤ ਕੌਰ, ਦੀਕਸ਼ਾ, ਪੱਲਵੀ ਸੰਧੂ, ਸੁਖਵੰਤ ਕੌਰ, ਪਰਾਂਚਲ, ਸਿਮਰਜੀਤ ਕੌਰ, ਲਖਵਿੰਦਰ ਸਿੰਘ ਅਤੇ ਮਨਪ੍ਰੀਤ ਸਿੰਘ ਆਦਿ ਮੌਜੂਦ ਸਨ ।

## ਮਾਂ ਦਿਵਸ 'ਤੇ ਨੰਨ੍ਹੇ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼



ਬਟਾਲਾ (ਤਰਲੋਕ ਬੱਗਾ)- ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਮਾਂ ਦਿਵਸ ਦੇ ਮੌਕੇ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ ਜਿਸ ਵਿਚ ਛੋਟੇ ਛੋਟੇ ਬੱਚਿਆਂ ਨੇ ਸਮੂਹ ਗੀਤ, ਨਾਚ ਦੇ ਅਭਿਆਸ ਨਾਲ ਮਾਂ ਪ੍ਰਤੀ ਸਨਮਾਨ ਅਤੇ ਪਿਆਰ ਪ੍ਰਗਟ ਕੀਤਾ। ਮਾਂ ਦਾ ਬੱਚੇ ਤੇ ਵਿਅਕਤੀਤਵ ਨਿਰਮਾਣ 'ਚ ਮਹੱਤਵ ਪੂਰਨ ਯੋਗਦਾਨ ਹੁੰਦਾ ਹੈ। ਆਪਣੇ ਨਿਰਸਵਾਰਥ ਪ੍ਰੇਮ ਅਤੇ ਯੋਗ ਅਗਵਾਈ ਦੇ ਨਾਲ ਉਹ ਬੱਚਿਆਂ ਦਾ ਸਹੀ ਮਾਰਗ ਦਰਸ਼ਨ ਰਦੀ ਹੈ। ਮਾਂ ਬੱਚੇ ਦੇ ਸਰਵਪੱਖੀ ਵਿਕਾਸ ਵਿਚ ਖਾਸ ਭੂਮਿਕਾ ਨਿਭਾਉਂਦੀ ਹੈ। ਮਾਂ ਦਿਵਸ ਅਯੋਜਿਤ ਇਸ ਪ੍ਰੋਗਰਾਮ 'ਚ, ਮਾਵਾਂ ਦੀਆਂ ਵੱਖਰੀਆਂ ਵੱਖਰੀਆਂ ਖੇਡ ਗਤੀਵਿਧੀਆਂ ਕਰਵਾਈਆਂ ਗਈਆਂ ਜਿਸ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਭਾਗ ਲਿਆ। ਸਕੂਲ ਚੇਅਰਮੈਨ ਅਰਵਿੰਦ ਖੋਸਲਾ,ਪ੍ਰੈਜ਼ੀਡੈਂਟ ਅਜੇ ਖੋਸਲਾ, ਪ੍ਰਿੰਸੀਪਲ ਡਾ: ਬਿੰਦੂ ਭੱਲਾ ਨੇ ਸਾਰਿਆਂ ਨੂੰ ਮਾਂ ਦਿਵਸ ਦੇ ਸ਼ੁੱਭ ਮੌਕੇ ਤੇ ਸ਼ੁਭਕਮਨਾਵਾਂ ਭੇਂਟ ਕੀਤੀਆਂ ਅਤੇ ਕਿਹਾ ਕਿ ਮਾਂ ਦਾ ਸਨਮਾਨ ਕਰਨਾ ਚਾਹੀਦਾ ਹੈ।

## ਸੇਂਟ ਕਬੀਰ ਸਕੂਲ ਸੁਲਤਾਨਪੁਰ ਦੀ ਦਸਵੀਂ ਦੇ ਨਤੀਜੇ 'ਚ ਬੱਲੇ-ਬੱਲੇ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸੀ.ਬੀ.ਐਸ.ਈ.ਬੋਰਡ ਵੱਲੋਂ ਐਲਾਨੇ ਦਸਵੀਂ ਦੇ ਨਤੀਜਿਆਂ ਵਿੱਚੋਂ ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਤੇ ਸੌ ਫੀਸਦੀ ਰਿਹਾ ਹੈ। ਇਸ ਬੇਮਿਸਾਲ ਤੇ ਵਧੀਆ ਨਤੀਜੇ ਦੀ ਖੁਸ਼ੀ ਪ੍ਰਗਟ ਕਰਦਿਆਂ ਸਕੂਲ ਦੇ ਪ੍ਰਿੰਸੀਪਲ ਐੱਸ.ਬੀ.ਨਾਯਰ ਅਤੇ ਪ੍ਰਬੰਧਕ ਨਵਦੀਪ ਕੌਰ ਤੇ ਕੁਲਦੀਪ ਕੌਰ ਨੇ ਦੱਸਿਆ ਕਿ ਦਸਵੀਂ ਜਮਾਤ ਦੇ ਨਤੀਜੇ ਵਿੱਚੋਂ ਸਕੂਲ ਦੀ ਵਿਦਿਆਰਥਣ ਜਪਮਨਜੋਤ ਪੁੱਤਰੀ ਸਤਨਾਮ ਸਿੰਘ ਵਾਸੀ ਮਾਨ ਨੇ 97.6 ਫੀਸਦੀ ਅੰਕ ਲੈ ਕੇ ਪਹਿਲਾ ਸਥਾਨ, ਬਿਕਰਮਜੀਤ ਸਿੰਘ ਸਪੁੱਤਰ ਦਲਜੀਤ ਸਿੰਘ ਵਾਸੀ ਭੱਟੀਆਂ ਨੇ 96.8 ਫੀਸਦੀ ਅੰਕ ਲੈ ਕੇ ਦੂਸਰਾ ਸਥਾਨ ਤੇ ਐਸ਼ਮਨਮੀਤ ਸਿੰਘ ਸਪੁੱਤਰ ਮਨਜੀਤ ਸਿੰਘ ਵਾਸੀ ਭੱਟੀਆਂ ਨੇ 96.2 ਫੀਸਦੀ ਅੰਕ ਲੈ ਕੇ ਤੀਸਰਾ ਸਥਾਨ ਹਾਸਲ ਕਰਕੇ ਪੂਰੇ ਇਲਾਕੇ ਵਿਚ ਵਾਹ-ਵਾਹ ਖੱਟੀ ਹੈ। ਸਕੂਲ ਦੇ 15 ਵਿਦਿਆਰਥੀਆਂ ਨੇ 90 ਫੀਸਦੀ ਤੋਂ ਵੱਧ,40 ਵਿਦਿਆਰਥੀਆਂ ਨੇ 80 ਫੀਸਦੀ ਤੋਂ ਵੱਧ, 45 ਵਿਦਿਆਰਥੀਆਂ ਨੇ 70 ਫੀਸਦੀ ਤੋਂ ਵੱਧ ਅਤੇ ਬਾਕੀ ਵੀ ਸਾਰੇ ਵਿਦਿਆਰਥੀਆਂ ਨੇ ਫਸਟ ਡਵੀਜਨ ਲੈ ਕੇ ਸਕੂਲ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ। ਇਸ ਤੋਂ ਇਲਾਵਾ ਸਕੂਲ ਦੇ 7 ਵਿਦਿਆਰਥੀਆਂ ਨੇ ਪੰਜਾਬੀ ਵਿਸੇ ਵਿਚੋਂ 100 ਫੀਸਦੀ ਅੰਕ, ਸਮਾਜਿਕ ਸਿੱਖਿਆ ਵਿੱਚੋਂ ਇੱਕ ਵਿਦਿਆਰਥੀ ਤੇ ਗਣਿਤ ਵਿੱਚੋਂ ਇੱਕ ਵਿਦਿਆਰਥੀ ਨੇ 100 ਫੀਸਦੀ ਅੰਕ ਹਾਸਲ ਕਰਕੇ ਬਾਕੀ ਵਿਦਿਆਰਥੀਆਂ ਲਈ ਮੀਲ ਪੱਥਰ ਸਾਬਤ ਕੀਤਾ ਹੈ।ਇਸ ਸਾਨਦਾਰ ਨਤੀਜੇ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਪੇਂਡੂ ਅਤੇ ਪੱਛੜੇ ਇਲਾਕੇ ਵਿੱਚ ਰਹਿਣ ਦੇ ਬਾਵਜੂਦ ਅਧਿਆਪਕਾਂ ਦੇ ਮਾਰਗ ਦਰਸ਼ਕ ਸਦਕਾ ਇਹ ਮੁਕਾਮ ਹਾਸਲ ਕੀਤਾ ਹੈ। ਉਨ੍ਹਾਂ ਦੀ ਇਸ ਸਫਲਤਾ ਲਈ ਸਕੂਲ , ਸਟਾਫ ਮੈਂਬਰਾਂ ਤੇ ਮਾਤਾ-ਪਿਤਾ ਦਾ ਖਾਸ ਯੋਗਦਾਨ ਹੈ। ਸਕੂਲ ਪਹੁੰਚਣ ਤੇ ਪ੍ਰਿੰਸੀਪਲ ਐੱਸ.ਬੀ.ਨਾਯਰ ਤੇ ਮੈਨੇਜਮੈਂਟ ਮੈਂਬਰਾਂ ਵੱਲੋਂ ਅੱਵਲ ਆਏ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਗਿਆ। ਇਸ ਤੋਂ ਇਲਾਵਾ ਸਟਾਫ ਮੈਂਬਰਾਂ ਤੇ ਮਾਪਿਆਂ ਦਾ ਧੰਨਵਾਦ ਕਰਦੇ ਹੋਏ ਪ੍ਰਸੰਸਾ ਕੀਤੀ ਗਈ ਤੇ ਅੱਗੇ ਤੋਂ ਹੋਰ ਮਿਹਨਤ ਕਰ ਕੇ ਸਿੱਖਿਆ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਮੈਡਮ ਮਨੂੰ, ਕਰਮਜੀਤ ਕੌਰ, ਮੈਡਮ ਕਿਰਨ ਬਾਲਾ, ਮੋਨਿਕਾ ਸੈਣੀ, ਹਰਪ੍ਰੀਤ ਕੌਰ, ਵਿਸ਼ਾਲ ਸਿੰਘ, ਸੰਦੀਪ ਕੁਮਾਰ, ਪੀ. ਐੱਸ. ਚਾਹਲ, ਸੀਮਾ ਕਾਲੀਆ, ਟੇਨ ਸਿੰਘ, ਦਮਨਬੀਰ ਸਿੰਘ ਤੇ ਸਟਾਫ ਮੈਂਬਰ ਹਾਜ਼ਰ ਸਨ।

## ਸੈਕਰਡ ਹਾਰਟ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਖੇਡਾਂ 'ਚ ਮਾਰੀਆਂ ਮੱਲਾਂ



**ਪੱਟੀ (ਬਲਦੇਵ ਸਿੰਘ ਕਿਰਤੋਵਾਲ/ਸ਼ਮਸ਼ੇਰ ਸਿੰਘ ਯੋਧਾ)**-ਬੀਤੇ ਦਿਨੀਂ ਅੰਮ੍ਰਿਤਸਰ ਦੇ ਰੈਵਲ ਡੇਲ ਸਕੂਲ ਰੰਨਗੜ੍ਹ 'ਚ ਵਾਲੀਬਾਲ ਖੇਡ ਮੁਕਾਬਲਿਆਂ 'ਚ ਸੈਕਰਡ ਹਾਰਟ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਠੱਕਰਪੁਰਾ ਪੱਟੀ ਦੇ ਵਿਦਿਆਰਥੀਆਂ ਨੇ ਜ਼ੋਨ ਪੱਧਰੀ ਵਾਲੀਬਾਲ ਅੰਡਰ -19 ਖੇਡ 'ਚ ਹਿੱਸਾ ਲਿਆ। ਇਸ ਖੇਡ ਮੁਕਾਬਲੇ ਵਿਚ ਵੱਖ-ਵੱਖ ਜ਼ਿਲ੍ਹਿਆਂ ਤੋਂ ਇਲਾਵਾ ਜ਼ਿਲ੍ਹਾ ਅੰਮ੍ਰਿਤਸਰ ਅਤੇ ਤਰਨ ਤਾਰਨ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਵਿੱਚ ਸੈਕਰਡ ਹਾਰਟ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਠੱਕਰਪੁਰਾ ਦੇ ਵਿਦਿਆਰਥੀਆਂ ਨੇ ਆਪਣੀ ਖੇਡ ਦਾ ਚੰਗਾ ਵਧੀਆ ਪ੍ਰਦਰਸ਼ਨ ਵਿਖਾਉਂਦੇ ਹੋਏ ਆਪਣੀ ਖੇਡ ਦਾ ਲੋਹਾ ਮਨਵਾਇਆ। ਜ਼ਿਕਰਯੋਗ ਹੈ ਕਿ ਪੱਟੀ ਇਲਾਕੇ ਦੇ ਵਿਦਿਆ ਪੱਖੋਂ ਮੋਹਰੀ ਹੋਣ ਦੇ ਨਾਲ ਖੇਡਾਂ 'ਚ ਸਕੂਲ ਦੇ ਵਿਦਿਆਰਥੀ ਚੰਗਾ ਨਾਮਣਾ ਖੱਟ ਰਹੇ। ਵਿਦਿਆਰਥੀਆਂ ਦੇ ਚੰਗੇ ਪ੍ਰਦਰਸ਼ਨ ਲਈ ਡਾਇਰੈਕਟਰ ਫਾਦਰ ਥੌਮਸ ਪੋਚਾਲਿਲ, ਪ੍ਰਿੰਸੀਪਲ ਸਿਸਟਰ ਜੈਸਮੀਨ ਵੱਲੋਂ ਸਕੂਲ ਸਟਾਫ ਦੇ ਨਾਲ ਨਾਲ ਕੋਚਾਂ ਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਭਵਿੱਖ ਵਿਚ ਹੋਰ ਚੰਗਾ ਪ੍ਰਦਰਸ਼ਨ ਕਰਨ ਦੀ ਪ੍ਰੇਰਨਾ ਦਿੱਤੀ ਗਈ। ਇਸ ਮੌਕੇ ਸਿਸਟਰ ਨੇਹਾ, ਸਿਸਟਰ ਬੀਨਾ ਜੋਸ, ਕੋਚ ਅਵਤਾਰ ਸਿੰਘ, ਕੋਚ ਅਯੁਸ਼ ਸ਼ਰਮਾ, ਕੋਚ ਹਰਮੀਤ ਸਿੰਘ, ਕੋਚ ਕਰਨਬੀਰ ਸਿੰਘ, ਕੋਚ ਕਰਨਜੀਤ ਸਿੰਘ, ਕੋਚ ਦਲਬੀਰ ਕੌਰ ਅਤੇ ਸਟਾਫ ਸਾਰਾ ਹਾਜ਼ਰ ਸਨ।

## ਮਹਾਂਮਾਈ ਦਾ ਜਗਰਾਤਾ ਕਰਵਾਇਆ



ਮਜੀਠਾ (ਸੋਇਮ ਆਨੰਦ)-ਲਾਲ ਦੁਆਰਾ ਮੰਦਰ ਸ਼੍ਰੀ ਬਾਵਾ ਲਾਲ ਮਜੀਠਾ ਵਿਖੇ ਮਹਾਰਾਜ ਰਾਮ ਸੁੰਦਰ ਦਾਸ ਜੀ ਧਿਆਨਪੁਰ ਵਾਲਿਆਂ ਦੇ ਆਸ਼ੀਰਵਾਦ ਸਦਕਾ ਮੰਦਰ ਕਮੇਟੀ ਮੈਂਬਰਾਂ ਵੱਲੋਂ ਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਮਹਾਂਮਾਈ ਦਾ ਸਾਲਾਨਾ ਜਾਗਰਨ ਕਰਾਇਆ ਗਿਆ। ਇਸ ਤੋਂ ਪਹਿਲਾਂ ਮੰਦਰ ਵਿਖੇ ਭੂਮੀ ਪੂਜਨ ਦਿਵਸ ਅਤੇ ਮੂਰਤੀ ਸਥਾਪਨਾ ਦਿਵਸ ਵੀ ਮਨਾਇਆ ਗਿਆ ਅਤੇ ਗਿਰਧਾਰੀ ਲਾਲ ਵਰਿੰਦਾਵਨ ਵਾਲਿਆਂ ਵੱਲੋਂ ਸ਼੍ਰੀ ਭਾਗਵਤ ਕਥਾ ਦਾ ਲੜੀਵਾਰ ਵਿਖਿਆਨ ਵੀ ਕੀਤਾ ਗਿਆ। ਸੰਗਤਾਂ ਦੇ ਭਰਵੇਂ ਇਕੱਠ ਦਰਮਿਆਨ ਮਹਾਰਾਜ ਗੋਪਾਲ ਦਾਸ ਧਿਆਨਪੁਰ ਵਾਲਿਆਂ ਵੱਲੋਂ ਜਾਗਰਨ ਦੀ ਜਯੋਤੀ ਪ੍ਰਚੰਡ ਕੀਤੀ ਗਈ। ਮੰਦਰ ਦੇ ਪੁਜਾਰੀ ਪੰਡਤ ਮਨੋਜ ਕੁਮਾਰ ਵੱਲੋਂ ਭਾਗਵਤ ਗੀਤਾ ਜੀ ਦੇ ਸ਼ਲੋਕ ਪੜ੍ਹੇ ਗਏ ਅਤੇ ਹਵਨ ਯੱਗ ਕਰਨ ਤੋਂ ਬਾਅਦ ਰਸਮੀ ਤੌਰ ਤੇ ਜਾਗਰਨ ਦੀ ਸ਼ੁਰੂਆਤ ਕੀਤੀ ਗਈ। ਜਾਗਰਨ ਦੀ ਸੇਵਾ ਰਾਜ ਕਿਰਨ ਰਾਜੂ ਮਜੀਠਾ ਵਾਲਿਆਂ ਦੀ ਜਾਗਰਨ ਪਾਰਟੀ ਵੱਲੋਂ ਨਿਭਾਈ ਗਈ। ਇਸ ਜਾਗਰਨ ਵਿੱਚ ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਆਕਾਸ਼ਦੀਪ ਸਿੰਘ ਮਜੀਠਾ, ਭਾਰਤੀ ਜਨਤਾ ਪਾਰਟੀ ਦੇ ਹਲਕਾ ਮਜੀਠਾ ਦੇ ਆਗੂ ਪਰਮਜੀਤ ਸਿੰਘ ਪੰਮਾ ਪ੍ਰਧਾਨ ਉਨ੍ਹਾਂ ਦੇ ਨਾਲ ਸੁਖਜਿੰਦਰ ਸਿੰਘ ਬਿੱਟੂ ਪ੍ਰਧਾਨ ਸਮੇਤ ਸ਼ਹਿਰ ਦੀਆਂ ਅਨੇਕਾਂ ਪ੍ਰਮੁੱਖ ਸ਼ਖਸ਼ੀਅਤਾਂ ਨੇ ਹਾਜ਼ਰੀ ਭਰੀ ਅਤੇ ਸੰਤਾਂ ਦਾ ਆਸ਼ੀਰਵਾਦ ਲਿਆ। ਸੰਗਤਾਂ ਨੇ ਬੜੇ ਪਿਆਰ ਅਤੇ ਉਤਸ਼ਾਹ ਨਾਲ ਜਾਗਰਨ ਦਾ ਆਨੰਦ ਮਾਣਿਆ। ਇਸ ਮੌਕੇ ਮੰਦਰ ਬਾਵਾ ਲਾਲ ਕਮੇਟੀ ਦੇ ਚੇਅਰਮੈਨ ਕੁਲਦੀਪ ਕੁਮਾਰ, ਪ੍ਰਧਾਨ ਨਰਿੰਦਰ ਕੁਮਾਰ ਕਾਨੂੰਨਗੋ, ਰਮੇਸ਼ ਪੁਰੀ ਮੀਤ ਪ੍ਰਧਾਨ, ਐਨਕੇ ਬੱਬਰ, ਡਾ: ਬਲਰਾਜ ਸ਼ਰਮਾ, ਰਵਿੰਦਰ ਕਪਾਹੀ, ਰਾਜ ਕਿਰਨ ਰਾਜੂ, ਇੰਦਰਜੀਤ ਸ਼ਰਮਾ, ਰਾਜੇਸ਼ ਕੁਮਾਰ, ਬਿਮਲ ਸ਼ਰਮਾ, ਅਸ਼ਵਨੀ ਕੁਮਾਰ ਨੀਟਾ, ਮਿੰਕੂ ਨਈਅਰ, ਜੈ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਤਤਕਾਲ ਦੀਆਂ ਚੁਣੌਤੀਆਂ ਸੰਗ ਜੂਝਣ ਵਾਲੀਆਂ ਧਿਰਾਂ ਨਾਲ ਖੜੇ ਹੋਣਾ ਲੇਖਕ ਦੀ ਜ਼ਿੰਮੇਵਾਰੀ : ਪ੍ਰਲੇਸ ਪੰਜਾਬ



ਅੰਮ੍ਰਿਤਸਰ 13 ਮਈ (ਜਸਬੀਰ ਸਿੰਘ ਪੱਟੀ)- ਲੇਖਕਾਂ ਦੀ ਸਿਰਮੌਰ ਸੰਸਥਾ ਪ੍ਰਗਤੀਸ਼ੀਲ ਲੇਖਕ ਸੰਘ (ਪ੍ਰਲੇਸ) ਪੰਜਾਬ ਕਾਰਜਕਾਰਨੀ ਦੀ ਨਵੀਂ ਟੀਮ ਦੀ ਪਹਿਲੀ ਮੀਟਿੰਗ ਵਿਰਸਾ ਵਿਹਾਰ ਅੰਮ੍ਰਿਤਸਰ ਵਿਖੇ ਹੋਈ, ਜਿਸ ਦੀ ਪ੍ਰਧਾਨਗੀ ਪ੍ਰਸਿੱਧ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਅਤੇ ਪ੍ਰਲੇਸ ਪੰਜਾਬ ਦੇ ਪ੍ਰਧਾਨ ਪ੍ਰੋ. ਸੁਰਜੀਤ ਜੱਜ ਨੇ ਕੀਤੀ। ਮੀਟਿੰਗ ਤੋਂ ਪਹਿਲਾਂ ਲੇਖਕਾਂ ਨੇ ਗੁਰਦੁਆਰਾ ਸ੍ਰੀ ਰਾਮਸਰ ਵਿਖੇ ਗੁਰੂ ਗ੍ਰੰਥ ਸਾਹਿਬ ਭਵਨ ਵਿਖੇ ਨਤਮਸਤਕ ਹੋਏ ਅਤੇ ਇਸ ਥਾਂ ਦੀ ਮਹੱਤਤਾ ਜਿਥੇ ਪੰਜਵੇਂ ਗੁਰੂ ਸਾਹਿਬਾਨ ਵਲੋਂ ਭਾਈ ਗੁਰਦਾਸ ਜੀ ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੌਜੂਦਾ ਸਰੂਪ ਨੂੰ ਲਿਖਵਾਇਆ ਗਿਆ ਸੀ। ਮੀਟਿੰਗ ਦਾ ਆਗਾਜ਼ ਕਰਦਿਆਂ ਸੰਸਥਾ ਦੇ ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ ਨੇ ਪ੍ਰਗਤੀਸ਼ੀਲ ਲੇਖਕ ਸੰਘ ਦੇ ਮਾਣਮੱਤੇ ਇਤਿਹਾਸ ਤੇ ਚਾਨਣਾ ਪਾਇਆ ਅਤੇ ਰਬਿੰਦਰਨਾਥ ਟੈਗੋਰ ਅਤੇ ਮੁਨਸ਼ੀ ਪ੍ਰੇਮਚੰਦ ਦੇ ਹਵਾਲੇ ਨਾਲ ਵਰਤਮਾਨ ਦੌਰ ਵਿਚ ਪ੍ਰਗਤੀਸ਼ੀਲ ਲੇਖਕ ਦੀ ਭੂਮਿਕਾ ਤੇ ਚਰਚਾ ਕੀਤੀ। ਇਸ ਤੋਂ ਬਾਅਦ ਸੂਬਾ ਕਮੇਟੀ ਮੈਂਬਰਾਂ ਅਤੇ ਵੱਖ-ਵੱਖ ਜ਼ਿਲ੍ਹਾ ਇਕਾਈਆਂ ਦੇ ਪ੍ਰਧਾਨ ਅਤੇ ਸਕੱਤਰਾਂ ਨੇ ਅਗਲੇ ਤਿੰਨ ਸਾਲ ਦੀ ਯੋਜਨਾਬੰਦੀ ਦੇ ਪ੍ਰਸੰਗ ਵਿਚ ਅਹਿਮ ਨੁਕਤੇ ਸਾਂਝੇ ਕੀਤੇ। ਸਰਪ੍ਰਸਤ ਬਲਦੇਵ ਸਿੰਘ ਸੜਕਨਾਮਾ ਨੇ ਕਿਹਾ ਕਿ ਵਰਤਮਾਨ ਸੱਤਾ ਜੋ ਬਿਰਤਾਂਤ ਸਿਰਜ ਰਹੀ ਹੈ, ਉਹ ਬਹੁਤ ਭਿਆਨਕ ਹੈ, ਜਿਸ ਦੇ ਖਿਲਾਫ ਪ੍ਰਲੇਸ ਦੀ ਇਹ ਪਹਿਲਕਦਮੀ ਮਹਤਵਪੂਰਨ ਹੈ। ਪ੍ਰਧਾਨ ਸੁਰਜੀਤ ਜੱਜ ਨੇ ਕਿਹਾ ਕਿ ਲੇਖਕ ਕੋਲ ਬੌਧਿਕਤਾ ਦੇ ਨਾਲ ਨਾਲ ਪ੍ਰਤੀਬੱਧਤਾ ਦਾ ਹੋਣਾ ਬਹੁਤ ਜ਼ਰੂਰੀ ਹੈ। ਪ੍ਰਲੇਸ ਦੀ ਇਹ ਕੋਸ਼ਿਸ਼ ਰਹੇਗੀ ਕਿ ਇਹ ਪੂਰੇ ਪੰਜਾਬ ਵਿੱਚ ਲੇਖਕਾਂ ਨੂੰ ਲੋਕਪੱਖੀ ਸਰੋਕਾਰਾਂ ਨਾਲ ਜੋੜਨ ਲਈ ਮੁਹਿੰਮ ਚਲਾਏਗਾ। ਇਸ ਤੋਂ ਪਹਿਲਾਂ ਅੰਮ੍ਰਿਤਸਰ ਇਕਾਈ ਦੇ ਪ੍ਰਧਾਨ ਭੁਪਿੰਦਰ ਸੰਧੂ ਨੇ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ। ਮੀਟਿੰਗ ਵਿੱਚ ਆਪਣੇ ਸੁਝਾਅ ਦੇਣ ਵਾਲਿਆਂ ਵਿਚ ਪ੍ਰੋ. ਬਲਦੇਵ ਸਿੰਘ ਬੱਲੀ, ਹਰਮੀਤ ਵਿਦਿਆਰਥੀ, ਰਮੇਸ਼ ਯਾਦਵ, ਡਾ. ਸੰਤੋਖ ਸੁੱਖੀ, ਸ਼ਾਇਰ ਤਰਸੇਮ, ਕਹਾਣੀਕਾਰ ਭੋਲਾ ਸਿੰਘ ਸੰਘੇੜਾ, ਡਾ. ਅਨੂਪ ਸਿੰਘ ਬਟਾਲਾ, ਨਵਤੇਜ ਗੜ੍ਹਦੀਵਾਲਾ, ਜਸਪਾਲ ਮਾਨਖੇੜਾ, ਗੁਰਨੈਬ ਮੰਘਾਣੀਆ, ਅਸ਼ੋਕ ਚਟਾਨੀ, ਚਰਨਜੀਤ ਸਮਾਲਸਰ, ਜਗਪਾਲ ਚਹਿਲ, ਪ੍ਰੋ. ਕੁਲਦੀਪ ਸਿੰਘ, ਕਮਲ ਗਿੱਲ, ਹਰਜਿੰਦਰਪਾਲ ਕੌਰ ਕੰਗ, ਗੁਰਬਾਜ਼ ਛੀਨਾ, ਗੁਰਜਿੰਦਰ ਸਿੰਘ, ਬਲਵਿੰਦਰ ਜਹਾਂਗੀਰ, ਸੁਖਬੀਰ ਭੁੱਲਰ, ਰਣਜੀਤ ਸਿੰਘ ਗੌਰਵ, ਰਣਬੀਰ ਰਾਣਾ, ਸੰਤੋਖ ਸਾਗਰ, ਐਸ ਪਰਸ਼ੋਤਮ ਸਿੰਘ, ਜਗਰੂਪ ਸਿੰਘ ਐਮਾ, ਗੁਰਜਿੰਦਰ ਸਿੰਘ ਸ਼ਾਮਿਲ ਹਨ। ਵੱਖ-ਵੱਖ ਸੁਝਾਵਾਂ ਅਨੁਸਾਰ ਪ੍ਰਲੇਸ ਨੂੰ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚ ਸਾਹਿਤਕ ਰੁਝਾਨ ਵਿਕਸਿਤ ਕਰਨ ਲਈ ਵੱਧ ਤੋਂ ਵੱਧ ਕੰਮ ਕਰਨਾ ਚਾਹੀਦਾ ਹੈ। ਸ਼ਹਿਰਾਂ ਦੀ ਥਾਂ ਛੋਟੇ ਕਸਬਿਆਂ ਅਤੇ ਪਿੰਡਾਂ ਦੇ ਲੇਖਕਾਂ ਨਾਲ ਜੁੜਨਾ ਚਾਹੀਦਾ ਹੈ। ਸੋਸ਼ਲ ਮੀਡੀਆ ਰਾਹੀਂ ਆ ਰਹੇ ਲੇਖਕਾਂ ਦੀਆਂ ਵਰਕਸ਼ਾਪਾਂ ਲਗਾ ਕੇ ਉਹਨਾਂ ਨੂੰ ਸਾਹਿਤ ਦੀ ਮੁੱਖ ਧਾਰਾ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ। ਇਸ ਤੋਂ ਪਹਿਲਾਂ ਸੰਸਥਾ ਵੱਲੋਂ ਪਿਛਲੇ ਦਿਨੀਂ ਸੁਰਜੀਤ ਲੀ ਅਤੇ ਕੇਹਰ ਸ਼ਰੀਫ ਸਮੇਤ ਵਿਛੜ ਗਏ ਸਾਰੇ ਲੇਖਕਾਂ ਨੂੰ ਅਕੀਦਤ ਪੇਸ਼ ਕੀਤੀ। ਇਕ ਅਹਿਮ ਯੋਜਨਾਬੰਦੀ ਦੇ ਤਹਿਤ ਸੰਸਥਾ ਦੀਆਂ ਸਰਗਰਮੀਆਂ ਦੇ ਫੈਲਾਅ ਲਈ ਪੂਰੇ ਪੰਜਾਬ ਨੂੰ ਪੰਜ ਜੋਨਾਂ ਵਿਚ ਵੰਡਣ ਦਾ ਫੈਸਲਾ ਕੀਤਾ ਹੈ ਅਤੇ ਸੀਨੀਅਰ ਮੀਤ ਪ੍ਰਧਾਨਾਂ, ਮੀਤ ਪ੍ਰਧਾਨਾਂ ਅਤੇ ਸੂਬਾ ਕਮੇਟੀ ਮੈਂਬਰਾਂ ਨੂੰ ਇਹਨਾਂ ਦਾ ਇੰਚਾਰਜ ਬਣਾਉਣ ਦਾ ਫ਼ੈਸਲਾ ਕੀਤਾ ਹੈ। ਪ੍ਰਲੇਸ ਭਾਰਤ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਦੇ ਸੱਦੇ ਤੇ 20,21 ਅਤੇ 22 ਅਗਸਤ, 2023 ਨੂੰ ਜਬਲਪੁਰ ਵਿਖੇ ਹੋ ਰਹੇ ਕੌਮੀ ਇਜਲਾਸ ਵਿੱਚ 30 ਮੈਂਬਰੀ ਜਥਾ ਭੇਜਣ ਦਾ ਫੈਸਲਾ ਕੀਤਾ ਹੈ। ਇੰਝ ਇਹ ਮੀਟਿੰਗ ਅਗਲੇ ਤਿੰਨ ਮਹੀਨਿਆਂ ਵਿਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਸੰਸਥਾ ਦੀਆਂ ਇਕਾਈਆਂ ਸਥਾਪਤ ਕਰਨ ਅਤੇ ਸਥਾਪਤ ਇਕਾਈਆਂ ਰਾਹੀਂ ਨਵੀਆਂ ਲੋਕ ਪਖੀ ਸਰਗਰਮੀਆਂ ਕਰਨ ਦੇ ਅਹਿਦ ਨਾਲ ਸਮਾਪਤ ਹੋਈ।

## ਸੇਂਟ ਕਬੀਰ ਸਕੂਲ ਦੇ ਸ਼ਾਨਦਾਰ ਨਤੀਜੇ ਨੇ ਪੂਰੇ ਇਲਾਕੇ 'ਚ ਖੱਟੀ ਵਾਹ-ਵਾਹ

### ਹਰਮਨਦੀਪ ਕੌਰ 96.4 (ਮੈਡੀਕਲ) ਫੀਸਦੀ ਅੰਕ ਲੈ ਕੇ ਰਹੀ ਅੱਵਲ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸੀ.ਬੀ.ਐੱਸ.ਈ. ਬੋਰਡ ਵੱਲੋਂ ਸੈਸ਼ਨ 2022-23 ਦੇ ਐਲਾਨੇ ਗਏ ਨਤੀਜਿਆਂ ਵਿੱਚ ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਦੇ ਵਿਦਿਆਰਥੀਆਂ ਨੇ ਰਿਕਾਰਡਤੋੜ ਤੇ ਬੇਮਿਸਾਲ ਨਤੀਜਾ ਦੇ ਕੇ ਸਕੂਲ ਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ। ਇਸ ਸ਼ਾਨਦਾਰ ਨਤੀਜੇ ਤੇ ਖ਼ੁਸ਼ੀ ਪ੍ਰਗਟ ਕਰਦਿਆਂ ਸਕੂਲ ਦੇ ਪ੍ਰਿੰਸੀਪਲ ਐੱਸ. ਬੀ. ਨਾਯਰ ਅਤੇ ਪ੍ਰਬੰਧਕ ਨਵਦੀਪ ਕੌਰ ਤੇ ਕੁਲਦੀਪ ਕੌਰ ਨੇ ਦੱਸਿਆ ਕਿ ਇਸ ਸਾਲ ਕੁੱਲ 116 ਵਿਦਿਆਰਥੀਆਂ ਨੇ ਬਾਰ੍ਹਵੀਂ ਦੀ ਪ੍ਰੀਖਿਆ ਦਿੱਤੀ ਸੀ ਜਿਨ੍ਹਾਂ ਵਿੱਚ 37 ਨਾਨ ਮੈਡੀਕਲ, 38 ਮੈਡੀਕਲ, ਤੇ 41 ਕਾਮਰਸ ਗਰੁੱਪ ਦੇ ਵਿਦਿਆਰਥੀ ਸਨ। ਪੱਛੜੇ ਇਲਾਕੇ ਵਿੱਚ ਪੜ੍ਹਾਈ ਕਰਕੇ ਸ਼ਹਿਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਟੱਕਰ ਦਿੰਦੇ ਹੋਏ ਸਕੂਲ ਦੇ ਮੈਡੀਕਲ ਗਰੁੱਪ ਦੇ ਵਿਦਿਆਰਥੀਆਂ ਵਿੱਚੋਂ ਹਰਮਨਦੀਪ ਕੌਰ ਸਪੁੱਤਰੀ ਗੁਰਮੀਤ ਸਿੰਘ ਵਾਸੀ ਭੱਟੀਆਂ ਨੇ 96.4% ਫੀਸਦੀ ਅੰਕ ਲੈ ਕੇ ਪਹਿਲਾ ਸਥਾਨ, ਵੀਰਪਾਲ ਕੌਰ ਸਪੁੱਤਰੀ ਮਨਜੀਤ ਸਿੰਘ ਵਾਸੀ ਭਿਖਾਰੀ ਹਾਰਨੀ 95.6% ਫੀਸਦੀ ਅੰਕ ਲੈ ਕੇ ਦੂਸਰਾ ਸਥਾਨ, ਗੁਰਨੂਰ ਕੌਰ ਸਪੁੱਤਰੀ ਦਵਿੰਦਰ ਸਿੰਘ ਵਾਸੀ ਕਾਲਾ ਬਾਲਾ 94.5 ਫੀਸਦੀ ਅੰਕ ਲੈ ਕੇ ਤੀਸਰਾ ਸਥਾਨ। ਨਾਨ-ਮੈਡੀਕਲ ਗਰੁੱਪ ਵਿੱਚੋਂ ਸਿਮਰਨਜੀਤ ਕੌਰ ਸਪੁੱਤਰੀ ਸੁਖਵਿੰਦਰ ਸਿੰਘ ਵਾਸੀ ਕਾਹਨੂੰਵਾਨ ਨੇ 95.4 ਫੀਸਦੀ ਅੰਕ ਲੈ ਕੇ ਪਹਿਲਾ ਸਥਾਨ, ਸੁਨੈਨਾ ਠਾਕੁਰ ਸਪੁੱਤਰੀ ਕਰਨ ਸਿੰਘ ਵਾਸੀ ਕੋਟਲੀ ਰੌਲਾ 95 ਫੀਸਦੀ ਅੰਕ ਲੈ ਕੇ ਦੂਜਾ ਸਥਾਨ,ਮੁਸਕਾਨ ਲੋਮਸ ਸਪੁੱਤਰੀ ਰਾਜ ਕੁਮਾਰ ਵਾਸੀ ਤਿੱਬੜ 94.4 ਲੈ ਕੇ ਤੀਸਰਾ ਸਥਾਨ। ਕਾਮਰਸ ਗਰੁੱਪ ਵਿੱਚੋਂ ਹਰਮਨਪ੍ਰੀਤ ਕੌਰ ਸਪੁੱਤਰੀ ਅਨੂਪ ਸਿੰਘ ਵਾਸੀ ਬਾਗੜੀਆਂ ਨੇ 95.4 ਫੀਸਦੀ ਅੰਕ ਲੈ ਕੇ ਪਹਿਲਾ ਸਥਾਨ, ਜੋਬਨਦੀਪ ਸਿੰਘ ਸਪੁੱਤਰ ਮਨਪ੍ਰੀਤ ਸਿੰਘ ਵਾਸੀ ਬੁੱਟਰ ਕਲਾਂ 93 ਫੀਸਦੀ ਅੰਕ ਲੈ ਕੇ ਦੂਜਾ ਸਥਾਨ, ਕੀਰਤੀ ਸਪੁੱਤਰੀ ਰਾਜੇਸ਼ ਕੁਮਾਰ ਵਾਸੀ ਘੁਕਲਾ ਅਤੇ ਹਰਮਨਪ੍ਰੀਤ ਕੌਰ ਸਪੁੱਤਰੀ ਕੁਲਵੰਤ ਸਿੰਘ 91.8 ਲੈ ਕੇ ਤੀਸਰਾ ਸਥਾਨ ਪ੍ਰਾਪਤ ਕਰ ਕੇ ਆਪਣੀ ਦ੍ਰਿੜ ਮਿਹਨਤ ਤੇ ਲਗਨ ਦਾ ਸਬੂਤ ਦੇ ਕੇ ਆਉਣ ਵਾਲੇ ਵਿਦਿਆਰਥੀਆਂ ਲਈ ਇਕ ਮੀਲ ਪੱਥਰ ਸਾਬਿਤ ਕੀਤਾ ਹੈ ।

ਇਸੇ ਨਤੀਜੇ ਵਿੱਚ ਸਕੂਲ ਦੇ 22 ਵਿਦਿਆਰਥੀਆਂ ਨੇ 90 ਫੀਸਦੀ ਤੋਂ ਉੱਪਰ, 50 ਵਿਦਿਆਰਥੀਆਂ ਨੇ 80 ਫੀਸਦੀ ਤੋਂ ਉੱਪਰ, 26 ਵਿਦਿਆਰਥੀਆਂ 70 ਫੀਸਦੀ ਤੋਂ ਵੱਧ ਤੇ ਬਾਕੀ ਸਾਰੇ ਵਿਦਿਆਰਥੀਆਂ ਨੇ ਫਸਟ ਡਿਵੀਜ਼ਨ ਲੈ ਕੇ ਸਕੂਲ ਦੇ ਮਾਣ ਨੂੰ ਵਧਾਇਆ ਹੈ।

ਇਸ ਤੋਂ ਇਲਾਵਾ ਸਕੂਲ ਦੇ ਤਿੰਨ ਵਿਦਿਆਰਥੀਆਂ ਹਰਮਨਪ੍ਰੀਤ ਕੌਰ ਵਾਸੀ ਭੱਟੀਆਂ, ਸਰਵਜੋਤ ਸਿੰਘ ਵਾਸੀ ਮਾਨ ਨੇ ਕਮਿਸਟਰੀ ਵਿੱਚੋਂ 99 ਅੰਕ, ਜੋਬਨਦੀਪ ਸਿੰਘ ਵਾਸੀ ਬੁੱਟਰ ਕਲਾਂ ਨੇ ਬਿਜਨਸ ਸਟੱਡੀ ਵਿਚੋਂ 99 ਅੰਕ ਲੈ ਕੇ ਮੀਲ ਪੱਥਰ ਸਾਬਤ ਕੀਤਾ ਹੈ। ਇਸ ਖ਼ੁਸ਼ੀ ਦੇ ਮੌਕੇ ਪ੍ਰਿੰਸੀਪਲ ਐਸ. ਬੀ. ਨਾਯਰ ਤੇ ਪ੍ਰਬੰਧਕ ਮੈਡਮ ਨਵਦੀਪ ਕੌਰ ਤੇ ਮੈਡਮ ਕੁਲਦੀਪ ਕੌਰ ਨੇ ਸਮੁੱਚੇ ਸਕੂਲ ਨੂੰ ਵਧਾਈ ਦਿੱਤੀ। ਇਸ ਮੌਕੇ ਮੈਡਮ ਪਲਵੀ ਸਰਮਾ , ਰਜਨੀਸ਼ ਕੁਮਾਰ, ਸੁਰਿੰਦਰ ਸਿੰਘ, ਦੀਪਕ ਸ਼ਰਮਾ, ਜਸਵਿੰਦਰ ਕੌਰ, ਨਿਸ਼ਾ ਸੱਘੜ, ਮੈਡਮ ਲਵਲੀਨ ਕੌਰ, ਵਿਸ਼ਾਲ ਸਿੰਘ ਤੇ ਹੋਰ ਸਕੂਲ ਅਧਿਆਪਕ ਹਾਜ਼ਰ ਸਨ।

15-May-Page-12.qxd 5/14/2023 10:21 PM Page 1



# ਪੈਰਾਗੋਨ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਸ਼ਾਨਦਾਰ



**ਮੋਹਾਲੀ (ਗੁਰਜੀਤ ਬਿੱਲਾ)** ਸੀ ਬੀ ਐਸ ਈ ਵੱਲੋਂ ਐਲਾਨੇ ਦੱਸਵੀਂ ਅਤੇ ਬਾਰ੍ਹਵੀਂ ਦੇ ਨਤੀਜੇ ਵਿੱਚ ਪੈਰਾਗੋਨ ਸੀਨੀਅਰ ਸੈਕੰਡਰੀ ਸਕੂਲ ਸੈਕਟਰ-71 ਮੋਹਾਲੀ ਦਾ ਨਤੀਜਾ ਸ਼ਾਨਦਾਰ ਰਿਹਾ। ਪ੍ਰਿੰਸੀਪਲ ਸ਼੍ਰੀਮਤੀ ਜਸਮੀਤ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਆਦਿੱਤਯ ਸਿੰਗਲਾ (ਮੈਡੀਕਲ- 93%), ਆਯੂਸ਼ ਵਰਮਾ (ਹਿਊਮੈਨੀਟੀਜ- 92.6%), ਅਨਮੋਲਪ੍ਰੀਤ ਸਿੰਘ (ਨਾਨ-ਮੈਡੀਕਲ- 91.8%), ਨਿਕੀਤਾ ਪਰਗਿਆਨ (91.8%), ਜੈਸਮੀਨ ਮਸੌਣ (ਨਾਨ-ਮੈਡੀਕਲ-91.2%), ਸਸਾਂਕ ਗੁਪਤਾ (ਨਾਨ-ਮੈਡੀਕਲ- 90.2%), ਖੁਸ਼ੀ (ਹਿਊਮੈਨੀਟੀਜ- 90.4%), ਸ਼ਿਵਾਂਗੀ (ਨਾਨ-ਮੈਡੀਕਲ-89.8%), ਨੂਰਦੀਪ ਸਿੰਘ (ਹਿਊਮੈਨੀਟੀਜ-89%) ਅੰਕ ਹਾਸਲ ਕੀਤੇ। ਦਸਵੀਂ ਦੇ ਐਲਾਨੇ ਨਤੀਜਿਆਂ ਵਿਚ ਵੀ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ ਜਿਸ ਵਿੱਚ ਵਾਮਿਕਾ ਸੈਣੀ (95.4%), ਵਰਿਤਿਕਾ ਸ਼ਰਮਾ (92.4%) ਅਤੇ ਖੁਸਾਗਰਾ (89.6%) ਅੰਕ ਹਾਸਿਲ ਕੀਤੇ। ਸਕੂਲ ਦੇ ਡਾਇਰੈਕਟਰ ਸਰਦਾਰ ਇਕਬਾਲ ਸਿੰਘ ਸੇਰਗਿੱਲ ਅਤੇ ਪ੍ਰਧਾਨ ਕੁਲਵੰਤ ਕੌਰ ਸ਼ੇਰਗਿੱਲ ਨੇ ਸਕੂਲ ਅਧਿਆਪਕਾਂ ਵੱਲੋਂ ਕੀਤੇ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਚੰਗੇ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ। ਉਹਨਾਂ ਆਸ ਜਤਾਈ ਕਿ ਆਉਣ ਵਾਲੇ ਸਮੇਂ ਵਿਚ ਵੀ ਇਹ ਸੰਸਥਾ ਅਤੇ ਆਪਣੇ ਮਾਪਿਆ ਦਾ ਨਾਂਅ ਰੌਸ਼ਨ ਕਰਦੇ ਰਹਿਣਗੇ।

# ਐਂਟੀ ਕੁਰੱਪਸ਼ਨ ਫਾਊਂਡੇਸ਼ਨ ਨੇ ਕੰਨਿਆ ਦੇ ਵਿਆਹ ਮੌਕੇ ਭੇਟ ਕੀਤੀ ਰਾਸ਼ਨ ਸਮੱਗਰੀ



**ਫਗਵਾੜਾ ( ਜਸਵਿੰਦਰ ਢੱਡਾ, ਡਾ. ਰਮਨ)**- ਐਂਟੀ ਕੁਰੱਪਸ਼ਨ ਫਾਊਂਡੇਸ਼ਨ ਆਫ ਇੰਡੀਆ ਦੀ ਤਰਫੋਂ ਸਟੇਟ ਡਾਇਰੈਕਟਰ ਗੁਰਦੀਪ ਸਿੰਘ ਕੰਗ ਦੀ ਅਗਵਾਈ ਹੇਠ ਅੱਜ ਇੱਕ ਹੋਰ ਲੋੜਵੰਦ ਪਰਵਾਰ ਨੂੰ ਕੰਨਿਆ ਦੇ ਵਿਆਹ ਮੌਕੇ ਰਾਸ਼ਨ ਸਮੱਗਰੀ ਅਤੇ ਨਗਦ ਸਹਾਇਤਾ ਸਮੇਤ ਦੋ ਛੱਤ ਵਾਲੇ ਪੱਖੇ ਭੇਟ ਕੀਤੇ ਗਏ। ਗੁਰਦੀਪ ਸਿੰਘ ਕੰਗ ਨੇ ਦੱਸਿਆ ਕਿ ਇਹ ਪ੍ਰੋਜੈਕਟ ਫਾਊਂਡੇਸ਼ਨ ਦੇ ਮੈਂਬਰਾਂ ਦੇ ਸਹਿਯੋਗ ਨਾਲ ਕੀਤਾ ਗਿਆ ਹੈ। ਪਿਛਲੇ ਮਹੀਨੇ ਵੀ ਇੱਕ ਪਰਵਾਰ ਨੂੰ ਲੜਕੀ ਦੇ ਵਿਆਹ ਲਈ ਅਜਿਹੀ ਹੀ ਸਹਾਇਤਾ ਦਿੱਤੀ ਗਈ ਸੀ। ਉਨ੍ਹਾ ਦੱਸਿਆ ਕਿ ਜਿੱਥੇ ਉਨ੍ਹਾਂ ਦੀ ਸੰਸਥਾ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਦੀ ਹੈ, ਉੱਥੇ ਸਮਾਜ ਸੇਵਾ ਦੇ ਕੰਮਾਂ ਵਿੱਚ ਵੀ ਮੋਹਰੀ ਭੂਮਿਕਾ ਨਿਭਾਉਂਦੀ ਹੈ। ਉਨ੍ਹਾ ਭਵਿੱਖ ਵਿੱਚ ਵੀ ਅਜਿਹੇ ਉਪਰਾਲੇ ਜਾਰੀ ਰੱਖਣ ਦਾ ਭਰੋਸਾ ਦਿੱਤਾ। ਇਸ ਦੌਰਾਨ ਹਾਜ਼ਰ ਲਾਇਨਜ਼ ਕਲੱਬ ਫਗਵਾੜਾ ਸਿਟੀ ਦੇ ਮੁਖੀ ਲਾਇਨ ਸੁਨੀਲ ਢੀਂਗਰਾ ਨੇ ਫਾਊਂਡੇਸ਼ਨ ਦੇ ਸੂਬਾਈ ਡਾਇਰੈਕਟਰ ਗੁਰਦੀਪ ਸਿੰਘ ਕੰਗ ਅਤੇ ਜ਼ਿਲ੍ਹਾ ਕਪੂਰਥਲਾ ਦੇ ਸਕੱਤਰ ਅਤੁਲ ਜੈਨ ਸਮੇਤ ਸਮੂਹ ਮੈਂਬਰਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੇ ਉਪਰਾਲੇ ਹਰ ਯੋਗ ਵਿਅਕਤੀ ਨੂੰ ਕਰਦੇ ਰਹਿਣੇ ਚਾਹੀਦੇ ਹਨ ਤਾਂ ਜੋ ਲੋੜਵੰਦ ਪਰਵਾਰਾਂ ਨੂੰ ਆਪਣੀਆਂ ਧੀਆਂ ਵਿਦਾ ਕਰਨ ਵਿੱਚ ਵੱਧ ਤੋਂ ਵੱਧ ਮਦਦ ਮਿਲ ਸਕੇ। ਇਸ ਪ੍ਰੋਜੈਕਟ ਦੀ ਸਫਲਤਾ ਵਿੱਚ ਜੁਗਲ ਬਵੇਜਾ, ਸੁਮਿਤ ਭੰਡਾਰੀ, ਸੰਜੇ ਤ੍ਰੇਹਨ ਤੇ ਵਿਪਨ ਸਿੰਘ ਠਾਕੁਰ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ।

# ਬੀ ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ 'ਚ ਮਾਂ ਦਿਵਸ ਮਨਾਇਆ



**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)** : ਬੀ ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ, ਵਾੜਾ ਜੋਧ ਸਿੰਘ ਵਿੱਚ ਮਾਂ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਇਸ ਵਿੱਚ ਵਿਦਿਆਰਥੀਆਂ ਨੇ ਵੱਖ-ਵੱਖ ਗਤੀਵਿਧੀਆਂ ਰਾਹੀਂ ਮਾਂ ਦੇ ਪ੍ਰਤੀ ਆਪਣੇ ਪਿਆਰ ਅਤੇ ਆਦਰ ਨੂੰ ਪ੍ਰਗਟ ਕੀਤਾ। ਕਿੰਡਰ-ਗਾਰਟਨ ਦੇ ਨੰਨ੍ਹੇ-ਮੁੰਨੇ ਵਿਦਿਆਰਥੀਆਂ ਨੇ ਆਪਣੀ ਮਾਤਾ ਲਈ ਸੁੰਦਰ ਕਵਿਤਾਵਾਂ ਪੇਸ਼ ਕੀਤੀਆਂ। ਸੀਨੀਅਰ ਵਿਦਿਆਰਥੀਆਂ ਨੇ ਆਪਣੀ ਮਾਤਾ ਦੀ ਫੋਟੋ ਦੇ ਨਾਲ ਸੁੰਦਰ ਕੋਲਾਜ, ਫੋਟੋ ਫਰੇਮ ਅਤੇ ਕਾਰਡ ਬਣਾਏ ਜੋ ਆਪਣੀ ਮਾਤਾ ਨੂੰ ਉਪਹਾਰ ਵਜੋਂ ਭੇਟ ਕੀਤੇ ਅਤੇ ਇਹ ਸੁਨਹਿਰੀ ਪਲਾਂ ਨੂੰ ਵੀਡੀਓ ਅਤੇ ਫੋਟੋ ਰਾਹੀਂ ਸਕੂਲ ਨਾਲ ਸਾਂਝਾ ਕੀਤਾ। ਵਿਦਿਆਰਥੀਆਂ ਨੇ ਪ੍ਰਿੰਸੀਪਲ ਅਤੇ ਅਧਿਆਪਕਾਂ ਨੂੰ ਵੀ ਮਾਂ ਦਾ ਦਰਜਾ ਦਿੰਦੇ ਹੋਏ ਫੁੱਲਾਂ ਨਾਲ ਸਨਮਾਨਤ ਕੀਤਾ। ਸਕੂਲ ਮੈਨੇਜਮੈਂਟ ਅਤੇ ਪ੍ਰਿੰ. ਨੀਤਿਮਾ ਪੁਰੀ ਨੇ ਵਿਦਿਆਰਥੀਆਂ ਨੂੰ ਹਮੇਸ਼ਾ ਮਾਂ ਪ੍ਰਤੀ ਸਤਿਕਾਰ ਅਤੇ ਪਿਆਰ ਦੇਣ ਲਈ ਪ੍ਰੇਰਿਤ ਕੀਤਾ।

# ਗੋਇਨਕਾ ਇੰਟਰਨੈਸ਼ਨਲ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ



**ਕਪੂਰਥਲਾ, ( ਹਨੀ )**- ਸੀ ਬੀ ਐਸ ਈ ਬੋਰਡ ਵੱਲੋਂ ਐਲਾਨੇ 10ਵੀਂ ਜਮਾਤ ਦੇ ਨਤੀਜੇ 'ਚ ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ। ਪ੍ਰਿੰ. ਕੰਵਲਜੀਤ ਕੌਰ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਦਸਵੀਂ ਜਮਾਤ ਦਾ ਨਤੀਜਾ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ 100 ਫੀਸਦੀ ਰਿਹਾ ਹੈ, ਜੋ ਸਟਾਫ਼ ਮੈਂਬਰਾਂ ਤੇ ਵਿਦਿਆਰਥੀਆਂ ਲਈ ਮਾਣ ਵਾਲੀ ਗੱਲ ਹੈ। ਉਨ੍ਹਾ ਦੱਸਿਆ ਕਿ 50 ਫੀਸਦੀ ਵਿਦਿਆਰਥੀਆਂ ਨੇ 80 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕਰਕੇ ਵਿੱਦਿਅਕ ਅਦਾਰੇ ਦਾ ਨਾਂਅ ਰੌਸ਼ਨ ਕੀਤਾ । ਸਕੂਲ ਦੀ ਟਾਪਰ ਰਹੀ ਵਿਦਿਆਰਥਣ ਨਵਦੀਪ ਕੌਰ ਨੇ 91.6 ਫੀਸਦੀ ਅੰਕ ਪ੍ਰਾਪਤ ਕਰਕੇ ਮੈਰਿਟ ਸੂਚੀ 'ਚ ਸਥਾਨ ਹਾਸਲ ਕੀਤਾ। ਸਕੂਲ ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ ਅਤੇ ਸਕੱਤਰ ਪਰਮਿੰਦਰ ਕੌਰ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਸਟਾਫ਼ ਮੈਂਬਰਾਂ ਨੂੰ ਵਧਾਈ ਦਿੱਤੀ।

# ਆਈ ਪੀ ਐੱਸ ਸਕੂਲ ਦਾ 12ਵੀਂ ਤੇ 10ਵੀਂ ਦਾ ਨਤੀਜਾ ਰਿਹਾ ਸ਼ਾਨਦਾਰ

**ਕੁਰਾਲੀ, (ਮੋਹਨ ਅੱਗਰਵਾਲ ਜੋਗਾ)** : ਸਥਾਨਕ ਸ਼ਹਿਰ ਦੇ ਪਪਰਾਲੀ ਮਾਰਗ 'ਤੇ ਸਥਿਤ ਇੰਟਰਨੈਸ਼ਨਲ ਪਬਲਿਕ ਸਕੂਲ ਦੇ 12ਵੀਂ ਅਤੇ 10ਵੀਂ ਜਮਾਤ ਦੇ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਤੋਂ ਮੱਲਾਂ ਮਾਰਦੇ ਹੋਏ ਇਲਾਕੇ ਵਿੱਚ ਸਕੂਲ ਦਾ ਨਾਂਅ ਰੋਸ਼ਨ ਕੀਤਾ। ਨਤੀਜਿਆਂ ਸੰਬੰਧੀ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰ. ਪੀ. ਸੈਂਗਰ ਨੇ ਦੱਸਿਆ ਕਿ ਅੱਜ ਉਹ ਬਹੁਤ ਮਾਣ ਮਹਿਸੂਸ ਕਰ ਰਹੇ ਹਨ ਕਿ ਆਈ ਪੀ ਐਸ ਦੇ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਤੋਂ ਸਫਲਤਾ ਦੀ ਕਹਾਣੀ ਰਚਦੇ ਹੋਏ 12ਵੀਂ ਜਮਾਤ ਅਤੇ 10ਵੀਂ ਜਮਾਤ ਦੀ ਸੀ ਬੀ ਐਸ ਈ ਪ੍ਰੀਖਿਆ 2022-23 ਵਿੱਚ ਸ਼ਾਨਦਾਰ ਨਤੀਜੇ ਹਾਸਲ ਕੀਤੇ ਹਨ । ਉਨ੍ਹਾ ਦੱਸਿਆ ਕਿ 12ਵੀਂ ਜਮਾਤ ਦੀ ਸ਼ੁਭਕਿਰਨ ਕੌਰ (ਹਿਊਮੈਨੀਟੀਜ਼ ਸਟਰੀਮ) ਨੇ 96.4 ਫੀਸਦੀ ਅੰਕ ਲੈ ਕੇ ਸਕੂਲ ਵਿੱਚੋਂ ਪਹਿਲੇ ਸਥਾਨ 'ਤੇ ਰਹੀ, ਮਹਿਕਪ੍ਰੀਤ ਕੌਰ (ਹਿਊਮੈਨੀਟੀਜ਼ ਸਟਰੀਮ) ਨੇ 96.2 ਫੀਸਦੀ ਅੰਕ ਲੈ ਕੇ ਦੂਸਰਾ ਅਤੇ ਮਹਿਕ ਸਿੰਘੀ (ਕਾਮਰਸ ਸਟ੍ਰੀਮ) ਨੇ 93.4 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ । ਉਨ੍ਹਾਂ ਅੱਗੇ ਦੱਸਿਆ ਕਿ ਬਾਰ੍ਹਵੀਂ ਜਮਾਤ ਵਿੱਚ ਸਕੂਲ ਦੇ 96 ਵਿਦਿਆਰਥੀਆਂ ਨੇ ਸੀ ਬੀ ਐਸ ਈ ਪ੍ਰੀਖਿਆ 2022-23 ਹਿੱਸਾ ਲਿਆ ਸੀ, ਜਿਨ੍ਹਾਂ ਵਿੱਚੋਂ 25 ਵਿਦਿਆਰਥੀਆਂ ਨੇ ਆਪਣੀਆਂ ਸਟਰੀਮਾਂ ਵਿੱਚ 80 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ ਅਤੇ ਉਨ੍ਹਾਂ ਵਿੱਚੋਂ 7 ਵਿਦਿਆਰਥੀਆਂ ਨੇ 90 ਫੀਸਦੀ ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ । ਇਸੇ ਤਰਾਂ ਦਸਵੀਂ ਜਮਾਤ ਵਿੱਚੋਂ ਗੁਰਨੀਜ ਕੌਰ ਪੁਰੇਵਾਲ 94 ਫੀਸਦੀ ਅੰਕ ਲੈ ਕੇ ਸਕੂਲ



ਵਿੱਚੋਂ ਪਹਿਲੇ ਸਥਾਨ 'ਤੇ ਰਹੀ, ਸਬਦਰੀਤ ਕੌਰ ਗਿੱਲ 92 ਫੀਸਦੀ ਅੰਕ ਲੈ ਕੇ ਦੂਸਰਾ ਅਤੇ ਹਸਮੀਤ ਕੌਰ ਅਤੇ ਅਰਮਨਦੀਪ ਸਿੰਘ 91.8 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ ।

ਉਨ੍ਹਾ ਇਸ ਸ਼ਾਨਦਾਰ ਨਤੀਜਿਆਂ ਲਈ ਸਾਰੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਸਕੂਲ ਦੇ ਸਮਰਪਿਤ ਸਟਾਫ ਨੂੰ ਵਧਾਈ ਦਿੰਦੇ ਹੋਏ ਪਾਸ ਹੋਏ ਸਾਰੇ ਵਿਦਿਆਰਥੀਆਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ ।

# ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦਾ 12ਵੀਂ ਦਾ ਨਤੀਜਾ ਸ਼ਾਨਦਾਰ



**ਕਪੂਰਥਲਾ, ( ਹਨੀ )**- ਸੀ.ਬੀ.ਐੱਸ.ਈ ਵੱਲੋਂ ਐਲਾਨੇ 12ਵੀਂ ਜਮਾਤ ਦੇ ਨਤੀਜੇ 'ਚ ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਪ੍ਰਭਦੀਪ ਕੌਰ ਮੋਂਗਾ ਨੇ ਦੱਸਿਆ ਕਿ ਸਕੂਲ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ ਹੈ । ਪਵਨਦੀਪ ਕੌਰ ਨੇ 95.2 ਫੀਸਦੀ ਅੰਕ, ਅਨਮੋਲਪ੍ਰੀਤ ਕੌਰ ਨੇ 94.2 ਫੀਸਦੀ, ਹਰਪ੍ਰੀਤ ਕੌਰ ਨੇ 92.2 ਫੀਸਦੀ, ਕੋਮਲਪ੍ਰੀਤ ਕੌਰ 90.6 ਫੀਸਦੀ ਅਤੇ ਸੁਮਨਜੋਤ ਕੌਰ ਵੱਲੋਂ 90.4 ਫੀਸਦੀ ਅੰਕ ਹਾਸਲ ਕਰਦਿਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ । ਉਨ੍ਹਾ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਇਹ ਸਾਰੇ ਵਿਦਿਆਰਥੀ ਕਾਮਰਸ ਗਰੁੱਪ ਨਾਲ ਸੰਬੰਧਤ ਹਨ । ਉਨ੍ਹਾ ਹੋਰ ਦੱਸਿਆ ਕਿ ਕੋਨੀਸਕਾ ਮਹਿਤਾ ਮੈਡੀਕਲ 89 ਫੀਸਦੀ, ਗੁਰਸਿਮਰਨ ਕਾਮਰਸ 88.6 ਫੀਸਦੀ, ਰਾਜਨਬੀਰ ਸਿੰਘ ਕਾਮਰਸ ਤੇ ਸੁਹਾਨੀ ਆਰਟਸ 88 ਫੀਸਦੀ, ਸਜਨੀਤ ਆਰਟਸ 87.6 ਫੀਸਦੀ, ਸਪਨਾ ਆਰਟਸ 86.8 ਫੀਸਦੀ, ਪਲਕ ਨਾਨ ਮੈਡੀਕਲ 85.2 ਫੀਸਦੀ, ਜਸਰੀਨ ਕਾਮਰਸ 85.2 ਫੀਸਦੀ, ਵੰਸ਼ਦੀਪ ਸਿੰਘ ਕਾਮਰਸ 84.8 ਫੀਸਦੀ, ਪਵਨਪ੍ਰੀਤ ਕੌਰ 83.2 ਅਤੇ ਸਿਮਰਨਪ੍ਰੀਤ ਕੌਰ ਮਰੋਕ 83 ਫੀਸਦੀ ਅੰਕ ਪ੍ਰਾਪਤ ਕਰਨ ਵਿਚ ਸਫਲ ਰਹੇ । ਪ੍ਰਿੰਸੀਪਲ ਮੋਂਗਾ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ 90 ਤੋਂ 100 ਫੀਸਦੀ 5 ਵਿਦਿਆਰਥੀ, 80 ਤੋਂ 90 ਫੀਸਦੀ 15 ਵਿਦਿਆਰਥੀ, 70 ਤੋਂ 79 ਫੀਸਦੀ 12 ਵਿਦਿਆਰਥੀ ਅਤੇ 21 ਵਿਦਿਆਰਥੀਆਂ ਨੇ 60 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਅਤੇ ਪ੍ਰਿੰਸੀਪਲ ਮੋਂਗਾ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਸਟਾਫ਼ ਮੈਂਬਰਾਂ ਨੂੰ ਵਧਾਈ ਦਿੱਤੀ ।

# ਫਾਲਕਨ ਸਕੂਲ ਦੀ ਨੂਰ ਪਹਿਲੇ ਤੇ ਗੁਰਮੰਨਤ ਨੂੰ ਦੂਜਾ ਸਥਾਨ




**ਸੁਲਤਾਨਪੁਰ ਲੋਧੀ, (ਹਨੀ)**-ਫਾਲਕਨ ਇੰਟਰਨੈਸ਼ਨਲ ਸਕੂਲ ਦਾ ਸੀ.ਬੀ.ਐਸ.ਈ ਦਸਵੀਂ ਦਾ ਨਤੀਜਾ ਸ਼ਾਨਦਾਰ ਰਿਹਾ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰਿੰ. ਬਲਜੀਤ ਕੌਰ ਜੋਸਨ ਨੇ ਦੱਸਿਆ ਕਿ ਦਸਵੀਂ ਦਾ ਨਤੀਜਾ 100 ਫੀਸਦੀ ਰਿਹਾ। ਸਕੂਲ ਦੇ ਦਸਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਨੇ ਬਹੁਤ ਹੀ ਵਧੀਆ ਅੰਕ ਹਾਸਲ ਕੀਤੇ। ਵਿਦਿਆਰਥਣ ਨੂਰ ਨੇ 93 ਫੀਸਦੀ ਅੰਕ ਲੈ ਕੇ ਪਹਿਲਾ ਸਥਾਨ, ਗੁਰਮੰਨਤ ਕੌਰ ਨੇ 91.4 ਫੀਸਦੀ ਨੰਬਰ ਲੈ ਕੇ ਦੂਜਾ ਸਥਾਨ, ਹਰਕੀਰਤ ਕੌਰ ਨੇ 81 ਫੀਸਦੀ ਨੰਬਰ ਲੈ ਕੇ ਤੀਜਾ ਅਤੇ ਮਨਮੀਤ ਸਿੰਘ ਨੇ 78 ਫੀਸਦੀ ਨੰਬਰ ਹਾਸਲ ਕਰਕੇ ਚੌਥਾ ਸਥਾਨ ਪ੍ਰਾਪਤ ਕੀਤਾ । ਸਕੂਲ ਦੇ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋਂ ਅਤੇ ਡਾਇਰੈਕਟਰ ਮੈਡਮ ਨਵਦੀਪ ਕੌਰ ਢਿੱਲੋਂ ਨੇ ਹੋਣਹਾਰ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਸਟਾਫ਼ ਮੈਂਬਰਾਂ ਨੂੰ ਵਧਾਈ ਦਿੱਤੀ । ਪ੍ਰਿੰ. ਬਲਜੀਤ ਕੌਰ ਜੋਸਨ ਅਤੇ ਸਟਾਫ ਮੈਂਬਰਾਂ ਨੇ ਵੀ ਬੱਚਿਆਂ ਨੂੰ ਚੰਗੇ ਨਤੀਜੇ ਆਉਣ 'ਤੇ ਮੁਬਾਰਕਬਾਦ ਦਿੱਤੀ ਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ ।

# ਡੀ ਏ ਵੀ ਸਕੂਲ ਫਿਲੌਰ ਦਾ ਦਸਵੀਂ ਦਾ ਨਤੀਜਾ ਸ਼ਾਨਦਾਰ

**ਫਿਲੌਰ ( ਬੀ ਐਸ ਕੈਨੇਡੀ )**-ਡੀ ਆਰ ਵੀ ਡੀ ਏ ਵੀ ਸੈਂਟੇਨਰੀ ਪਬਲਿਕ ਸਕੂਲ ਫਿਲੌਰ ਦਾ




ਨਤੀਜਾ ਹਰ ਵਾਰ ਦੀ ਤਰ੍ਹਾਂ ਬਹੁਤ ਸ਼ਾਨਦਾਰ ਰਿਹਾ । ਸਕੂਲ ਦੇ ਅਧਿਆਪਕਾਂ ਦੀ ਮਿਹਨਤ ਨੇ ਇਸ ਰਫਤਾਰ ਨੂੰ ਹੌਲੀ ਨਹੀਂ ਹੋਣ ਦਿੱਤਾ। ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀਆਂ ਨੇ ਮਿਹਨਤ ਅਤੇ ਪੜ੍ਹਾਈ ਦੇ ਨਵੇਂ ਤਰੀਕਿਆਂ ਨੂੰ ਅਪਣਾ ਕੇ ਸਫਲਤਾ ਦੇ ਨਵੇਂ ਝੰਡੇ ਗੱਡੇ। ਦਸਵੀਂ ਜਮਾਤ ਦਾ ਨਤੀਜਾ 100 ਪ੍ਰਤੀਸ਼ਤ ਰਿਹਾ । ਦਸਵੀਂ ਜਮਾਤ ਵਿਚੋਂ ਵਿਦਿਆਰਥੀ ਅਰਮਾਨਦੀਪ(95.4) ਅੰਕ ਪ੍ਰਾਪਤ ਕਰਕੇ ਸਕੂਲ 'ਚੋਂ ਪਹਿਲਾ, ਵਿਦਿਆਰਥਣ ਸਾਂਚੀ ਗੋਇਲ ਨੇ (95.2) ਅੰਕ ਪ੍ਰਾਪਤ ਕਰਕੇ ਦੂਜਾ, ਕਰਮਨਤ ਕੌਰ ਨ`( 94.8) ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। 90 ਪ੍ਰਤੀਸ਼ਤ ਤੋਂ ਵੱਧ 19 ਵਿਦਿਆਰਥੀ , 80 ਪ੍ਰਤੀਸ਼ਤ ਤੋਂ ਵੱਧ 52 ਵਿਦਿਆਰਥੀ ਅਤੇ 70 ਪ੍ਰਤੀਸ਼ਤ ਤੋਂ ਉੱਪਰ 92 ਵਿਦਿਆਰਥੀ ਰਹੇ । ਵਿਸ਼ੇ ਅਨੁਸਾਰ ਕ੍ਰਮਵਾਰ ਪੰਜਾਬੀ, ਆਈ ਟੀ ਵਿਚੋਂ ਵੱਧ ਤੋਂ ਵੱਧ ਅੰਕ 100 ਅੰਕ ਰਹੇ, ਸੋਸ਼ਲ ਸਾਇੰਸ 98 ਅੰਕ, ਮੈਥਸ ਵਿਸ਼ੇ ਵਿੱਚੋਂ 97 ਅੰਕ, ਅੰਗਰੇਜ਼ੀ ਵਿਸ਼ੇ ਵਿੱਚੋਂ (94 ਅੰਕ ), ਸਾਇੰਸ 91 ਅੰਕ ਵਧੇਰੇ ਰਹੇ। ਪ੍ਰਿੰ. ਡਾ. ਯੋਗੇਸ਼ ਗੰਭੀਰ ਨੇ ਕਿਹਾ ਕਿ ਡੀ ਏ ਵੀ ਸੀ ਐਮ ਸੀ ਦੇ ਪ੍ਰਧਾਨ ਪੂਨਮ ਸੂਰੀ ਦੇ ਆਸ਼ੀਰਵਾਦ ਦੇ ਨਾਲ ਸਕੂਲ ਨਿਰੰਤਰ ਤਰੱਕੀ ਕਰ ਰਿਹਾ ਹੈ । ਉਨ੍ਹਾਂ ਨੇ ਸਾਰੇ ਮਾਪੇ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਐਲ ਐਮ ਸੀ ਦੇ ਸਾਰੇ ਮੈਂਬਰਾਂ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਸਫਲ ਭਵਿੱਖ ਦੀ ਕਾਮਨਾ ਕੀਤੀ ।

# ਨਕੋਦਰ ਜ਼ਿਮਨੀ ਚੋਣ ਜਿੱਤ ਦੀ ਖੁਸ਼ੀ 'ਚ ਆਪ ਦਫਤਰ 'ਚ ਖੁਸ਼ੀ ਦਾ ਮਾਹੌਲ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਅੱਜ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਰਿੰਕੂ ਦੇ ਭਾਰੀ ਬਹੁਮਤ ਨਾਲ ਜੇਤੂ ਕਰਾਰ ਦਿੱਤੇ ਨਾਲ ਆਮ ਆਦਮੀ ਪਾਰਟੀ ਦੇ ਵਰਕਰਾਂ 'ਚ ਖੁਸ਼ੀ ਦਾ ਮਾਹੌਲ ਸੀ। ਇਸ ਤੋਂ ਇਲਾਵਾ ਨਕੋਦਰ ਜ਼ਿਮਨੀ ਚੋਣ ਵਿਚ ਵੀ ਐਮ ਐਲ ਏ ਮੈਡਮ ਇੰਦਰਜੀਤ ਕੌਰ ਮਾਨ ਦਾ ਹਲਕਾ ਵਿਧਾਨ ਸਭਾ ਵਜੋਂ ਵੀ ਜੇਤੂ ਰਿਹਾ । ਇਸ ਦੇ ਨਾਲ ਆਮ ਆਦਮੀ ਪਾਰਟੀ ਦਫਤਰ ਨਕੋਦਰ 'ਚ ਖੁਸ਼ੀ ਦਾ ਮਹੌਲ ਸੀ। ਇਸ ਤਰ੍ਹਾਂ ਲੱਗ ਰਿਹਾ ਸੀ ਕੀ ਜਿਵੇਂ ਵਿਆਹ ਰੱਖਿਆ ਹੋਵੇ। ਵਰਕਰਾਂ ਵਿੱਚ ਭਾਰੀ ਉਤਸ਼ਾਹ ਸੀ। ਇਸ ਮੌਕੇ ਹਲਕਾ ਨਕੋਦਰ ਦੇ ਐਮ ਐਲ ਏ ਇੰਦਰਜੀਤ ਕੌਰ ਮਾਨ ਦਾ ਫੁੱਲ-ਮਾਲਾਵਾਂ ਪਾ ਕੇ ਸਵਾਗਤ ਕੀਤਾ ਗਿਆ । ਇੰਦਰਜੀਤ ਕੌਰ ਮਾਨ ਨੇ ਆਪਣੇ ਸਮੂਹ ਵਲੰਟੀਅਰਾਂ ਅਤੇ ਹਲਕੇ ਦੇ ਸਾਰੇ ਵੋਟਰਾਂ ਅਤੇ ਸਪੋਟਰਾਂ ਨੂੰ ਵਧਾਈ ਦਿੱਤੀ ਤੇ ਕਿਹਾ ਇਹ ਸਭ ਤੁਹਾਡੀ ਸਾਰਿਆਂ ਦੀ ਮਿਹਨਤ ਦਾ ਹੀ ਨਤੀਜਾ ਹੈ ਕਿ ਆਪਾਂ ਸਾਰੇ ਵੱਡੀ ਲੀਡ ਲੈ ਕੇ ਨਕੋਦਰ ਵਿੱਚ ਕਾਮਯਾਬ ਹੋਏ ਹਾਂ। ਇਸ ਮੌਕੇ ਉਨ੍ਹਾਂ ਦੇ ਨਾਲ ਜਤਿੰਦਰ ਸਿੰਘ ਟਾਹਲੀ, ਅਮਿਤ ਆਹੂਜਾ, ਸੰਜੀਵ ਅਹੂਜਾ ਵੀ ਸਨ। ਇਸ ਤੋਂ ਬਾਅਦ ਸਾਰਿਆਂ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਗਿਆ ਤੇ ਢੋਲ ਦੀ ਥਾਪ 'ਤੇ ਭੰਗੜਾ ਪਾ ਕੇ ਜਸ਼ਨ ਮਨਾਇਆ ਗਿਆ। ਇਸ ਮੌਕੇ ਜਸਵੀਰ ਸਿੰਘ ਧੰਜਲ, ਸ਼ਾਂਤੀ ਸਰੂਪ ਜ਼ਿਲ੍ਹਾ ਸਕੱਤਰ ਐਸ ਸੀ ਐਸ ਟੀ ਵਿੰਗ, ਨਰੇਸ਼ ਕੁਮਾਰ ਸੀਨੀਅਰ ਆਗੂ, ਸੁਖਵਿੰਦਰ ਗਡਵਾਲ, ਬਲਦੇਵ ਸਹੋਤਾ, ਅਮਰਦੀਪ ਸਿੰਘ ਟਾਹਲੀ, ਐਡਵੋਕੇਟ ਜਗਰੂਪ ਗੁਲਸ਼ਨ ਕੁਮਾਰ ਪੀ ਏ, ਮੋਹਿਤ ਪੀ ਏ ਪਰਦੀਪ ਸ਼ੇਰਪੁਰ, ਅਸ਼ਵਨੀ ਕੋਹਲੀ ਸਾਬਕਾ ਕੌਂਸਲਰ, ਦਰਸ਼ਨ ਸਿੰਘ ਟਾਹਲੀ ਜ਼ਿਲ੍ਹਾ ਪਰਿਸ਼ਦ ਵਾਇਸ ਚੇਅਰਮੈਨ, ਸਾਬੀ ਧਾਲੀਵਾਲ, ਨਰਿੰਦਰ ਸ਼ਰਮਾ, ਡਾ. ਜੀਵਨ ਸਹੋਤਾ, ਤਰਨਪ੍ਰੀਤ ਸਿੰਘ, ਕਰਣ ਸ਼ਰਮਾ, ਬੋਬੀ ਸ਼ਰਮਾ, ਮਨਮੋਹਨ ਸਿੰਘ ਟੱਕਰ, ਸੰਜੀਵ ਟੱਕਰ, ਅਮਿਤ ਕਮਾਰ, ਹਿਮਾਂਸ਼ੂ ਜੈਨ, ਜਸਪ੍ਰੀਤ ਸਿੰਘ ਥਾਪਰ, ਸੰਦੀਪ ਸਿੰਘ ਸੋਢੀ,ਵਿੱਕੀ ਭਗਤ ,ਬੀ. ਕੇ . ਸਾਬਕਾ ਕੌਂਸਲਰ, ਲਖਵੀਰ ਕੌਰ ਸੰਘੇੜਾ ਮਹਿਲਾ ਕੋਆਰਡੀਨੇਟਰ, ਬਲਜਿੰਦਰ ਭੋਡੀਪੁਰ, ਜਸਵੀਰ ਸਿੰਘ ਸ਼ੰਕਰ ਬਲਾਕ ਪ੍ਰਧਾਨ, ਸੋਨੂੰ ਖੀਵਾ, ਸਤਨਾਮ ਬਾਵਾ, ਮੰਗਲ ਸਿੰਘ, ਨਿੱਕਾ ਖਾਨ, ਮਿੰਟੂ ਧੀਰ, ਮੰਗਤ ਰਾਏ, ਆਸ਼ਾ ਰਾਣੀ , ਸਰਬਜੀਤ ਕੌਰ ਧਾਲੀਵਾਲ, ਕਰਨੈਲ ਰਾਮ ਬਾਲੂ, ਲਖਵਿੰਦਰ ਸਿੰਘ , ਸ੍ਰੀ ਉੱਪਲ, ਦਵਿੰਦਰ ਪਾਲ ਚਾਹਲ, ਪਰਮਜੀਤ ਪੰਮਾ ਚਾਹਲ, ਹਰਭਜਨ ਸਿੰਘ ਬੁੱਧੂ ਬਾਠਾਂ, ਮਨਜੀਤ ਸਿੰਘ ਕੰਦੋਲਾ, ਵੈਦ ਪ੍ਰਕਾਸ਼ ਸਿੱਧਮ, ਅਜੀਤ ਸਿੱਧਮ, ਪਰਮਜੀਤ ਰਾਮੇਵਾਲ, ਦਵਿੰਦਰ ਸੰਧੂ, ਹਰਜੀਤ ਸਿੰਘ ਸੋਨੂੰ ਸੁਨੜਾ, ਮਿੱਤੂ ਨਈਅਰ, ਮਿੰਟੂ ਨਈਅਰ ਨੂਰਮਹਿਲ, ਪ੍ਰੇਮ ਬਤਰਾ, ਪ੍ਰਮੋਦ ਕੁਮਾਰ ਸੇਖੜੀ ਆਦਿ ਸ਼ਾਮਲ ਸਨ ।



# ਲਾਇਲਪੁਰ ਖਾਲਸਾ ਕਾਲਜ ਫਾਰ ਵੂਮੈਨ ਵਿਖੇ ਪਹਿਲਵਾਨ ਖਿਡਾਰਨਾਂ ਦੇ ਸੰਘਰਸ਼ ਦੇ ਸਮਰਥਨ 'ਚ ਕੱਢੀ ਰੈਲੀ




**ਜਲੰਧਰ (ਇਕਬਾਲ ਸਿੰਘ ਉੱਭੀ)**-ਲਾਇਲਪੁਰ ਖਾਲਸਾ ਕਾਲਜ ਫਾਰ ਵਿਮਨ, ਜਲੰਧਰ ਵਿਖੇ ਪਹਿਲਵਾਨ ਭਾਰਤੀ ਕੁਸ਼ਤੀ ਸੰਘ ਦੇ ਬ੍ਰਿਜਭੂਸ਼ਨ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਤੇ ਪਹਿਲਵਾਨ ਖਿਡਾਰਨਾਂ ਦੇ ਕੀਤੇ ਜਾ ਰਹੇ ਸੰਘਰਸ਼ ਦੇ ਸਮਰਥਨ ਵਿਚ ਕੈਂਡਲ ਮਾਰਚ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ. ਨਵਜੋਤ ਮੈਡਮ ਨੇ ਕਾਲਜ ਵਿਦਿਆਰਥਣਾਂ ਦੀ ਰੈਲੀ ਨੂੰ ਸੰਬੋਧਿਤ ਕਰਦਿਆ ਕਿਹਾ ਕਿ ਮਹਿਲਾ ਪਹਿਲਵਾਨਾਂ ਦਾ ਅਰੋਪ ਹੈ ਕਿ ਬ੍ਰਿਜਭੂਸ਼ਨ ਨੇ ਉਹਨਾਂ ਨਾਲ ਯੋਨ ਦੁਰਵਿਵਹਾਰ ਕੀਤਾ ਹੈ। ਇਸ ਸੰਬੰਧੀ ਇਨਸਾਫ ਲੈਣ ਲਈ ਜੰਤਰ-ਮੰਤਰ ਵਿਖੇ ਇਹਨੀ ਦਿਨੀਂ ਸੰਘਰਸ਼ ਕੀਤਾ ਜਾ ਰਿਹਾ ਹੈ। ਇਸ ਸ਼ੰਘਰਸ਼ ਨੂੰ ਸਮਰਥਨ ਦੇਣਾ ਅੱਜ ਹਰ ਭਰਤੀ ਔਰਤ/ਮਰਦ ਦਾ ਨੈਤਿਕ ਫਰਜ਼ ਹੈ ਤਾਂ ਜੋ ਗੁਨਾਹਗਾਰ ਵਿਅਕਤੀਆਂ ਨੂੰ ਸਜ਼ਾ ਦਿਵਾ ਕੇ ਸੋਸ਼ਿਤ ਕੁੜੀਆਂ ਦੀ ਆਵਾਜ਼ ਨੂੰ ਇਨਸਾਫ ਦਿਵਾਇਆ ਜਾ ਸਕੇ। 23 ਅਪ੍ਰੈਲ ਤੋਂ ਚੱਲ ਰਹੇ ਇਸ ਸੰਗਰਸ਼ ਦੇ ਹੱਕ ਵਿਚ ਕਾਲਜ ਵਿਦਿਆਰਥਣਾਂ ਵੱਲੋਂ ਕੈਂਡਲ ਮਾਰਚ ਕੱਢਿਆ ਗਿਆ ਜਿਸਦੀ ਅਗਵਾਈ ਕਾਲਜ ਪ੍ਰਿੰਸੀਪਲ ਡਾ. ਨਵਜੋਤ ਮੈਡਮ ਤੇ ਇਤਿਹਾਸ ਵਿਭਾਗ ਦੇ ਡਾ. ਮਨਿੰਦਰ ਅਰੋੜਾ ਨੇ ਟੀਚਰ ਇੰਚਾਰਜ਼ ਵਜੋਂ ਭੂਮਿਕਾ ਨਿਭਾਈ। ਇਸ ਮੌਕੇ 'ਤੇ ਵਿਦਿਆਰਥਣਾਂ ਨੇ ਵੱਖੋ-ਵੱਖਰੇ ਸਲੋਗਨਾਂ ਸਮੇਤ ਨਾਅਰੇ ਵੀ ਬੁਲੰਦ ਕੀਤੇ।

# ਰਵੀ ਲਖਨਪਾਲ ਲਾਇਨਜ਼ ਕਲੱਬ ਟਾਂਡਾ ਫਤਿਹ ਦੇ ਨਵੇਂ ਪ੍ਰਧਾਨ ਬਣੇ




**ਟਾਂਡਾ ਉੜਮੁੜ (ਉਂਕਾਰ ਸਿੰਘ, ਜਸਵਿੰਦਰ ਸੰਧੂ)**-ਅੱਜ ਲਾਇਨਜ਼ ਕਲੱਬ ਟਾਂਡਾ ਫਤਿਹ ਦੇ ਪ੍ਰਧਾਨ ਕਰਨੈਲ ਸਿੰਘ ਮਾਲਵਾ ਦੀ ਅਗਵਾਈ 'ਚ ਕਲੱਬ ਦੀ ਨਵੀਂ ਟੀਮ ਦੀ ਚੋਣ ਲਈ ਟਾਂਡਾ ਵਿਖੇ ਇਕ ਖਾਸ ਮੀਟਿੰਗ ਕੀਤੀ ਗਈ। ਜਿਸ ਦੌਰਾਨ ਲਾਇਨਜ਼ ਕਲੱਬ ਟਾਂਡਾ ਫਤਿਹ ਦੇ ਸਾਰੇ ਮੈਂਬਰ ਸ਼ਾਮਲ ਹੋਏ ਅਤੇ ਸਾਲ 2023-2024 ਲਈ ਆਪਣੀ ਨਵੀਂ ਟੀਮ ਦੀ ਚੋਣ ਕੀਤੀ। ਇਸ ਦੌਰਾਨ ਸਮੂਹ ਮੈਂਬਰਾਂ ਦੀ ਸਹਿਮਤੀ ਨਾਲ ਰਵੀ ਲਖਨਪਾਲ ਨੂੰ ਲਾਇਨਜ਼ ਕਲੱਬ ਟਾਂਡਾ ਫਤਿਹ ਦਾ ਨਵਾਂ ਪ੍ਰਧਾਨ ਚੁਣਿਆ ਗਿਆ। ਅਵਤਾਰ ਸਿੰਘ ਬੋਬੀ ਨੂੰ ਉਪ ਪ੍ਰਧਾਨ, ਹਰਦੀਪ ਸਿੰਘ ਐਡਵੋਕੇਟ ਨੂੰ ਜਨਰਲ ਸਕੱਤਰ ਅਤੇ ਸੁਖਵੀਰ ਸਿੰਘ ਮਾਲਵਾ ਨੂੰ ਜਾਇੰਟ ਸਕੱਤਰ, ਕਮਲਦੀਪ ਸਿੰਘ ਨੂੰ ਖਜ਼ਾਨਚੀ ਅਤੇ ਅਧਿਆਪਕ ਮਨਜੀਤ ਕੌਰ ਨੂੰ ਪੀ ਆਰ ਓ ਦੇ ਅਹੁਦੇ ਲਈ ਚੁਣਿਆ ਗਿਆ। ਇਸ ਦੌਰਾਨ ਨਵੇਂ ਚੁਣੇ ਹੋਏ ਪ੍ਰਧਾਨ ਰਵੀ ਲਖਨਪਾਲ ਨੇ ਜਾਣਕਾਰੀ ਦਿੰਦੇ ਕਿਹਾ ਕਿ ਉਹ ਕਲੱਬ ਵੱਲੋਂ ਦਿੱਤੀ ਗਈ ਇਹ ਜ਼ੁੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਸਮਾਜ ਦੀ ਭਲਾਈ ਪ੍ਰਤੀ ਤਤਪਰ ਹੋ ਕੇ ਨਿਭਾਉਣਗੇ ਤੇ ਨਾਲ ਹੀ ਉਨ੍ਹਾ ਸਮੂਹ ਕਲੱਬ ਮੈਂਬਰਾਂ ਦਾ ਧੰਨਵਾਦ ਕੀਤਾ ।

ਇਸ ਮੌਕੇ ਮੌਜੂਦ ਸਾਰੇ ਮੈਂਬਰਾ ਨੇ ਨਵੀ ਚੁਣੀ ਸਮੂਹ ਟੀਮ ਨੂੰ ਵਧਾਈ ਦਿੱਤੀ ਗਈ । ਇਸ ਮੌਕੇ ਕਰਨੈਲ ਸਿੰਘ ਮਾਲਵਾ ਅਤੇ ਰਵੀ ਲਖਨਪਾਲ (ਬਾਲਾਜੀ ਟ੍ਰੇਵਲ) ਤੋਂ ਇਲਾਵਾ ਕਲੱਬ ਡਾਇਰੈਕਟਰ ਪ੍ਰਭ ਸਿੰਘ ਡੀ.ਐਸ.ਪੀ, ਜਸਦੇਵ ਸਿੰਘ, ਪ੍ਰਿੰ. ਰਾਜਸ਼ ਮਲਹੋਤਰਾ, ਸਟੇਟ ਅਵਾਰਡੀ ਅਧਿਆਪਕ ਨਰਿੰਦਰ ਅਰੋੜਾ, ਡਾ. ਰਮਨਦੀਪ ਸਿੰਘ, ਸਕੱਤਰ ਐਡਵੋਕੇਟ ਹਰਦੀਪ ਸਿੰਘ, ਖਜ਼ਾਨਚੀ ਡਾ. ਹਰੀਸ਼ ਭਾਟੀਆ, ਰੁਪਿੰਦਰ ਸਿੰਘ, ਅਮਰਿੰਦਰ ਸਿੰਘ ਸਾਬੀ, ਸੁਖਵੀਰ ਸਿੰਘ, ਮਨਵੀਰ ਸਿੰਘ, ਪ੍ਰੇਮਪਾਲ ਸਿੰਘ, ਸੁਰਜੀਤ ਸਿੰਘ ਆਦਿ ਹਾਜ਼ਰ ਸਨ।

# ਇਨੋਸੈਂਟ ਹਾਰਟਸ ਸਕੂਲ ਦੇ ਵਿਦਿਆਰਥੀਆਂ ਦਾ 12ਵੀਂ ਜਮਾਤ ਦਾ ਨਤੀਜਾ ਸ਼ਾਨਦਾਰ



**ਜਲੰਧਰ (ਸ਼ੈਲੀ ਐਲਬਰਟ)**- ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐੱਸ.ਈ.) ਵੱਲੋਂ ਸਾਲ 2022-23 ਲਈ ਐਲਾਨੇ ਗਏ 12ਵੀਂ ਜਮਾਤ ਦੇ ਨਤੀਜਿਆਂ ਚ ਇਨੋਸੈਂਟ ਹਾਰਟਸ ਸਕੂਲ ਗ੍ਰੀਨ ਮਾਡਲ ਟਾਊਨ, ਲੋਹਾਰਾਂ ਅਤੇ ਨੂਰਪੁਰ ਰੋਡ ਦੇ ਵਿਦਿਆਰਥੀਆਂ ਨੇ ਵੱਡੀ ਸਫਲਤਾ ਹਾਸਲ ਕੀਤੀ ਹੈ, 13 ਵਿਦਿਆਰਥੀਆਂ ਨੇ 95 ਫੀਸਦੀ ਤੋਂ ਵੱਧ ਅੰਕ ਹਾਸਲ ਕੀਤੇ ਹਨ । 59 ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਵੱਧ ਅਤੇ 169 ਵਿਦਿਆਰਥੀਆਂ ਨੇ 80 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ।ਗ੍ਰੀਨ ਮਾਡਲ ਟਾਊਨ ਬ੍ਰਾਂਚ ਨਾਨ-ਮੈਡੀਕਲ ਚ ਆਸ਼ਨਾ ਸ਼ਰਮਾ ਨੇ 98.4 ਫੀਸਦੀ ਅੰਕ ਲੈ ਕੇ ਪਹਿਲਾ, ਆਯੂਸ਼ ਕਾਲੀਆ ਨੇ 96.4 ਫੀਸਦੀ ਅਤੇ ਜਯੇਸ਼ ਪੰਡਿਤ ਨੇ 96 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ । ਕਾਮਰਸ ਵਿੱਚ ਗ੍ਰੀਨ ਮਾਡਲ ਟਾਊਨ ਦੀ ਸ੍ਰਿਸ਼ਟੀ ਗੋਇਲ 96.4 ਫ਼ੀਸਦੀ ਅੰਕ ਲੈ ਕੇ ਸਕੂਲ ਵਿੱਚੋਂ ਪਹਿਲੇ, ਮਹਿਕ ਗੁਪਤਾ 95.6 ਫ਼ੀਸਦੀ ਅੰਕ ਲੈ ਕੇ ਦੂਜੇ ਅਤੇ ਅਨੀਸ਼ ਸਿੱਕਾ 95 ਫ਼ੀਸਦੀ ਅੰਕ ਲੈ ਕੇ ਤੀਜੇ ਸਥਾਨ 'ਤੇ ਰਹੀ। ਮੈਡੀਕਲ ਵਿੱਚ ਗੌਰੰਗੀ ਕੋਹਲੀ ਨੇ 95.6% ਅੰਕ ਲੈ ਕੇ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।ਸ਼੍ਰੇਆ ਮੋਹਨ ਨੇ 95.4 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਹਾਸਲ ਕੀਤਾ।ਵੰਸ਼ ਚੱਢਾ 95.2 ਫੀਸਦੀ ਅੰਕ ਲੈ ਕੇ ਸਕੂਲ ਵਿੱਚੋਂ ਤੀਜੇ ਸਥਾਨ 'ਤੇ ਰਿਹਾ । ।ਪੂਰਵੀ ਤਲਵਾੜ ਨੇ 95.8 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ ਅਤੇ ਲੋਹਾਰਾ ਬ੍ਰਾਂਚ ਕਾਮਰਸ ਵਿੱਚੋਂ ਗ਼ਜ਼ਲ ਨੇ 95.2 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ। ਹਿਊਮੈਨੀਟੀਜ਼ ਵਿੱਚ ਯਸ਼ਵੀ 94.8 ਫ਼ੀਸਦੀ ਅੰਕ ਲੈ ਕੇ ਸਕੂਲ ਵਿੱਚੋਂ ਪਹਿਲੇ ਸਥਾਨ 'ਤੇ ਰਹੀ। ਪੇਂਟਿੰਗ ਵਿੱਚ ਕੁੱਲ 8 ਵਿਦਿਆਰਥੀ, ਗਣਿਤ ਵਿੱਚ 1 ਵਿਦਿਆਰਥੀ, ਅਕਾਊਂਟਸ ਵਿੱਚ 1 ਵਿਦਿਆਰਥੀ ਅਤੇ ਕੈਮਿਸਟਰੀ ਵਿੱਚ 1 ਵਿਦਿਆਰਥੀ ਨੇ ਵੱਧ ਤੋਂ ਵੱਧ 100 ਅੰਕ ਪ੍ਰਾਪਤ ਕੀਤੇ ਹਨ।ਸਾਰੇ ਸਕੂਲਾਂ ਦੇ ਪ੍ਰਿੰਸੀਪਲਾਂ ਨੇ ਵਿਦਿਆਰਥੀਆਂ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਇਨੋਸੈਂਟ ਹਾਰਟਸ ਦੇ ਚੇਅਰਮੈਨ ਡਾ. ਅਨੂਪ ਬੌਰੀ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਇਸ ਸ਼ਾਨਦਾਰ ਸਫਲਤਾ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ ।

# ਲੋਕ ਸਭਾ ਚੋਣਾਂ 'ਚ ਸੁਸ਼ੀਲ ਕੁਮਾਰ ਰਿੰਕੂ ਨੂੰ ਵੱਡੀ ਜਿੱਤ ਪ੍ਰਾਪਤ



**ਕਰਤਾਰਪੁਰ (ਹਰਮੇਸ਼ ਦੱਤ)**- ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੇ ਲੋਕ ਸਭਾ ਚੋਣਾਂ ਵਿਚ ਬਹੁਤ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਦਾ ਮਾਣ ਵਧਾਇਆ ਹੈ ਜਿਸ ਦੇ ਚਲਦਿਆਂ ਪਿੰਡ ਦਿਆਲਪੁਰ ਦੇ ਸਰਪੰਚ ਹਰਜਿੰਦਰ ਸਿੰਘ ਰਾਜਾ ਅਤੇ ਪਾਰਟੀ ਵਰਕਰਾਂ ਨੇ ਵਿਧਾਇਕ ਬਲਕਾਰ ਸਿੰਘ ਨੂੰ ਬਹੁਤ-ਬਹੁਤ ਵਧਾਈ ਦਿੱਤੀ ਅਤੇ ਜਿੱਤ ਦੀ ਖੁਸ਼ੀ ਵਿੱਚ ਪਿੰਡ ਦਿਆਲਪੁਰ ਦੇ ਗੁਰਦੁਆਰਾ ਸਾਹਿਬ ਹਲਟੀ ਵਾਲਾ ਵਿਚ ਜਾ ਕੇ ਅਰਦਾਸ ਉਪਰੰਤ ਪ੍ਰਸ਼ਾਦ ਵੰਡਿਆ ਅਤੇ ਪਾਰਟੀ ਵਰਕਰਾਂ ਨੇ ਸਾਰੇ ਪਿੰਡ ਵਿਚ ਡੋਲ ਦੇ ਨਗਾਰੇ ਨਾਲ ਭੰਗੜੇ ਪਾਉਂਦੇ ਹੋਏ ਅਤੇ ਲੱਡੂ ਵੰਡਦੇ ਹੋਏ ਇਕ ਦੂਜੇ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ ਖੁਸ਼ੀ ਦਾ ਇਸ਼ਹਾਰ ਕੀਤਾ ਅਤੇ ਇਕ ਦੂਜੇ ਨੂੰ ਵਧਾਈ ਦਿੱਤੀ ।

# ਪੁਲਸ ਪਬਲਿਕ ਸਕੂਲ ਦਾ ਨਤੀਜਾ ਸ਼ਾਨਦਾਰ




**ਫਿਲੌਰ (ਬੀ ਐਸ ਕੈਨੇਡੀ)**-ਮਹਾਰਾਜਾ ਰਣਜੀਤ ਸਿੰਘ ਪੁਲਸ ਪਬਲਿਕ ਸਕੂਲ, ਫਿਲੌਰ ਦੇ ਵਿਦਿਆਰਥੀਆਂ ਨੇ ਸੀ.ਬੀ.ਐਸ.ਸੀ ਵੱਲੋਂ ਐਲਾਨੇ ਗਏ ਬਾਰ੍ਹਵੀਂ ਜਮਾਤ ਅਤੇ ਦਸਵੀਂ ਦੇ ਨਤੀਜਿਆਂ ਵਿੱਚ ਆਪਣੀ ਮਿਹਨਤ ਸਦਕਾ ਸ਼ਾਨਦਾਰ ਸਫਲਤਾ ਦਾ ਪ੍ਰਦਰਸ਼ਨ ਕੀਤਾ। ਬਾਰ੍ਹਵੀਂ ਜਮਾਤ ਦੇ ਸਾਇੰਸ ਸਟਰੀਮ ਵਿਚ ਵਧੀਆ ਅੰਕ ਪ੍ਰਾਪਤ ਕਰਕੇ ਦਿਸ਼ਾਂਤ ਸਿੰਘ ਨੇ ਪਹਿਲਾ, ਦਮਨਪ੍ਰੀਤ ਸਿੰਘ ਨੇ ਦੂਜਾ ਅਤੇ ਰਿਧੀ ਅਗਰਵਾਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕਾਮਰਸ ਵਿਭਾਗ ਦੀ ਖੁਸ਼ਦੀਪ ਕੌਰ ਨੇ ਪਹਿਲਾ, ਭਵਜੋਤ ਕੌਰ ਨੇ ਦੂਜਾ ਅਤੇ ਪਰਮਿੰਦਰ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕੈਮਿਸਟਰੀ 'ਚ ਦਮਨਪ੍ਰੀਤ ਸਿੰਘ ਨੇ 99 ਅੰਕ ਪ੍ਰਾਪਤ ਕੀਤੇ ਜਦਕਿ ਦਿਸ਼ਾਂਤ ਸਿੰਘ ਨੇ ਫਿਜ਼ੀਕਲ ਐਜੂਕੇਸ਼ਨ ਵਿੱਚ 96 ਅੰਕ ਅਤੇ ਫਿਜ਼ਿਕਸ ਵਿਚ 95 ਅੰਕ ਹਾਸਲ ਕੀਤੇ। ਸੰਗੀਤ 'ਚ ਰਿਧੀ ਅਗਰਵਾਲ ਅਤੇ ਮਨਮੀਤ ਕੌਰ ਨੇ 96ਅੰਕ ਪ੍ਰਾਪਤ ਕੀਤੇ, ਅੰਗਰੇਜ਼ੀ 'ਚ ਕਰਮਜੋਤ ਅਤੇ ਦਮਨਪ੍ਰੀਤ ਸਿੰਘ ਨੇ 94 ਅੰਕ ਪ੍ਰਾਪਤ ਕੀਤੇ। ਇਸ ਤੋਂ ਇਲਾਵਾ ਪੋਲੀਟੀਕਲ ਸਾਇੰਸ 'ਚ ਵਿਸ਼ਾਲ ਓਵਾਨ ਨੇ 91 ਅੰਕ ਹਾਸਲ ਕੀਤੇ। ਦਸਵੀਂ ਦਾ ਨਤੀਜਾ ਵੀ 100% ਰਿਹਾ। ਗੁਰਸਿਮਰਨ ਕੌਰ ਨੇ 90.4% ਅੰਕ ਹਾਸਲ ਕਰਕੇ ਪਹਿਲਾ, ਪ੍ਰਦੀਪ ਸਿੰਘ ਨੇ ਦੂਜਾ ਅਤੇ ਵਿਕਰਮਜੀਤ ਪਾਹਵਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਚੇਅਰਪਰਸਨ ਅਨੀਤਾ ਪੁੰਜ ਆਈ. ਪੀ. ਐਸ ਅਤੇ ਮੁੱਖ ਅਧਿਆਪਕਾ ਡਾ. ਅੰਮ੍ਰਿਤਾ ਕੁਮਾਰ ਨੇ ਵਿਦਿਆਰਥੀਆਂ ਦੀ ਇਸ ਸ਼ਾਨਦਾਰ ਸਫਲਤਾ 'ਤੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

# ਸੰਤ ਬਾਬਾ ਰਣਜੀਤ ਸਿੰਘ ਦੀ 26 ਵੀਂ ਬਰਸੀ ਮੌਕੇ ਸੰਤ ਸਮਾਗਮ ਤੇ ਕੀਰਤਨ ਦਰਬਾਰ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਪਿੰਡ ਭੋਗਪੁਰ ਵਿਖੇ ਸੰਤ ਸੇਵਕ ਜਥਾ ਸੰਤ ਬਾਬਾ ਰਣਜੀਤ ਸਿੰਘ ਸ੍ਰੀ ਗੁਰੂ ਹਰਿਗੋਬਿੰਦਗੜ੍ਹ ਭੋਗਪੁਰ, ਸਮੂਹ ਇਲਾਕਾ ਨਿਵਾਸੀਆਂ ਅਤੇ ਬਾਬਾ ਜੀ ਦੇ ਪਰਵਾਰ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦਗੜ੍ਹ ਭੋਗਪੁਰ ਪੂਜਨੀਕ ਬ੍ਰਹਮ ਗਿਆਨੀ 108 ਮਹਾਨ ਤਪੱਸਵੀ ਸੰਤ ਬਾਬਾ ਰਣਜੀਤ ਸਿੰਘ ਭੋਗਪੁਰ ਵਾਲਿਆਂ ਦੀ ਸਾਲਾਨਾ 26 ਵੀਂ ਬਰਸੀ ਮੌਕੇ ਸੰਤ ਸਮਾਗਮ ਅਤੇ ਕੀਰਤਨ ਦਰਬਾਰ ਡੇਰੇ ਦੇ ਮੁੱਖ ਸੇਵਾਦਾਰ ਜਥੇਦਾਰ ਤਲਵਿੰਦਰ ਸਿੰਘ ਬਾਬਾ ਪਰਮੇਸਰ ਸਿੰਘ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਸੰਤ ਬਾਬਾ ਤਲਵਿੰਦਰ ਸਿੰਘ, ਬਾਬਾ ਪਰਮੇਸਰ ਸਿੰਘ ਨੇ ਦੱਸਿਆ ਕਿ ਬਰਸੀ ਸਮਾਗਮ ਮੌਕੇ 6 ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਖੁੱਲ੍ਹੇ ਪੰਡਾਲ 'ਚ ਸੰਤ ਬਾਬਾ ਅਮੀਰ ਸਿੰਘ ਮੁਖੀ ਦਮਦਮੀ ਟਕਸਾਲ ਲੁਧਿਆਣਾ, ਭਾਈ ਜਗਤਾਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ, ਭਾਈ ਗੁਰਮੁਖ ਸਿੰਘ ਹੁਸ਼ਿਆਰਪੁਰ, ਭਾਈ ਹਰਜਿੰਦਰ ਸਿੰਘ ਬਿਲਾਸਪੁਰ, ਭਾਈ ਸਰੂਪ ਸਿੰਘ ਕੜਿਆਣਾ ਇੰਟਰਨੈਸ਼ਨਲ ਢਾਡੀ ਜਥਾ ਆਦਿ ਨੇ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਬਰਸੀ ਸਮਾਗਮ ਮੌਕੇ ਸੰਤ ਹਰਕਿਸ਼ਨ ਸਿੰਘ ਸੋਢੀ ਠੱਕਰਵਾਲ ਪ੍ਰਧਾਨ ਨਿਰਮਲਾ ਸੰਤ ਮੰਡਲ ਪੰਜਾਬ, ਸੰਤ ਬਾਬਾ ਗੁਰਚਰਨ ਸਿੰਘ ਬੱਡੋਂ, ਬਾਬਾ ਗੁਰਪਾਲ ਸਿੰਘ ਡੱਬਰੀ ਸਾਹਿਬ ਮੈਂਜੋਮਜਾਰਾ, ਜਥੇਦਾਰ ਦਲਜੀਤ ਸਿੰਘ ਸੋਢੀ ਮਾਹਿਲਪੁਰੀ, ਬਾਬਾ ਨਾਗਰ ਸਿੰਘ ਹਰੀਆਂ ਵੇਲਾਂ, ਸੰਤ ਬਾਬਾ ਕਸ਼ਮੀਰ ਸਿੰਘ ਨੈਕੀ ਸਾਹਿਬ ਵਾਲੇ, ਭਗਵਾਨ ਸਿੰਘ ਜੌਹਲ ਪ੍ਰਸਿੱਧ ਕਥਾਵਾਚਕ, ਸੰਤ ਬਾਬਾ ਬਲਵੰਤ ਸਿੰਘ ਹਰਖੋਵਾਲ, ਸੰਤ ਬਾਬਾ ਜਗਤਾਰ ਸਿੰਘ ਨੈਕੀ ਸਾਹਿਬ ਵਾਲੇ, ਸੰਤ ਬਾਬਾ ਸਰਵਣ ਸਿੰਘ ਜੱਬੜ, ਸੰਤ ਬਾਬਾ ਜਗਤਾਰ ਸਿੰਘ ਬਾਹੋਵਾਲ, ਜਥੇਦਾਰ ਦਲਜੀਤ ਸਿੰਘ ਬੰਗਾ, ਸੰਤ ਬਾਬਾ ਹਰਭਜਨ ਸਿੰਘ ਪੰਡੋਰੀ ਬੀਬੀ, ਬਾਬਾ ਅਜਮੇਰ ਸਿੰਘ ਬਾੜੀਆਂ, ਸੰਤ ਬਾਬਾ ਕੇਸਰ ਸਿੰਘ ਈਸਪੁਰ, ਸੰਤ ਬਾਬਾ ਰਿਸ਼ੀ ਰਾਜ ਬੰਗਾ, ਜਥੇਦਾਰ ਬਾਬਾ ਤਰਸੇਮ ਸਿੰਘ ਪਾਂਸ਼ਟਾ, ਸੰਤ ਬਾਬਾ ਸੁਰਿੰਦਰ ਸਿੰਘ ਕੰਦੋਲਾ, ਸੰਤ ਬਾਬਾ ਬਲਵੀਰ ਸਿੰਘ ਟੂਟੋਮਜਾਰਾ, ਸੰਤ ਬਾਬਾ ਕਰਮਜੀਤ ਸਿੰਘ ਮਸਤੂਆਣਾ, ਸੰਤ ਬਾਬਾ ਹਰਦੀਪ ਸਿੰਘ ਰਿਹਾਣਾ ਜੱਟਾਂ, ਜਥੇਦਾਰ ਬਾਬਾ ਕਰਮਜੀਤ ਸਿੰਘ ਪਧਿਆਣਾ ਆਦਿ ਨੇ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਜਥੇਦਾਰ ਸਰਵਣ ਸਿੰਘ ਕੁਲਾਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬੀਬੀ ਜਗੀਰ ਕੌਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਥੇਦਾਰ ਫਹਿਤ ਸਿੰਘ ਫਗਵਾੜਾ, ਜਥੇਦਾਰ ਬਲਵੀਰ ਸਿੰਘ ਫੁਗਲਾਣਾ, ਬੀਬੀ ਜਸਵਿੰਦਰ ਕੌਰ ਕਨੇਡਾ, ਕੁਲਦੀਪ ਸਿੰਘ ਕਨੇਡਾ, ਡਾ. ਗੁਰਨਾਮ ਸਿੰਘ ਰਸੂਲਪੁਰ, ਗੁਰਦਿਆਲ ਸਿੰਘ ਲੱਖਪੁਰ, ਪ੍ਰੋ. ਹਰਬੰਸ ਸਿੰਘ ਬੋਲੀਨਾ, ਜਗਤਾਰ ਸਿੰਘ ਭੁੰਗਰਨੀ, ਮੰਗਲ ਸਿੰਘ ਜਲਵੇਹੜਾ, ਜਥੇਦਾਰ ਸਰਪੰਚ ਮਨਜੀਤ ਸਿੰਘ ਰਾਜਪੁਰ ਭਾਈਆਂ, ਸੁਖਜੀਤ ਸਿੰਘ ਪਰਮਾਰ ਫਗਵਾੜਾ, ਜਰਨੈਲ ਸਿੰਘ ਵਾਹਦ, ਜਥੇਦਾਰ ਸੁਰਿੰਦਰ ਸਿੰਘ ਪਲਾਹੀ, ਬਲਵਿੰਦਰ ਸਿੰਘ ਧਾਲੀਵਾਲ ਵਿਧਾਇਕ ਫਗਵਾੜਾ, ਜੋਗਿੰਦਰ ਸਿੰਘ ਮਾਨ ਫਗਵਾੜਾ, ਹਰਜੀਤ ਸਿੰਘ ਪਰਮਾਰ, ਸਤਵੀਰ ਸਿੰਘ ਵਾਲੀਆ, ਭਾਈ ਗੁਰਭੇਜ ਸਿੰਘ ਵਾਲੀਆ, ਬਲਵੀਰ ਸਿੰਘ, ਹਰਮਨਜੀਤ ਸਿੰਘ, ਮਨਜੀਤ ਸਿੰਘ ਮਾਨਸਾ, ਗੁਰਪ੍ਰੀਤ ਸਿੰਘ ਭੋਗਪੁਰ, ਮਹਿੰਦਰ ਸਿੰਘ ਜਲੰਧਰ, ਜਥੇਦਾਰ ਗੁਰਮੁਖ ਸਿੰਘ ਜਗਜੀਤਪੁਰ, ਬਾਬਾ ਜੋਗਾ ਸਿੰਘ ਜਗਜੀਤਪੁਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ। ਇਸ ਮੌਕੇ ਠੰਢੇ ਮਿੱਠੇ ਜਲ ਦੀ ਛਬੀਲ, ਚਾਹ ਪਕੌੜੇ ਅਤੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਗਏ।

# ਪ੍ਰਧਾਨ ਮੈਹਨ ਦੀ ਅਪੀਲ 'ਤੇ ਗਊਸ਼ਾਲਾ ਨੂੰ ਤੂੜੀ ਦਾਨ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)**-ਪਿਛਲੇ ਦਿਨੀਂ ਮੰਦਰ ਸ੍ਰੀ ਬਾਬਾ ਭੂਤਨਾਥ ਅਤੇ ਗਊਸ਼ਾਲਾ (ਰਜਿ.) ਨੂਰਮਹਿਲ ਦੇ ਮੁਖੀ ਰਾਜ ਕੁਮਾਰ ਮੈਹਨ ਨੇ ਗਊਆਂ ਲਈ ਤੂੜੀ ਦਾਨ ਕਰਨ ਦੀ ਅਪੀਲ ਕੀਤੀ ਸੀ। ਇਸ ਅਪੀਲ ਨੂੰ ਮੁੱਖ ਰੱਖਦਿਆਂ ਸਤੀਸ਼ ਗੁਗਲਾਨੀ ਪੁੱਤਰ ਸਵਰਗੀ ਬਨਾਰਸੀ ਦਾਸ ਵਾਸੀ ਨੂਰਮਹਿਲ, ਹਾਲ ਨਿਵਾਸੀ ਅਮਰੀਕਾ ਨੇ ਦੋ ਭੂੰਗ ਗਾਵਾਂ ਲਈ ਤੂੜੀ ਦਾਨ ਕੀਤੀ। ਸੌਰਵ ਕੁਮਾਰ ਉਰਫ ਲਵਲੀ ਨੇ ਦੱਸਿਆ ਕਿ ਮੈਂ ਅਖਬਾਰਾਂ ਅਤੇ ਸੋਸ਼ਲ ਮੀਡੀਆ 'ਤੇ ਤੂੜੀ ਲਈ ਪ੍ਰਸਾਰਿਤ ਹੋਣ ਵਾਲੀ ਖਬਰ ਆਪਣੇ ਮਾਮਾ ਸਤੀਸ਼ ਗੁਗਲਾਨੀ ਨੂੰ ਭੇਜੀ ਸੀ, ਜਿਸ ਨੂੰ ਦੇਖਦੇ ਹੋਏ ਉਨ੍ਹਾ ਵੱਲੋਂ ਇਹ ਸੇਵਾ ਕੀਤੀ ਗਈ। ਇਸ ਮੌਕੇ ਪ੍ਰਧਾਨ ਰਾਜ ਕੁਮਾਰ ਮੈਹਨ ਨੇ ਗੁਗਲਾਨੀ ਪਰਵਾਰ ਦਾ ਧੰਨਵਾਦ ਕੀਤਾ ਤੇ ਸਤੀਸ਼ ਗੁਗਲਾਨੀ ਦੀ ਲੰਬੀ ਉਮਰ ਦੀ ਕਾਮਨਾ ਕੀਤੀ। ਪ੍ਰਧਾਨ ਨੇ ਇਕ ਵਾਰ ਫਿਰ ਸਾਰਿਆਂ ਨੂੰ ਗਊਆਂ ਦੀ ਸੇਵਾ ਲਈ ਖੁੱਲ੍ਹੇ ਦਿਲ ਨਾਲ ਦਾਨ ਕਰਨ ਦੀ ਅਪੀਲ ਕੀਤੀ ਹੈ।